
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ

# ਦੇਸ਼ ਦੁਆਬਾ

VOL - 7 ISSUE - 6
May 23, 2018
Postal Address
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

## ਅੱਠਵਾਂ ਫੀਲਡ ਹਾਕੀ ਟੂਰਨਾਮੈਂਟ ਸਫਲਤਾ ਪੂਰਵਕ ਸੰਪੰਨ

### ਵੈਸਟ ਕੋਸਟ ਕਿੰਗਜ਼ ਸਰ੍ਹੀ ਦੀ ਟੀਮ ਨੇ ਕੀਤਾ ਪਹਿਲਾ ਸਥਾਨ ਹਾਸਲ



ਟੌਪ ਡਵੀਜ਼ਨ ਵਿਚ ਪਹਿਲਾ ਸਥਾਨ ਹਾਸਲ ਕਰਨ ਵਾਲੀ ਵੈਸਟ ਕੋਸਟ ਸਰ੍ਹੀ (ਕਨੇਡਾ) ਦੀ ਹਾਕੀ ਟੀਮ ਜੇਤੂ ਟਰਾਫੀ ਨਾਲ




**ਸਟਾਕਟਨ–** ਗਦਰੀ ਬਾਬਿਆਂ ਦੀ ਧਰਤੀ ਸਟਾਕਟਨ ਵਿਖੇ ਯੂਬਾ ਬ੍ਰਦਰਜ਼ ਫੀਲਡ ਹਾਕੀ ਕਲੱਬ ਅਤੇ ਗਦਰੀ ਬਾਬੇ ਸਪੋਰਟਸ ਕਲੱਬ ਵਲੋਂ ਆਪਣਾ ਸਲਾਨਾ ਅੱਠਵਾਂ ਫੀਲਡ ਹਾਕੀ ਟੂਰਨਾਮੈਂਟ ਲੰਘੇ ਐਤਵਾਰ ਨੂੰ ਪੂਰੀ ਸ਼ਾਨੋ ਸ਼ੌਕਤ ਅਤੇ ਸਫਲਤਾ ਨਾਲ ਮੁਕੰਮਲ ਕਰਵਾਇਆ ਗਿਆ। ਮਿਤੀ 18 ਮਈ ਨੂੰ ਇਸ

(ਬਾਕੀ ਖਬਰ ਸਫਾ 22 'ਤੇ ਅਤੇ ਤਸਵੀਰਾਂ ਦੇਖੋ ਸਫਾ 12 'ਤੇ)

## ਮਲੇਸ਼ੀਆ ਸਰਕਾਰ ਵਿੱਚ ਪਹਿਲਾ ਸਿੱਖ ਕੈਬਨਿਟ ਮੰਤਰੀ ਬਣਿਆ

**ਕੁਆਲਾਲੰਪੁਰ (ਬਿਊਰੋ)–** ਮਲੇਸ਼ੀਆ ਵਿੱਚ ਭਾਰਤੀ ਮੂਲ ਦੇ ਉੱਘੇ ਵਕੀਲ ਤੇ ਸਿਆਸਤਦਾਨ ਗੋਬਿੰਦ ਸਿੰਘ ਦਿਓ ਇਸ ਮੁਸਲਿਮ ਬਹੁਗਿਣਤੀ ਮੁਲਕ ਦੇ ਇਤਿਹਾਸ ਵਿੱਚ ਪਹਿਲੇ ਸਿੱਖ ਕੈਬਨਿਟ ਮੰਤਰੀ ਬਣ ਗਏ ਹਨ। 44 ਸਾਲਾ ਸ੍ਰੀ ਦਿਓ ਜਿਨ੍ਹਾਂ ਨੂੰ ਸੰਚਾਰ ਤੇ ਮਲਟੀਮੀਡੀਆ ਮਹਿਕਮਾ ਦਿੱਤਾ ਗਿਆ ਹੈ, ਭਾਰਤੀ ਮੂਲ ਦੇ ਦੋ ਸਿਆਸਤਦਾਨਾਂ 'ਚੋਂ ਹਨ ਜਿਨ੍ਹਾਂ ਨੂੰ ਪ੍ਰਧਾਨ ਮੰਤਰੀ ਮਹਾਤਿਰ ਮੁਹੰਮਦ ਦੇ ਮੰਤਰੀ ਮੰਡਲ ਵਿੱਚ ਥਾਂ ਦਿੱਤੀ ਗਈ ਹੈ। ਦੂਜੇ ਭਾਰਤੀ ਮੂਲ ਦੇ ਵਕੀਲ ਡੈਮੋਕਰੇਟਿਕ ਐਕਸ਼ਨ ਪਾਰਟੀ (ਡੀਏਪੀ) ਦੇ ਐਮ ਕੁਲਾਸੇਗਰਾਨ ਹਨ ਜਿਨ੍ਹਾਂ ਨੂੰ ਮਨੁੱਖੀ ਸਰੋਤ ਮੰਤਰਾਲਾ ਦਿੱਤਾ ਗਿਆ ਹੈ। 61 ਸਾਲਾ ਕੁਲਾਸੇਗਰਾਨ ਡੀਏਪੀ ਦੇ ਕੌਮੀ ਮੀਤ ਪ੍ਰਧਾਨ ਹਨ ਤੇ ਪੇਰਾਕ ਵਿੱਚ ਇਪੋਹ ਬਾਰਾਤ ਹਲਕੇ ਤੋਂ ਨੁਮਾਇੰਦਗੀ ਕਰਦੇ ਹਨ।



ਸ੍ਰੀ ਦਿਓ ਮਲੇਸ਼ੀਆਈ ਪਾਰਲੀਮੈਂਟ ਵਿੱਚ ਪੁਚੌਂਗ ਹਲਕੇ ਦੀ ਨੁਮਾਇੰਦਗੀ ਕਰਦੇ ਹਨ ਤੇ ਮਲੇਸ਼ੀਆ ਦੇ ਵਕੀਲ ਤੇ ਸਿਆਸਤਦਾਨ ਮਰਹੂਮ ਕਰਪਾਲ ਸਿੰਘ ਦੇ ਪੁੱਤਰ ਹਨ। ਉਨ੍ਹਾਂ ਕੱਲ੍ਹ ਮੰਤਰੀ ਵਜੋਂ ਅਹੁਦਾ ਸੰਭਾਲਿਆ ਸੀ। ਉਹ ਪਹਿਲੀ ਵਾਰ 2008 ਵਿੱਚ ਪਾਰਲੀਮੈਂਟ ਲਈ ਚੁਣੇ ਗਏ ਸਨ ਤੇ 2013 ਵਿੱਚ ਪਾਰਲੀਮੈਂਟ ਦੇ ਹੇਠਲੇ ਸਦਨ ਲਈ ਦੁਬਾਰਾ ਚੁਣੇ ਗਏ ਸਨ। ਇਸ ਵਾਰ ਉਨ੍ਹਾਂ 47635 ਵੋਟਾਂ ਦੇ ਫ਼ਰਕ ਨਾਲ ਸੀਟ ਜਿੱਤੀ ਹੈ। ਮੀਰੀ ਇੰਡੀਅਨ ਐਸੋਸੀਏਸ਼ਨ ਦੇ ਪ੍ਰਧਾਨ ਤੇ ਕਾਊਂਸਲਰ ਕਰਮਬੀਰ ਸਿੰਘ ਨੇ ਬੋਰਨੀਓ ਪੋਸਟ ਨਾਲ ਗੱਲਬਾਤ ਕਰਦਿਆਂ ਕਿਹਾ '' ਪੰਜਾਬੀ ਭਾਈਚਾਰੇ ਦੇ ਮੈਂਬਰ ਗੋਬਿੰਦ ਸਿੰਘ ਨੂੰ ਕੈਬਨਿਟ ਵਿੱਚ ਸ਼ਾਮਲ ਕਰਨਾ ਚੰਗੀ ਗੱਲ ਹੈ। ਇਹ ਸਾਡੇ ਭਾਈਚਾਰੇ ਲਈ ਮਾਣ ਤੇ ਖ਼ੁਸ਼ੀ ਦਾ ਮੌਕਾ ਹੈ ਤੇ ਮਲੇਸ਼ੀਆਈ ਸਮਾਜ ਵਿੱਚ ਪੰਜਾਬੀ ਭਾਈਚਾਰੇ ਦੀ ਭੱਲ ਦਾ ਪ੍ਰਤੀਕ ਵੀ ਹੈ। ਮਲੇਸ਼ੀਆ ਵਿੱਚ ਸਿੱਖਾਂ ਦੀ ਕਰੀਬ ਇਕ ਲੱਖ ਆਬਾਦੀ ਹੈ। ਦੇਸ਼ ਦੇ ਬਾਦਸ਼ਾਹ ਸੁਲਤਾਨ ਮੁਹੰਮਦ ਦੀ ਪ੍ਰਧਾਨਗੀ ਹੇਠ ਸ਼ਾਹੀ ਮਹਿਲ ਵਿੱਚ ਹੋਏ ਇਕ ਸਮਾਗਮ ਦੌਰਾਨ ਕੁੱਲ 13 ਫੈਡਰਲ ਮੰਤਰੀਆਂ ਨੂੰ ਅਹੁਦੇ ਦੀ ਸਹੁੰ ਚੁਕਾਈ ਗਈ।

## ਅਮਰੀਕਾ ਦੀ ਸੁਪਰੀਮ ਕੋਰਟ ਗੁਜਰਾਤ ਦੇ ਪਿੰਡ ਵਾਸੀਆਂ ਦੀ ਅਪੀਲ 'ਤੇ ਸੁਣਵਾਈ ਲਈ ਤਿਆਰ

**ਵਾਸ਼ਿੰਗਟਨ (ਬਿਊਰੋ)––** ਅਮਰੀਕਾ ਦੀ ਸੁਪਰੀਮ ਕੋਰਟ ਨੇ ਕੌਮਾਂਤਰੀ ਫਾਇਨਾਂਸ ਕਾਰਪੋਰੇਸ਼ਨ ਵਿਰੁੱਧ ਪਟੀਸ਼ਨ ਨੂੰ ਸਵੀਕਾਰ ਕਰ ਲਿਆ ਹੈ ਜੋ ਭਾਰਤ ਦੇ ਗੁਜਰਾਤ ਸੂਬੇ ਵਿੱਚ ਪਾਵਰ ਪਲਾਂਟ ਲਈ ਫੰਡ ਮੁਹ–ਈਆ ਕਰਵਾ ਰਿਹਾ ਹੈ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਇਸ ਨਾਲ ਉਨ੍ਹਾਂ ਦੇ ਪਿੰਡ ਦਾ ਵਾਤਾਵਰਨ ਤਬਾਹ ਹੋ ਜਾਵੇਗਾ। ਸੁਪਰੀਮ ਕੋਰਟ ਨੇ ਕਿਹਾ, ''ਪਟੀਸ਼ਨ ਮਨਜ਼ੂਰ'' ਇਸ ਕੇਸ ਦੀ ਸੁਣਵਾਈ ਅਗਲੇ ਸੈਸ਼ਨ ਅਕਤੂਬਰ ਦੇ ਸ਼ੁਰੂ ਵਿੱਚ ਕੀਤੀ ਜਾਵੇਗੀ।



ਵਾਸ਼ਿੰਗਟਨ ਡੀਸੀ ਦਾ ਇਹ ਕੌਮਾਂਤਰੀ ਫਾਇਨਾਂਸ ਕਾਰਪੋਰੇਸ਼ਨ ਜੋ ਵਿਸ਼ਵ ਬੈਂਕ ਦਾ ਫਾਇਨਾਂਸ ਵਿੰਗ ਹੈ, ਗੁਜਰਾਤ ਵਿਚਲੇ ਇਸ ਪ੍ਰਾਜੈਕਟ ਲਈ 45 ਕਰੋੜ ਅਮਰੀਕੀ ਡਾਲਰ ਦੇ ਫੰਡ ਮੁਹੱਈਆ ਕਰਵਾ ਰਿਹਾ ਹੈ। ਕੱਛ ਜ਼ਿਲ੍ਹੇ ਦੇ ਬੁੱਧ ਇਸਮੇਲ ਜਾਮ ਪਿੰਡ ਦੇ ਵਾਸੀਆਂ ਸਮੇਤ ਕਿਸਾਨਾਂ ਅਤੇ ਮਛੇਰਿਆਂ ਨੇ ਸ਼ਿਕਾਇਤ ਕੀਤੀ ਸੀ ਕਿ ਟੂੰਡਾ ਪਿੰਡ ਦੇ ਟਾਟਾ ਮੁੰਦਰਾ ਪਾਵਰ ਪਲਾਂਟ ਵਿੱਚ ਬਲਦੇ ਕੋਲੇ ਨਾਲ ਪਿੰਡਾਂ ਦਾ ਵਾਤਾਵਰਣ ਤਬਾਹ ਹੋ ਰਿਹਾ ਹੈ। ਪਿੰਡ ਵਾਸੀਆਂ ਨੇ ਪਹਿਲਾਂ ਸਥਾਨਕ ਅਦਾਲਤ ਤੇ ਫਿਰ ਸੁਪਰੀਮ ਕੋਰਟ ਤਕ ਪਹੁੰਚ ਕੀਤੀ ਜਿਸ ਤੋਂ ਬਾਅਦ ਇਹ ਮਾਮਲਾ ਅਮਰੀਕਾ ਦੀ ਸੁਪਰੀਮ ਕੋਰਟ ਤਕ ਪੁੱਜ ਗਿਆ।


MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(CST# 2122162-50)
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823

Sandeep Jony Bagga


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


BERKSHIRE HATHAWAY
Home Services
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828


LIC# 01959890
Independently Owned & Operated
Jiwan Rattu
Jiwan.realtor@gmail.com
Realtor2081 Arena Boulevard Suite # 100
Sacramento, CA 95834
RE/MAX GOLD
Cell: (703) 546-6755, Office: (916) 285-1000, Fax: (916) 285-1010
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook. rajasweetsandcatering
Follow us on Twitter rajasweets


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash
FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ
Like us on Facebook | Follow us on Instagram


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com

# ਅਕਾਲ ਤਖ਼ਤ ਵੱਲੋਂ ਸਿੱਖ ਸੈਂਸਰ ਬੋਰਡ ਕਾਇਮ

**ਅੰਮ੍ਰਿਤਸਰ–** ਅਕਾਲ ਤਖਤ ਨੇ ਸਿੱਖ ਧਰਮ 'ਤੇ ਆਧਾਰਤ ਬਣਨ ਵਾਲੀਆਂ ਫਿਲਮਾਂ ਦੀ ਘੋਖ ਲਈ ਸਿੱਖ ਵਿਦਵਾਨਾਂ ਦਾ 21 ਮੈਂਬਰੀ ਸਿੱਖ ਸੈਂਸਰ ਬੋਰਡ ਸਥਾਪਤ ਕਰਨ ਦਾ ਐਲਾਨ ਕੀਤਾ ਹੈ। ਇਹ ਬੋਰਡ ਅਜਿਹੀਆਂ ਫਿਲਮਾਂ ਨੂੰ ਘੋਖਣ ਮਗਰੋਂ ਆਪਣੀ ਰਿਪੋਰਟ ਅਕਾਲ ਤਖ਼ਤ ਵਿਖੇ ਦੇਵੇਗਾ ਅਤੇ ਮਗਰੋਂ ਤਖ਼ਤ ਵੱਲੋਂ ਸਬੰਧਤ ਫ਼ਿਲਮ ਨੂੰ ਪ੍ਰਵਾਨਗੀ ਦਿੱਤੀ ਜਾਵੇਗੀ।



ਇਸ 21 ਮੈਂਬਰੀ ਸਿੱਖ ਸੈਂਸਰ ਬੋਰਡ ਵਿੱਚ ਸ਼ਾਮਲ ਵਿਦਵਾਨਾਂ ਦੇ ਮੈਂਬਰਾਂ ਦੇ ਨਾਵਾਂ ਦਾ ਐਲਾਨ ਕਰਦਿਆਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਫਿਲਮ ਨਿਰਮਾਤਾਵਾਂ ਅਤੇ ਹੋਰਨਾਂ ਨੂੰ ਆਖਿਆ ਕਿ ਸਿੱਖ ਧਰਮ ਨਾਲ ਸਬੰਧਤ ਕੋਈ ਵੀ ਫਿਲਮ, ਨਾਟਕ ਆਦਿ ਬਣਾਉਣ ਤੋਂ ਪਹਿਲਾਂ ਅਕਾਲ ਤਖ਼ਤ ਤੋਂ ਪ੍ਰਵਾਨਗੀ ਹਾਸਲ ਕੀਤੀ ਜਾਵੇ। ਉਨ੍ਹਾਂ ਆਖਿਆ ਕਿ ਸਿੱਖ ਸੈਂਸਰ ਬੋਰਡ ਅਜਿਹੀਆਂ ਫਿਲਮਾਂ, ਨਾਟਕਾਂ, ਡਰਾਮਿਆਂ ਆਦਿ ਵਿਚ ਸਿੱਖ ਇਤਿਹਾਸ, ਵਿਰਾਸਤ, ਮਰਿਆਦਾ ਆਦਿ ਨਾਲ ਸਬੰਧਤ ਦ੍ਰਿਸ਼ਾਂ ਨੂੰ ਮੁਕੰਮਲ ਤੌਰ 'ਤੇ ਘੋਖੇਗਾ ਅਤੇ ਉਸ ਦੀ ਰਿਪੋਰਟ ਮੁਤਾਬਕ ਹੀ ਅਕਾਲ ਤਖ਼ਤ ਵੱਲੋਂ ਪ੍ਰਵਾਨਗੀ ਦਿੱਤੀ ਜਾਵੇਗੀ। ਉਨ੍ਹਾਂ ਆਖਿਆ ਕਿ ਪਹਿਲਾਂ ਸਿੱਖ ਧਰਮ ਸਬੰਧੀ ਬਣੀਆਂ ਫਿਲਮਾਂ ਆਦਿ ਵਿਚ ਸਿੱਖ ਗੁਰੂ ਸਾਹਿਬਾਨ, ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਰੋਲ ਨਿਭਾਉਣ ਅਤੇ ਸਿੱਖ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਕਾਰਨ ਕਈ ਵਾਰ ਵਿਵਾਦ ਪੈਦਾ ਹੋਇਆ ਹੈ, ਜਿਸ ਨੂੰ ਰੋਕਣ ਲਈ ਸਿੱਖ ਸੈਂਸਰ ਬੋਰਡ ਦੀ ਸਥਾਪਨਾ ਕੀਤੀ ਗਈ ਹੈ। ਸਿੱਖ ਸੈਂਸਰ ਬੋਰਡ ਦੇ ਕੋਆਰਡੀਨੇਟਰ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਮੀਤ ਸਕੱਤਰ ਸਿਮਰਜੀਤ ਸਿੰਘ ਨੂੰ ਬਣਾਇਆ ਗਿਆ ਹੈ। ਬੋਰਡ ਦੇ ਮੈਂਬਰਾਂ ਵਿੱਚ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਮਾਨ ਸਿੰਘ, ਅੰਤ੍ਰਿੰਗ ਕਮੇਟੀ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਹਰਦੀਪ ਸਿੰਘ ਮੁਹਾਲੀ, ਬੀਬੀ ਕਿਰਨਜੋਤ ਕੌਰ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ, ਦਿੱਲੀ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਪਰਮਜੀਤ ਸਿੰਘ, ਦਮਦਮੀ ਟਕਸਾਲ ਵਲੋਂ ਗਿਆਨੀ ਪਰਮਿੰਦਰ ਸਿੰਘ, ਸਾਬਕਾ ਜਥੇਦਾਰ ਜਸਬੀਰ ਸਿੰਘ ਰੋਡੇ, ਨਿਹੰਗ ਸਿੰਘ ਜਥੇਬੰਦੀ ਬੁੱਢਾ ਦਲ ਵਲੋਂ ਗਿਆਨੀ ਰੇਸ਼ਮ ਸਿੰਘ, ਬਾਬਾ ਨਾਗਰ ਸਿੰਘ ਚੱਬੇਵਾਲ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਤੋਂ ਪ੍ਰਤਾਪ ਸਿੰਘ, ਗੁਰਦੁਆਰਾ ਦੁਖ ਨਿਵਾਰਨ ਸਾਹਿਬ ਲੁਧਿਆਣਾ ਤੋਂ ਪ੍ਰਿਤਪਾਲ ਸਿੰਘ, ਡਾ. ਬਲਕਾਰ ਸਿੰਘ ਪਟਿਆਲਾ, ਡਾ. ਇੰਦਰਜੀਤ ਸਿੰਘ ਗੋਗੋਆਣੀ, ਪ੍ਰੋ. ਅਮਰਜੀਤ ਸਿੰਘ (ਦੋਵੇਂ) ਅੰਮ੍ਰਿਤਸਰ, ਡਾ. ਗੁਰਮੀਤ ਸਿੰਘ ਸਿੱਧੂ ਪੰਜਾਬੀ ਯੂਨੀਵਰਸਿਟੀ, ਪ੍ਰੋ. ਸਰਬਜੀਤ ਸਿੰਘ ਖੇਤੀਬਾੜੀ ਯੂਨੀਵਰਸਿਟੀ, ਡਾ. ਸਰਬਜਿੰਦਰ ਸਿੰਘ ਲੁਧਿਆਣਾ, ਡਾ. ਹਰਪਾਲ ਸਿੰਘ ਪਨੂੰ ਅਤੇ ਸਾਬਕਾ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ ਸ਼ਾਮਲ ਹਨ।

# ਚੋਣ ਪ੍ਰਚਾਰ ਵਾਸਤੇ ਮੁੱਖ ਮੰਤਰੀ ਲਈ ਏਸੀ. ਰੱਥ ਤਿਆਰ

**ਜਲੰਧਰ–** ਸ਼ਾਹਕੋਟ ਉਪ ਚੋਣ ਲਈ ਚੋਣ ਪ੍ਰਚਾਰ ਦੇ ਆਖਰੀ ਦਿਨ 26 ਮਈ ਨੂੰ ਤਿੰਨਾਂ ਪ੍ਰਮੁੱਖ ਪਾਰਟੀਆਂ ਵੱਲੋਂ ਰੋਡ ਸ਼ੋਅ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਇਨ੍ਹਾਂ ਵਿੱਚ ਸੱਤਾਧਾਰੀ ਧਿਰ ਕਾਂਗਰਸ ਪਾਰਟੀ ਵੱਲੋਂ ਕੀਤੇ ਜਾਣ ਵਾਲੇ ਰੋਡ ਸ਼ੋਅ ਵਿੱਚਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸ਼ਾਮਲ ਹੋਣ ਲਈ ਵਿਸ਼ੇਸ਼ ਏਅਰ ਕੰਡੀਸ਼ਨਰ ਰੱਥ ਤਿਆਰ ਕੀਤਾ ਜਾ ਰਿਹਾ ਹੈ।

ਜਾਣਕਾਰੀ ਅਨੁਸਾਰ 26 ਮਈ ਤੱਕ ਗਰਮੀ ਹੋਰ ਵਧਣ ਦੀਆਂ ਸੰਭਾਵਨਾਵਾਂ ਨੂੰ ਦੇਖਦਿਆਂ ਮੁੱਖ ਮੰਤਰੀ ਵਾਸਤੇ ਵਿਸ਼ੇਸ਼ ਬੱਸ ਤਿਆਰ ਕੀਤੀ ਜਾ ਰਹੀ ਹੈ। ਕਾਂਗਰਸ ਵੱਲੋਂ ਪਹਿਲਾਂ ਹੀ 10 ਮੰਤਰੀ ਸ਼ਾਹਕੋਟ ਹਲਕੇ ਵਿਚ ਚੋਣ ਪ੍ਰਚਾਰ ਵਿਚ ਡਟੇ ਹੋਏ ਹਨ। ਆਖਰੀ ਦਿਨਾਂ 'ਚ ਪੰਜਾਬ ਕਾਂਗਰਸ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਵੀ ਚੋਣ ਪ੍ਰਚਾਰ ਲਈ ਪਹੁੰਚਣਗੇ। ਮੁੱਖ ਮੰਤਰੀ ਲਈ ਤਿਆਰ ਕੀਤੀ ਜਾ ਰਹੀ ਵਿਸ਼ੇਸ਼ ਬੱਸ ਵਿਚ ਕਾਂਗਰਸ ਵੱਲੋਂ ਪੰਜਾਬ ਦੇ ਹਿੱਤ ਵਿਚ ਕੀਤੇ ਗਏ ਕੰਮਾਂ ਨੂੰ ਦਰਸਾਉਂਦੇ ਹੋਰਡਿੰਗ ਲਾਏ ਜਾ ਰਹੇ ਹਨ।

26 ਮਈ ਨੂੰ ਹੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਕੀਤੇ ਜਾਣ ਵਾਲੇ ਸ਼ਕਤੀ ਪ੍ਰਦਰਸ਼ਨ ਦੀ ਅਗਵਾਈ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਕਰਨਗੇ। ਆਮ ਆਦਮੀ ਪਾਰਟੀ ਦੇ ਚੋਣ ਪ੍ਰਚਾਰ 'ਚ ਪੱਛੜ ਜਾਣ ਦੇ ਬਾਵਜੂਦ ਵੀ ਉਨ੍ਹਾਂ ਨੂੰ ਹੁਲਾਰਾ ਦੇਣ ਲਈ ਦਿੱਲੀ ਤੋਂ ਉਪ ਮੁੱਖ ਮੰਤਰੀ ਮੁਨੀਸ਼ ਸ਼ਸ਼ੋਧੀਆ ਉਚੇਚੇ ਤੌਰ 'ਤੇ ਆ ਰਹੇ ਹਨ।

### ਸਾਬਕਾ ਥਾਣੇਦਾਰ ਨਸ਼ਾ ਛੁਡਾਊ ਕੇਂਦਰ 'ਚ ਸੁਣਦਾ ਹੈ ਪਾਠ

ਸ਼ਾਹਕੋਟ ਤੋਂ ਕਾਂਗਰਸੀ ਉਮੀਦਵਾਰ ਹਰਦੇਵ ਸਿੰਘ ਲਾਡੀ ਨੂੰ ਸਿਆਸੀ ਸੰਕਟ ਵਿੱਚ ਪਾਉਣ ਵਾਲੇ ਮਹਿਤਪੁਰ ਦੇ ਸਾਬਕਾ ਐਸ.ਐਚ.ਓ. ਇੰਸਪੈਕਟਰ ਪਰਮਿੰਦਰ ਸਿੰਘ ਬਾਜਵਾ ਦਾ ਡੋਪ ਟੈਸਟ ਨੈਗੇਟਿਵ ਆਇਆ ਹੈ।

ਉਹ ਪਿਛਲੇ ਨੌਂ ਦਿਨਾਂ ਤੋਂ ਸਿਵਲ ਹਸਪਤਾਲ ਦੇ ਨਸ਼ਾ ਛੁਡਾਊ ਕੇਂਦਰ ਵਿੱਚ ਦਾਖਲ ਹੈ। ਉਸ ਦਾ ਇਲਾਜ ਕਰ ਰਹੇ ਡਾਕਟਰ ਨੇ ਇਸ ਦੀ ਪੁਸ਼ਟੀ ਕੀਤੀ ਹੈ। ਸਿਵਲ ਹਸਪਤਾਲ ਵਿੱਚ ਮਨੋਰੋਗ ਵਿਭਾਗ ਦੇ ਮੁਖੀ ਡਾ. ਨਿਰਦੋਸ਼ ਗੋਇਲ ਨੇ ਦੱਸਿਆ ਕਿ ਪਰਮਿੰਦਰ ਸਿੰਘ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਜ਼ਰੂਰ ਹੈ।

ਹੁਣ ਉਹ ਮਾਨਸਿਕ ਪ੍ਰੇਸ਼ਾਨੀਆਂ ਵਿੱਚੋਂ ਉਭਰ ਰਿਹਾ ਹੈ ਤੇ ਠੀਕ ਹੋ ਰਿਹਾ ਹੈ। ਉਸ ਦਾ ਇਲਾਜ ਕਰਨ ਵਾਲੀ ਡਾਕਟਰਾਂ ਦੀ ਟੀਮ ਨੇ ਦੱਸਿਆ ਕਿ ਉਹ ਠੀਕ ਤਰ੍ਹਾਂ ਖਾਣਾ ਵੀ ਖਾ ਰਿਹਾ ਹੈ ਤੇ ਸੌਂ ਵੀ ਰਿਹਾ ਹੈ। ਉਹ ਧਾਰਮਿਕ ਕਿਤਾਬਾਂ ਪੜ੍ਹਦਾ ਹੈ ਤੇ ਗੁਰਬਾਣੀ ਸੁਣਦਾ ਹੈ।

ਉਸ ਨੂੰ ਮਿਲਣ ਵਾਲਿਆਂ ਵਿੱਚ ਸਿਰਫ ਉਸ ਦੇ ਪਰਿਵਾਰ ਨੂੰ ਹੀ ਆਗਿਆ ਦਿੱਤੀ ਗਈ ਹੈ। ਡਾਕਟਰਾਂ ਅਨੁਸਾਰ ਅਜੇ ਦੋ ਹਫ਼ਤੇ ਉਸ ਨੂੰ ਹਸਪਤਾਲ ਵਿੱਚ ਹੋਰ ਰੱਖਿਆ ਜਾਵੇਗਾ।




FARMERS
INSURANCE
Auto, Home, Business,
Commercial, Rental,
Workecomp, Life, Health etc.
Manjit Kaur Insurance Agency
Cell: 916-412-5222 Email: mkaur@farmersagent.com
Tel: 916-550-0318 Fax: 916-891-5109
7651 Daly Ave, Suite Sacramento CA 95842
COVERED CALIFORNIA

Buying, Selling any Kind of Real Estate or just need friendly advice call
DALVIR 'DIL' NIJJAR
Realtor,
Lic # 01418648
RE/MAX



2081 Arena Blvd. @ 100
Sacramento CA 95835
916-628-2210
Dil.realtor@gmail.com


# ਯੂਪੀਐੱਸਈ ਪ੍ਰੀਖਿਆ: ਨਵੇਂ ਨਿਯਮਾਂ ਦਾ ਰਾਹੁਲ ਤੇ ਮਮਤਾ ਵੱਲੋਂ ਵਿਰੋਧ

**ਨਵੀਂ ਦਿੱਲੀ–** ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਵਿਦਿਆਰਥੀਆਂ ਨੂੰ 'ਜਾਗਣ' ਦਾ ਸੁਨੇਹਾ ਦਿੰਦਿਆਂ ਕਿਹਾ ਹੈ ਕਿ ਉਨ੍ਹਾਂ ਦਾ ਭਵਿੱਖ ਖ਼ਤਰੇ ਵਿੱਚ ਹੈ ਕਿਉਂਕਿ ਪ੍ਰਧਾਨ ਮੰਤਰੀ ਸਿਵਿਲ ਸੇਵਾਵਾਂ ਪ੍ਰੀਖਿਆ ਦੀ ਮੈਰਿਟ ਸੂਚੀ ਵਿੱਚ ਛੇੜਛਾੜ ਕਰਕੇ ਆਰਐੱਸਐੱਸ ਦੇ ਵੱਲੋਂ ਚੁਣੇ ਉਮੀਦਵਾਰਾਂ ਨੂੰ ਕੇਂਦਰੀ ਸੇਵਾਵਾਂ ਵਿੱਚ ਨਿਯੁਕਤ ਕਰਨਾ ਚਾਹੁੰਦਾ ਹੈ। ਇਸ ਦੌਰਾਨ ਹੀ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਵੀ ਸਿਵਲ ਸੇਵਾਵਾਂ ਪ੍ਰੀਖਿਆ ਦੇ ਨਿਯਮਾਂ ਵਿੱਚ ਤਬਦੀਲੀ ਦਾ ਵਿਰੋਧ ਕੀਤਾ ਹੈ। ਉਨ੍ਹਾਂ ਇਸ ਕਦਮ ਨੂੰ ਗੈਰਸੰਵਿਧਾਨਕ ਕਰਾਰ ਦਿੱਤਾ ਹੈ।

ਪ੍ਰੀਖਿਆ ਸਬੰਧੀ ਆਲ ਇੰਡੀਆ ਪੱਧਰ ਦਾ ਟੈਸਟ ਪਾਸ ਕਰਨ ਬਾਅਦ ਚੁਣੇ ਜਾਂਦੇ ਵਿਦਿਆਰਥੀਆਂ ਦੀ ਨੌਕਰੀਆਂ ਲਈ ਚੋਣ ਲਈ ਨਿਯਮਾਂ ਵਿੱਚ ਤਬਦੀਲੀ ਬਾਰੇ ਪ੍ਰਧਾਨ ਮੰਤਰੀ ਦਫਤਰ ਵੱਲੋਂ ਜਾਰੀ ਪੱਤਰ ਤੋਂ ਬਾਅਦ ਰਾਹੁਲ ਗਾਂਧੀ ਨੇ ਟਵਿੱਟਰ ਉੱਤੇ ਜਾਰੀ ਕੀਤੇ ਮੈਸੇਜ ਵਿੱਚ ਕਿਹਾ ਹੈ,' ਵਿਦਿਆਰਥੀਓ ਜਾਗੋ, ਤੁਹਾਡਾ ਭਵਿੱਖ ਜੋਖਿਮ ਵਿੱਚ ਹੈ। ਤੁਹਾਡੇ ਹੱਕਾਂ ਉੱਤੇ ਆਰਐੱਸਐੱਸ ਡਾਕਾ ਮਾਰਨਾ ਚਾਹੁੰਦਾ ਹੈ। ਹੇਠਾਂ ਦਿੱਤੇ ਪੱਤਰ ਤੋਂ ਪਤਾ ਚੱਲਦਾ ਹੈ ਕਿ ਪ੍ਰਧਾਨ ਮੰਤਰੀ ਮੈਰਿਟ ਸੂਚੀ ਵਿੱਚ ਛੇੜਛਾੜ ਕਰਕੇ ਰੈਂਕਿੰਗ ਦੀ ਥਾਂ ਆਪਣਾ ਏਜੰਡਾ ਲਾਗੂ ਕਰਕੇ ਆਰ ਐੱਸ ਐੱਸ ਦੀ ਪਸੰਦ ਦੇ ਉਮੀਦਵਾਰਾਂ ਨੂੰ ਨੌਕਰੀਆਂ ਲਈ ਚੁਣਨਾ ਚਾਹੁੰਦਾ ਹੈ।' ਹੈਸ਼ਟੈਗ ਰਾਹੀਂ ਟਿੱਪਣੀ ਕਰਦਿਆਂ 'ਬਾਏ ਬਾਏ ਯੂਪੀਐੱਸਸੀ' ਸਿਰਲੇਖ ਨਾਲ ਰਾਹੁਲ ਗਾਂਧੀ ਨੇ ਪ੍ਰਸੋਨਲ ਮੰਤਰਾਲੇ ਵੱਲੋਂ ਜਾਰੀ ਪੱਤਰ ਦੀ ਕਾਪੀ ਲਾਈ ਹੈ, ਜਿਸ ਵਿੱਚ ਪ੍ਰਧਾਨ ਮੰਤਰੀ ਦਫਤਰ ਵੱਲੋਂ ਜਾਰੀ ਤਜ਼ਵੀਜ ਦਾ ਜ਼ਿਕਰ ਕੀਤਾ ਗਿਆ ਹੈ।


SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES
SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
2680 N TRACY BLVD, SUITE 4, TRACY, CA 95376

# ਫਰਿਜ਼ਨੋ, ਕੈਲੇਫੋਰਨੀਆ ਵਿਚ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਦਾ ਯੂਥ ਅਕਾਲੀ ਆਗੂਆਂ ਵੱਲੋਂ ਗੋਲਡ ਮੈਡਲ ਨਾਲ ਸਨਮਾਨ

**ਫਰਿਜ਼ਨੋ, ਕੈਲੇਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਸ਼੍ਰੋਮਣੀ ਅਕਾਲੀ ਦਲ ਯੂਥ ਅਕਾਲੀ ਦਲ ਵੈਸਟ ਕੋਸਟ ਵੱਲੋਂ ਫਰਿਜ਼ਨੋ ਸਿਟੀ ਕੈਲੇਫੋਰਨੀਆ ਵਿਚ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਦਾ ਗੋਲਡ ਮੈਡਲ ਦੇ ਕੇ ਸਨਮਾਨਿਤ ਕੀਤਾ ਅਤੇ ਭਰਵਾਂ ਸਵਾਗਤ ਕੀਤਾ ਗਿਆ, ਵਿਸ਼ੇਸ਼ ਮੁਲਾਕਾਤ ਕੀਤੀ ਗਈ। ਅਕਾਲੀ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨਾਲ ਯੂਥ ਆਗੂਆਂ ਵੱਲੋਂ ਭਰਵੀਂ ਮੀਟਿੰਗ ਦੌਰਾਨ ਅਮਰੀਕਾ 'ਚ ਪਾਰਟੀ ਨੂੰ ਮਜਬੂਤ ਕਰਨ ਲਈ ਕਈ ਵਿਚਾਰਾਂ ਵੀ ਹੋਈਆਂ। ਇਸ ਮੌਕੇ ਅਕਾਲੀ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੇ ਯੂਥ ਆਗੂਆਂ ਦੀਆਂ ਸਰਗਰਮੀਆਂ ਤੇ ਕੀਤੇ ਜਾ ਰਹੇ ਸਮਾਜਿਕ ਕਾਰਜਾਂ ਦੀ ਭਰਪੂਰ ਪ੍ਰਸੰਸਾ ਵੀ ਕੀਤੀ। ਸ਼੍ਰੋਮਣੀ ਅਕਾਲੀ ਦਲ ਦੇ ਵੈਸਟ ਕੋਸਟ ਅਮਰੀਕਾ ਕੈਲੇਫੋਰਨੀਆ ਦੇ ਯੂਥ ਆਗੂਆਂਨੇ ਸ. ਪ੍ਰੇਮ ਸਿੰਘ ਚੰਦੂਮਾਜਰਾ ਦੇ ਸਵਾਗਤ ਸਮੇਂ ਸ. ਅਰਵਿੰਦਰ ਸਿੰਘ ਲਾਖਨ, ਸ. ਰਵਿੰਦਰ ਸਿੰਘ ਬੋਇਲ, ਸ. ਪਰਵਿੰਦਰ ਪਾਲ ਸਿੰਘ ਰਾਠੌਰ, ਸ. ਸ਼ੇਰ ਸਿੰਘ ਚੌਹਾਨ, ਸ. ਸਤਬੀਰ ਸਿੰਘ ਹੀਰ, ਸ. ਭੁਪਿੰਦਰ ਸਿੰਘ ਜਾਡਲਾ, ਰਾਣਾ ਨਰਦੇਵ ਸਿੰਘ, ਕੁਲਦੀਪ ਸਿੰਘ ਬੰਬਲੀ ਹੁੰਦਲ, ਧਰਮਿੰਦਰ ਸਿੰਘ, ਕਮਲਜੀਤ ਸਿੰਘ, ਅਮਰਿੰਦਰ ਸਿੰਘ, ਹਰਪ੍ਰੀਤ ਸਿੱਧੂ, ਇੰਦਰਜੀਤ ਸਿੰਘ ਨਾਗਰਾ, ਅਮਨ ਸਿੱਧੂ, ਜਸਵਿੰਦਰ ਪਰਮਾਰ, ਸੋਨੂੰ ਪਰਮਾਰ, ਪਰਵਿੰਦਰ ਪਰਮਾਰ, ਗੋਪੀ, ਪਵਨ ਰਾਠੌਰ, ਅਕਸ ਰਾਠੌਰ, ਬੂਟਾ ਬਾਸੀ, ਗੁਰਮੀਤ ਗਾਜੀਆਣਾ, ਬੰਟੀ ਚੌਹਾਨ, ਸੋਨੂੰ ਰਾਠੌਰ, ਅਮਰੀਕ ਰਾਠੌਰ ਹਾਜ਼ਰ ਸਨ।






ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਵਲੋਂ ਨਾਟਕ 'ਗ਼ਦਰ–ਗਾਥਾ' ਦਾ ਨਿਊਆਰਕ ਸਿਟੀ ਵਿਚ ਰਿਲੀਜ਼ ਸਮਾਗਮ।

# ਪ੍ਰਸਿੱਧ ਰੰਗਕਰਮੀ ਅਤੇ ਸ਼੍ਰੋਮਣੀ ਨਾਟਕਕਾਰ ਦਵਿੰਦਰ ਦਮਨ ਨੌਰਥ ਅਮਰੀਕਾ ਦਾ ਸਭਿਆਚਾਰਕ ਦੌਰਾ ਪੂਰਾ ਕਰਕੇ ਵਾਪਸ ਭਾਰਤ ਪਰਤਣਗੇ




**ਡੈਂਟਨ (ਟੈਕਸਾਸ)–** ਪ੍ਰਸਿੱਧ ਰੰਗਕਰਮੀ ਅਤੇ ਸ਼੍ਰੋਮਣੀ ਨਾਟਕਕਾਰ ਦਵਿੰਦਰ ਦਮਨ ਅਪਣਾ ਤਿੰਨ ਮਹੀਨੇ ਦਾ ਨੌਰਥ ਅਮਰੀਕਾ ਦਾ ਸਭਿਆਚਾਰਕ ਦੌਰਾ ਪੂਰਾ ਕਰਕੇ ਵਾਪਿਸ ਭਾਰਤ ਪਰਤ ਰਹੇ ਹਨ। ਇਸ ਦੌਰੇ ਦੌਰਾਨ ਉਹਨਾਂ ਹਾਲੀਵੁੱਡ ਵਿਚ ਅਪਣੀ ਅੰਗਰੇਜੀ ਫਿਲਮ 'ਜਨਵਰੀ' ਦੇ ਪੋਸਟ ਪ੍ਰੋਡਕਸ਼ ਦਾ ਕੰਮ ਪੂਰਾ ਕੀਤਾ। ਸੰਤਾ ਕਲਾਰਾ ਅਤੇ ਯੂ.ਐਨ.ਟੀ ਯੂਨੀਵਰਸਟੀਆਂ ਦੇ ਥੀਏਟਰ ਵਿਭਾਗਾਂ ਦਾ ਦੌਰਾ ਕੀਤਾ। ਡੈਲਸ ਵਿਚ ਐਕਟਿੰਗ ਵਰਕਸ਼ਾਪ ਲਾਈ। ਕੈਲੀਫੋਰਨੀਆ ਅਤੇ ਟੈਕਸਾਸ ਵਿਚ ਦੋ ਨਵੀਆਂ ਰੰਗਮੰਚ ਮੰਡਲੀਆਂ ਦਾ ਸੰਗਠਨ ਕੀਤਾ। ਇਸ ਸਮੇਂ ਦੌਰਾਨ ਹੀ ਉਹਨਾਂ ਦਾ ਨਵਾਂ ਨਾਟਕ ਗ਼ਦਰ–ਗਾਥਾ, ਵਿਸ਼ਵ ਸਾਹਿਤ ਅਕਾਦਮੀ ਕੈਲੀਫੋਰਨੀਆ ਵਲੋਂ ਨਿਊਆਰਕ ਸਿਟੀ ਵਿਖੇ ਰਲੀਜ਼ ਕੀਤਾ ਗਿਆ। ਇਸ ਮੌਕੇ ਤੇ ਪਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਹਨਾਂ ਦਸਿਆ ਕਿ ਪਰਵਾਸੀ ਪੰਜਾਬੀਆਂ ਵਿਚ ਰੰਗਮੰਚ ਪ੍ਰਤੀ ਨਵਾਂ ਰੁਝਾਨ ਵਿਕਸਿਤ ਹੋਇਆ ਹੈ। ਉਹਨਾਂ ਨੂੰ ਬਹੁਤ ਸਾਰੇ ਦੇਸ਼ਾਂ ਵਿਚੋਂ ਨਵੇਂ ਰੰਗਮੰਚ ਗਰੁੱਪਾਂ ਦੀ ਉਸਾਰੀ ਕਰਨ ਅਤੇ ਐਕਟਿੰਗ ਵਰਕਸ਼ਾਪਾਂ ਆਯੋਜਿਤ ਕਰਨ ਲਈ ਸੱਦੇ ਆ ਰਹੇ ਹਨ। 2019 ਵਿਚ ਉਹਨਾਂ ਵਲੋਂ ਆਸਟਰੇਲੀਆ ਦੇ ਕੁਝ ਸ਼ਹਿਰਾਂ ਵਿਚ ਰੰਗਮੰਚ ਸੰਗਠਿਤ ਕਰਨ ਦੀ ਤਜਵੀਜ਼ ਹੈ।

**ਜਾਰੀ ਕਰਤਾ : ਅਵਤਾਰ ਅਵੀ, ਪ੍ਰੈੱਸ ਸਕੱਤਰ**



In Hollywood Film JANUARY in the character of an Indian Psychologist.



Davinder Daman is in Denton, Texas. During an Acting Workshop YOGIC WAY OF ACTING organised by the Dialogue Asian-American Center for Cinema, Stage & Visual Anthropology, the prominent theater & cinema actor Maria who helped me to conduct workshopsas language interpreter.

# ਪਰਿਵਾਰਕ ਸੁਖ-ਸ਼ਾਂਤੀ ਲਈ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਕਰਵਾਏ

ਯੂਬਾ ਸਿਟੀ– ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰੂ ਘਰ ਦੇ ਅਨਿਨ ਸ਼ਰਧਾਲੂ ਪਰਿਵਾਰ ਸ. ਰੇਸ਼ਮ ਸਿੰਘ ਕਾਜਲਾ



ਵੱਲੋਂ ਆਪਣੇ ਬੇਟੇ ਸਟੀਫਨ ਸਿੰਘ ਕਾਜਲਾ ਦੀ ਦੇਹ ਅਰੋਗਤਾ ਲਈ ਮਿਤੀ 18, 19, 20 ਮਈ ਦਿਨ ਸ਼ੁੱਕਰਵਾਰ, ਸ਼ਨਿ- ਚਰਵਾਰ, ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਕਰਵਾਏ ਗਏ, ਜਿਸ ਵਿਚ 18 ਮਈ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ, ਜਿਹਨਾਂ ਦੇ ਭੋਗ 20 ਮਈ ਦਿਨ ਐਤਵਾਰ ਨੂੰ ਪਾਝੇ ਗਏ। ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ, ਬੀਬੀ ਲੋਚਨਾ ਰਾਏ, ਭਾਈ ਸਾਹਿਬ ਭਾਈ ਹੀਰਾ ਸਿੰਘ ਜੀ ਨੇ ਗੁਰਬਾਣੀ ਕੁਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ। ਭਾਈ ਸਤਨਾਮ ਸਿੰਘ ਜੀ, ਭਾਈ ਗੁਰਦੀਪ ਸਿੰਘ ਹੀਰਾ ਜੀ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਈ। ਭਾਈ ਹੀਰਾ ਨੇ ਆਪਣੀਆਂ ਕਵਿਤਾਵਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨੇ ਸ੍ਰੀ ਰੇਸ਼ਮ ਸਿੰਘ ਕਾਜਲਾ ਜੀ ਨੂੰ ਸਿਰੋਪਾਓ ਬਖਸ਼ਿਸ਼ ਕੀਤੇ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।





With Prof. Barbra, former head of Theatre Department of Santa Clara University of California.

# ਪਿੰਡਾਂ 'ਚ ਦਲਿਤ ਬੱਚਿਆਂ ਦੇ ਆਧੁਨਿਕ ਨਾਂ ਰੱਖਣ 'ਤੇ ਹੁੰਦੀ ਹੈ ਕੁੱਟਮਾਰ

**ਬੁੰਦੇਲਖੰਡ–** ਸਰਵੇ ਵਿਚ ਸ਼ਾਮਲ ਸਾਰੇ ਪਿੰਡਾਂ ਵਿਚ ਦਲਿਤਾਂ ਦੇ ਨਾਲ ਛੂਤਛਾਤ ਦੀ ਪ੍ਰੰਪਰਾ ਹੈ। 50 ਫੀਸਦੀ ਪਿੰਡਾਂ ਵਿਚ ਦਲਿਤ ਬੱਚਿਆਂ ਦੇ ਆਧੁਨਿਕ ਨਾਂ ਰੱਖਣ 'ਤੇ ਗੈਰ ਦਲਿਤ ਉਹਨਾਂ ਨਾਲ ਕੁੱਟਮਾਰ ਕਰ ਦਿੰਦੇ ਹਨ।

ਬੁੰਦੇਲਖੰਡ ਵਿਚ ਸਭ ਤੋਂ ਜ਼ਿਆਦਾ ਛੂਆਛਾਤ ਹੈ। ਚਾਈਲਡ ਰਾਈਟ ਆਬਜ਼ਰਵੇਟਰੀ ਦੀ ਪ੍ਰਧਾਨ ਨਿਰਮਲਾ ਦਾ ਕਹਿਣਾ ਹੈ ਕਿ ਸਕੂਲਾਂ ਵਿਚ ਹੋਣ ਵਾਲੇ ਮਾੜੇ ਵਿਵਹਾਰ ਅਤੇ ਭੇਦਭਾਵ ਕਰਕੇ ਕਈ ਹੋਣਹਾਰ ਦਲਿਤ ਬੱਚੇ ਵਿਚੋਂ ਹੀ ਪੜ੍ਹਾਈ ਛੱਡ ਦਿੰਦੇ ਹਨ।

ਅੰਕੜੇ ਦੱਸਦੇ ਹਨ ਕਿ ਪੜ੍ਹਾਈ ਵਿਚ ਹੁਸ਼ਿਆਰ ਹੋਣ ਤੋਂ ਬਾਅਦ ਵੀ ਦਲਿਤ ਬੱਚਿਆਂ ਨੂੰ ਸਕੂਲ ਵਿਚ ਸਭ ਤੋਂ ਪਿੱਛੇ ਬੈਠਣ ਲਈ ਮਜਬੂਰ ਕੀਤਾ ਜਾਂਦਾ ਹੈ।

# ਲਾਇਬ੍ਰੇਰੀ ਨੂੰ ਕੀਤੀਆਂ ਕਿਤਾਬਾਂ ਭੇਟ



**ਮੁਕਤਸਰ–** ਰੁੱਖ ਕੁੱਖ ਅਤੇ ਪਾਣੀ ਬਚਾਓ ਅਭਿਆਨ ਤਹਿਤ ਬ੍ਰਾਹਮਣ ਸਭਾ ਸ਼੍ਰੀ ਮੁਕਤਸਰ ਵੱਲੋਂ ਗੌ. ਹਾਇਰ ਸੈਕੰ. ਸਕੂਲ (ਲੜਕੀਆਂ) ਵਿਖੇ ਇਕ ਸੈਮੀਨਾਰ ਦੌਰਾਨ ਜਿਥੇ ਵਿਰਸੇ ਦੇ ਲੇਖਕ ਜਸਵੀਰ ਸ਼ਰਮਾ ਦੱਦਾਹੂਰ ਨੇ ਭਰੂਣ ਹੱਤਿਆ ਤੇ ਵੈਰਗ ਮਈ ਆਪਣੀ ਹੀ ਲਿਖੀ ਹੋਈ ਰਚਨਾ ਤਰੰਨਮ ਵਿਚ ਗਾ ਕੇ ਜਿਥੇ ਬਹੁਤ ਵਾਹ ਵਾਹ ਖੱਟੀ ਓਥੇ ਆਪਣੇ ਵਿਰਸੇ ਦੇ ਖਜ਼ਾਨੇ ਚੋਂ ਆਪਣੀਆਂ ਤਿੰਨ ਪੁਸਤਕਾਂ"ਵਿਰਸੇ ਦੀ ਖੁਸ਼ਬੋ" "ਵਿਰਸੇ ਦੀ ਸੌਗਾਤ"ਕਾਵਿ ਸੰਗ੍ਰਿਹ ਤੇ ਇਕ ਵਾਰਤਕ ਦੀ ਪੁਸਤਕ"ਪੰਜਾਬੀ ਵਿਰਸੇ ਦੀਆਂ ਅਨਮੁੱਲੀਆਂ ਯਾਦਾਂ" ਜੋ ਕਿ 24-5-2018 ਨੂੰ ਰਲੀਜ਼ ਹੋਣੀ ਹੈ ਸਕੂਲ ਦੀ ਲਾਇਬ੍ਰੇਰੀ ਨੂੰ ਭੇਟ ਕੀਤੀਆਂ!ਇਸ ਸਮੇਂ ਜਿਥੇ ਸਮੁੱਚਾ ਬ੍ਰਾਹਮਣ ਭਾਈਚਾਰਾ ਹਾਜਿਰ ਸੀ ਓਥੇ ਜਿਲਾ ਸਿਖਿਆ ਅਫਸਰ ਮਾਨਯੋਗ ਮਲਕੀਤ ਸਿੰਘ ਖੋਸਾ, ਸਕੂਲ ਪ੍ਰਿੰਸੀਪਲ ਤੇ ਸਮੁੱਚਾ ਸਟਾਫ ਹਾਜਰ ਸੀ! ਜਸਵੀਰ ਸ਼ਰਮਾ ਦੱਦਾਹੂਰ ਨੇ ਕਿਹਾ ਕਿ ਮੇਰੀਆਂ ਇਨਾਂ ਤਿੰਨਾਂ ਪੁਸਤਕਾਂ ਵਿਚ ਹੀ ਪੁਰਾਤਨ ਵਿਰਸੇ ਨਾਲ ਸਬੰਧਿਤ ਬਹੁਤ ਸਾਰੀਆਂ ਰਚਨਾਵਾਂ ਹਨ ਜਿਨਾਂ ਨੂੰ ਪੜ੍ਹ ਕੇ ਬੱਚੇ ਆਪਣੇ ਪੁਰਖਿਆਂ ਦੇ ਜੀਵਨ ਜਾਚ ਉਨਾਂ ਦੇ ਰਹਿਣ ਸਹਿਣ ਤੇ ਸਾਦਾ ਖਾਣ ਪਾਣ ਦਾ ਸਹਿਜੇ ਹੀ ਅੰਦਾਜਾ ਲਾਕੇ ਉਨਾਂ ਨੂੰ ਆਪਣੀ ਜ਼ਿੰਦਗੀ ਵਿਚ ਢਾਲਕੇ ਅਜੋਕੀ ਤੜਕ ਫੜਕ ਵਾਲੀ ਰਹਿਣੀ ਸਹਿਣੀ ਤੇ ਅਜੋਕੇ ਬਹੁਤ ਭੜਕੀਲੇ ਫੈਸ਼ਨ ਤੇ ਅਜੋਕੇ ਬਹੁਤ ਹੀ ਮਸਾਲਿਆਂ ਵਾਲੇ ਪੀਜੇ ਬਰਗਰਾਂ ਨੂੰ ਤਿਆਗ ਦਿਓ।


## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**1-916-947-8920 (ਫੋਨ), 1-916-238-1393 (ਫੈਕਸ)**

**E-mail : deshdoaba@yahoo.com**

www.deshdoaba.com www.ambedkartimes.com

# ਨਿਊਯਾਰਕ ਪੁਲਿਸ 'ਚ ਪਹਿਲੀ ਦਸਤਾਰਧਾਰੀ ਮਹਿਲਾ ਸ਼ਾਮਿਲ ਹੋਈ, ਸਿੱਖ ਭਾਈਚਾਰੇ 'ਚ ਖ਼ੁਸ਼ੀ ਦੀ ਲਹਿਰ





**ਨਿਊਯਾਰਕ (ਰਾਜ ਗੋਗਨਾ)–** ਅਮਰੀਕਾ ਦੇ ਨਿਊਯਾਰਕ ਪੁਲਿਸ 'ਚ ਪਹਿਲੀ ਵਾਰਂ ਇਕ ਦਸਤਾਰਧਾਰੀ ਮਹਿਲਾ ਸ਼ਾਮਲ ਹੋਈ ਹੈ। ਜੋ ਸਹਾਇਕ ਅਧਿਕਾਰੀ ਬਣੀ ਇਹ ਸਿੱਖ ਮਹਿਲਾ ਗੁਰਸੋਚ ਕੌਰ ਹੈ ਜੋ ਦਸਤਾਰ ਸਜਾ ਕੇ ਹੀ ਆਪਣੀਆਂ ਸੇਵਾਵਾਂ ਦੇਵੇਗੀ। ਇਸ 'ਤੇ ਸਮੂਹ ਸਿੱਖ ਭਾਈਚਾਰੇ 'ਚ ਕਾਫੀ ਖ਼ੁਸ਼ੀ ਦੀ ਲਹਿਰ ਹੈ। ਗੁਰਸੋਚ ਕੌਰ ਦੀ ਨਿਯੁਕਤੀ 'ਤੇ ਭਾਰਤ ਦੇ ਮਨਿਸਟਰ ਸਟੇਟ ਫਾਰ ਹਾਊਸਿੰਗ ਐਂਡ ਅਰਬਨ ਅਫੇਅਰਜ ਦੇ ਹਰਦੀਪ ਸਿੰਘ ਪੁਰੀ ਅਤੇ ਜੰਮੂ ਐਂਡ ਕਸਮੀਰ ਦੇ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਵੀ ਟਵੀਟ ਕਰਦਿਆਂ ਕਿਹਾ,''ਇਹ ਇਤਿਹਾਸਕ ਮੌਕਾ ਹੈ। ਗੁਰਸੋਚ ਕੌਰ ਦੇ ਪੁਲਿਸ 'ਚ ਆਉਣ ਨਾਲ ਅਮਰੀਕੀ ਲੋਕਾਂ ਨੂੰ ਸਿੱਖ ਧਰਮ ਦੀ ਪਹਿਚਾਣ ਨੂੰ ਸਮਝਣ ਅਤੇ ਸਹੀ ਧਾਰਣਾ ਬਣਾਉਣ 'ਚ ਮਦਦ ਮਿਲੇਗੀ।' ਯਾਦ ਰਹੇ ਕਿ ਇਸ ਤੋ ਪਹਿਲੇ ਵੀ ਨਿਊਯਾਰਕ ਚ'170 ਦੇ ਕਰੀਬ ਸਿੱਖ ਪੁਲਿਸ 'ਚ ਆਪਣੀਆਂ ਸੇਵਾਵਾਂ ਦੇ ਰਹੇ ਹਨ।



ਸੰਤ ਰਾਮਾਨੰਦ ਜੀ ਡੇਰਾ ਸੱਚਖੰਡ ਬੱਲਾਂ (ਜਲੰਧਰ) ਦੀ 9ਵੀ ਬਰਸੀ ਮਈ 27, 2018 ਨੂੰ ਗੁਰੂਘਰ ਵਿਖੇ ਮਨਾਈ ਜਾਵੇਗੀ. ਇਸ ਮੋਕੇ ਪਾਠ ਸ੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਉਪਰੰਤ ਕੀਰਤਨ ਦੀਵਾਨ ਸਜਾਏ ਜਾਣਗੇ।
ਆਪ ਸਭ ਸੰਗਤ ਦਰਸ਼ਨ ਦੇਣ ਦੀ ਕਿਰਪਾਲਤਾ ਕਰਨਾ ਜੀ.

**ਸਥਾਨ**
**ਸ੍ਰੀ ਗੁਰੂ ਰਵਿਦਾਸ ਟੈਂਪਲ**
**ਰਿਉ ਲਿੰਡਾ**
6221 16th St.,
Rio Linda, CA 95673

**ਸੇਵਾ ਅਤੇ ਯੋਗਦਾਨ ਲਈ ਸੰਪਰਕ ਕਰੋ ਜੀ:**

**ਸ਼ੀ ਗਿਆਨ ਚੰਦ ਕਾਜਲਾ (916) 459-7020**

**ਸ਼ੀ ਕੇਵਲ ਬੋਲੀਨਾ (916) 548-8902**

**ਸ਼ੀ ਸੁਖ ਰਾਮ ਚੰਦੜ (916) 494-4694**

# ਹੇਮਕੁੰਟ ਸਾਹਿਬ ਦੀ ਯਾਤਰਾ ਸ਼ੁਰੂ: ਗੁਰਦੁਆਰਾ ਰਿਸ਼ੀਕੇਸ਼ ਤੋਂ ਪਹਿਲਾ ਜਥਾ ਰਵਾਨਾ

**ਅੰਮ੍ਰਿਤਸਰ–** ਉਤਰਾਖੰਡ ਸਥਿਤ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ ਲਈ ਰਿਸ਼ੀਕੇਸ਼ ਸਥਿਤ ਗੁਰਦੁਆਰੇ ਤੋਂ ਸ਼ਰਧਾਲੂਆਂ ਦਾ ਪਹਿਲਾ ਜਥਾ ਰਵਾਨਾ ਹੋਇਆ ਹੈ, ਜਿਸ ਨੂੰ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਖਾਲਸਾਈ ਰਵਾਇਤਾਂ ਮੁਤਾਬਕ ਜੈਕਾਰਿਆਂ ਦੀ ਗੂੰਜ ਵਿੱਚ ਰਵਾਨਾ ਕੀਤਾ। ਲਗਭਗ 15 ਹਜ਼ਾਰ ਫੁੱਟ ਦੀ ਉਚਾਈ 'ਤੇ ਸਥਾਪਤ ਗੁਰਦੁਆਰਾ ਹੇਮਕੁੰਟ ਸਾਹਿਬ ਦੇ ਕਿਵਾੜ 25 ਮਈ ਨੂੰ ਸਾਲਾਨਾ ਯਾਤਰਾ ਲਈ ਖੋਲ੍ਹੇ ਜਾਣਗੇ ਅਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾਵੇਗਾ, ਜਿਸ ਵਾਸਤੇ ਸਿੱਖ ਸ਼ਰਧਾਲੂਆਂ ਦਾ ਜਥਾ ਗੁਰਦੁਆਰਾ ਰਿਸ਼ੀਕੇਸ਼ ਤੋਂ ਰਵਾਨਾ ਹੋਇਆ ਹੈ। ਰਵਾਨਗੀ ਤੋਂ ਪਹਿਲਾਂ ਗੁਰਦੁਆਰੇ ਵਿੱਚ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਗੁਰਬਾਣੀ ਦਾ ਕੀਰਤਨ ਕੀਤਾ ਗਿਆ। ਕੀਰਤਨ ਕਰਨ ਵਾਲਿਆਂ ਵਿੱਚ ਰਾਗੀ ਜਥਿਆਂ ਤੋਂ ਇਲਾਵਾ ਹੇਮਕੁੰਟ ਸਾਹਿਬ ਟਰਸੱਟ ਦੇ ਬਾਲ ਵਿਦਿਆਲਿਆ ਦੇ ਵਿਦਿਆਰਥੀ ਵੀ ਸ਼ਾਮਲ ਸਨ, ਜਿਨ੍ਹਾਂ ਨੇ ਤੰਤੀ ਸਾਜ਼ਾਂ ਨਾਲ ਕੀਰਤਨ ਕੀਤਾ। ਗੁਰਦੁਆਰਾ ਰਿਸ਼ੀਕੇਸ਼ ਦੇ ਮੈਨੇਜਰ ਦਰਸ਼ਨ ਸਿੰਘ ਨੇ ਦੱਸਿਆ ਕਿ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਇਸ ਮੌਕੇ ਜਥੇ ਦੀ ਰਵਾਨਗੀ ਲਈ ਸ਼ਰਧਾਲੂਆਂ ਨੂੰ ਸ਼ੁਭਕਾਮਨਾਵਾਂ ਭੇਟ ਕੀਤੀਆਂ। ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਇਤਿਹਾਸ 'ਤੇ ਚਾਨਣਾ ਪਾਇਆ ਅਤੇ ਗੁਰਦੁਆਰੇ ਦੇ ਇਤਿਹਾਸ ਤੋਂ ਵੀ ਸੰਗਤ ਨੂੰ ਜਾਣੂ ਕਰਵਾਇਆ। ਇਸ ਮੌਕੇ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰਸੱਟ ਦੇ ਮੀਤ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ, ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਤੇ ਹੋਰ ਸਿੱਖ ਆਗੂ ਹਾਜ਼ਰ ਸਨ। ਅੱਜ ਲਗਭਗ ਹਜ਼ਾਰ ਤੋਂ ਵੱਧ ਸਿੱਖ ਸ਼ਰਧਾਲੂਆਂ ਦਾ ਜਥਾ ਰਵਾਨਾ ਹੋਇਆ ਹੈ। ਇਹ ਸ਼ਰਧਾਲੂ ਬੀਤੀ ਰਾਤ ਗੁਰਦੁਆਰਾ ਸ੍ਰੀਨਗਰ ਵਿਖੇ ਠਹਿਰਾਅ ਕਰਨਗੇ ਅਤੇ ਅਗਲੇ ਦਿਨ ਗੁਰਦੁਆਰਾ ਗੋਬਿੰਦਘਾਟ ਪੁੱਜਣਗੇ। ਗੁਰਦੁਆਰਾ ਗੋਬਿੰਦਘਾਟ ਦੇ ਮੈਨੇਜਰ ਸੇਵਾ ਸਿੰਘ ਨੇ ਦੱਸਿਆ ਕਿ ਯਾਤਰਾ ਦੀ ਸ਼ੁਰੂਆਤ ਮੌਕੇ ਅੱਜ ਅਖੰਡ ਪਾਠ ਆਰੰਭ ਕੀਤੇ ਗਏ ਹਨ ਅਤੇ 24 ਮਈ ਨੂੰ ਭੋਗ ਪਾਏ ਜਾਣਗੇ, ਜਿਸ ਤੋਂ ਬਾਅਦ ਯਾਤਰੂ ਗੋਬਿੰਦ ਧਾਮ ਲਈ ਰਵਾਨਾ ਹੋਣਗੇ। ਉਨ੍ਹਾਂ ਦਸਿਆ ਕਿ 25 ਮਈ ਨੂੰ ਯਾਤਰੂ ਗੁਰਦੁਆਰਾ ਹੇਮਕੁੰਟ ਸਾਹਿਬ ਪੁੱਜਣਗੇ, ਜਿਥੇ ਸਵੇਰੇ ਦਸ ਵਜੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾਵੇਗਾ, ਸੁਖਮਨੀ ਸਾਹਿਬ ਦਾ ਪਾਠ ਹੋਵੇਗਾ ਅਤੇ ਪਹਿਲੀ ਅਰਦਾਸ ਕੀਤੀ ਜਾਵੇਗੀ। ਇਸ ਮੌਕੇ ਪੰਜ ਹਜ਼ਾਰ ਤੋਂ ਵੱਧ ਸ਼ਰਧਾਲੂ ਪੁੱਜਣ ਦੀ ਉਮੀਦ ਹੈ। ਉਨ੍ਹਾਂ ਦਸਿਆ ਕਿ ਯਾਤਰਾ ਸਬੰਧੀ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਗੋਬਿੰਦਧਾਮ ਤੋਂ ਹੇਮਕੁੰਟ ਸਾਹਿਬ ਤੱਕ ਸਮੁੱਚਾ ਰਸਤਾ ਵੀ ਤਿਆਰ ਹੋ ਗਿਆ ਹੈ। ਅਟਲਾ ਕੋਟੀ ਗਲੇਸ਼ੀਅਰ ਨੂੰ ਕੱਟ ਕੇ ਵਿਚਾਲੇ ਯਾਤਰਾ ਵਾਸਤੇ ਰਸਤਾ ਤਿਆਰ ਕੀਤਾ ਗਿਆ ਹੈ। ਹੇਮਕੁੰਟ ਸਾਹਿਬ ਵਿਖੇ ਵੀ ਗੁਰਦੁਆਰੇ ਦੇ ਆਲੇ-ਦੁਆਲੇ ਬਰਫ ਹਟਾ ਦਿੱਤੀ ਗਈ ਹੈ। ਸਰੋਵਰ ਵਿੱਚ ਵੀ ਕੁਝ ਥਾਂ ਤੋਂ ਬਰਫ ਹਟਾਈ ਗਈ ਹੈ ਤਾਂ ਜੋ ਸ਼ਰਧਾਲੂ ਇੱਥੇ ਇਸ਼ਨਾਨ ਕਰ ਸਕਣ।



# ਸੁਸ਼ੀਲ ਕੁਮਾਰੀ ਦਾ ਸਵਰਗਵਾਸ, ਪਰਿਵਾਰ ਨੂੰ ਗਹਿਰਾ ਸਦਮਾ

**ਸੈਨਹੋਜ਼ੇ–** ਪਿਛਲੇ 20 ਸਾਲਾਂ ਤੋਂ ਸੈਨਹੋਜ਼ੇ ਰਹਿ ਰਹੇ ਸੁਸ਼ੀਲ ਕੁਮਾਰੀ ਪਤਨੀ ਸਵਰਗੀ ਬਲਦੇਵ ਸਿੰਘ ਬੀਤੀ 18 ਮਈ 2018 ਨੂੰ ਸਵਰਗ ਸਿਧਾਰ ਗਏ। ਉਹ ਆਪਣੇ ਪਿੱਛੇ ਚਾਰ ਲੜਕੀਆਂ ਅਤੇ ਜਵਾਈ, 7 ਦੋਹਤੇ ਅਤੇ 1 ਦੋਹਤੀ ਦਾ ਹਸਦਾ-ਵੱਸਦਾ ਪਰਿਵਾਰ ਛੱਡ ਗਏ। ਉਹਨਾਂ ਦਾ ਅੰਤਿਮ ਸਸਕਾਰ 24 ਮਈ ਨੂੰ ਦੁਪਹਿਰ 1.30 ਵਜੇ ਤੋਂ 3.30 ਵਜੇ ਤੱਕ ਚੈਪਲ ਆਫ ਚਾਈਮ ਹੇਵਰਡ ਵਿਖੇ ਹੋਵੇਗਾ ਅਤੇ ਅੰਤਿਮ ਅਰਦਾਸ ਇਸੇ ਦਿਨ ਸ਼ਾਮੀ 4 ਵਜੇ ਤੋਂ 6 ਵਜੇ ਤੱਕ ਸੈਨਹੋਜ਼ੇ ਗੁਰੂ ਘਰ ਵਿਖੇ ਹੋਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਅਤੇ ਹੋਰ ਜਾਣਕਾਰੀ ਲਈ ਸੰਪਰਕ ਕਰੋ ਗੁਰਮੀਤ ਸਿੰਘ 408-390-2370 ਜਾਂ ਜਸਪਾਲ ਸਿੰਘ 408-393-9505

# ਸਵ. ਮਾਤਾ ਸੋਮਾ ਰਾਣੀ ਧੀਰ ਦੀ ਬਰਸੀ ਮੌਕੇ ਵਿਸ਼ਾਲ ਸਤਿਸੰਗ ਦਾ ਆਯੋਜਨ ਕੀਤਾ

## ਇਸ ਮੌਕੇ ਧੀਰ ਪਰਿਵਾਰ ਵੱਲੋਂ ਪ੍ਰੀਖਿਆ ਵਿਚੋਂ 85% ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਵੀ ਸਨਮਾਨਿਤ ਕੀਤਾ ਗਿਆ








**ਜੈਤੋ–** ਮਾਤਾ ਸੋਮਾ ਰਾਣੀ ਧੀਰ ਜੋ ਕਿ 19 ਮਈ, 2007 ਨੂੰ ਬ੍ਰਹਮਲੀਨ ਹੋ ਗਏ ਸਨ। ਉਹ ਬਹੁਤ ਹੀ ਨੇਕ ਦਿਲ, ਸ਼ਹਿਨਸ਼ੀਲਤਾ, ਨਿਮਰਤਾ 'ਤੇ ਪ੍ਰੇਮ ਪਿਆਰ ਦੀ ਮੂਰਤ ਸਨ। ਉਹ ਨਸੀਬ ਚੰਦ ਧੀਰ ਜਲਾਲ ਵਾਲਿਆਂ ਦੀ ਪਤਨੀ, ਜੈਤੋ ਦੇ ਸੀਨੀਅਰ ਪੱਤਰਕਾਰ ਅਸ਼ੋਕ ਧੀਰ, ਮਾਸਟਰ ਕਸ਼ਮੀਰੀ ਲਾਲ ਦੀ ਮਾਤਾ, ਅਧਿਆਪਕ ਪ੍ਰਮੋਦ ਧੀਰ, ਸੁਧੀਰ ਧੀਰ ਅਤੇ ਅਵਨੀਸ਼ ਧੀਰ ਦੇ ਦਾਦੀ ਜੀ ਸਨ। ਉਹ ਸ਼ੁਰੂ ਤੋਂ ਹੀ ਧਾਰਮਿਕ ਬਿਰਤੀ, ਪਾਠ ਪੂਜਾ, ਸੇਵਾ ਭਾਵਨਾ ਅਤੇ ਦਾਨ ਕਰਨ ਦੇ ਆਦਿ ਸਨ। ਅੱਜ ਉਹਨਾਂ ਦੀ ਯਾਦ ਵਿੱਚ ਗਿਆਰਵੀਂ ਬਰਸੀ ਮੌਕੇ ਧੀਰ ਪਰਿਵਾਰ ਵੱਲੋਂ ਸੰਤ ਨਿਰੰਕਾਰੀ ਸਤਿਸੰਗ ਭਵਨ ਜੈਤੋ ਵਿਖੇ ਵਿਸ਼ਾਲ ਸਤਿਸੰਗ ਦਾ ਆਯੋਜਨ ਕੀਤਾ ਗਿਆ। ਜਿਸ ਦੀ ਪ੍ਰਧਾਨਗੀ ਕਰਦੇ ਹੋਏ ਵਿਸ਼ੇਸ਼ ਤੌਰ ਤੇ ਪਹੁੰਚੇ ਪ੍ਰਚਾਰਕ ਸੰਤ ਸਤਪਾਲ ਸਿੰਘ ਜੀ ਕੋਟਕਪੂਰਾ ਨੇ ਫਰਮਾਇਆ ਕਿ ਜਿਸ ਵੀ ਇਨਸਾਨ ਨੇ ਜਨਮ ਲਿਆ ਹੈ ਹਰੇਕ ਦੀ ਮੌਤ ਅਟੱਲ ਹੈ ਪਰ ਜੋ ਇਨਸਾਨ ਇਸ ਜੀਵਨ ਵਿੱਚ ਨਿਰੰਕਾਰ ਪ੍ਰਮਾਤਮਾ ਦੀ ਜਾਣਕਾਰੀ ਹਾਸਲ ਕਰਕੇ ਗੁਰਮਤ ਅਨੁਸਾਰ ਜੀਵਨ ਬਤੀਤ ਕਰਦਾ ਹੈ ਉਹ ਹੀ ਇਸ ਜੀਵਨ ਦਾ ਅਸਲੀ ਆਨੰਦ ਪ੍ਰਾਪਤ ਕਰ ਸਕਦਾ ਹੈ ਅਤੇ ਬ੍ਰਹਮਲੀਨ ਮਾਤਾ ਸੋਮਾ ਰਾਣੀ ਧੀਰ ਜੀ ਆਪਣੇ ਜਿਉਂਦੇ ਜੀਅ ਇਸ ਪ੍ਰਭੂ ਪ੍ਰਮਾਤਮਾ ਦਾ ਬ੍ਰਹਮਗਿਆਨ ਪ੍ਰਾਪਤ ਕਰਕੇ ਇੱਕ ਗੁਰਸਿੱਖ ਵਾਂਗ ਸੋਹਣਾ ਜੀਵਣ ਬਤੀਤ ਕਰਕੇ ਗਏ, ਉਨ੍ਹਾਂ ਹਮੇਸ਼ਾ ਸੇਵਾ, ਸਿਮਰਨ ਸਤਿਸੰਗ ਨੂੰ ਪਹਿਲ ਦਿੱਤੀ। ਅੱਜ ਉਹਨਾਂ ਦੇ ਬੱਚੇ ਅਤੇ ਬਾਕੀ ਪਰਿਵਾਰ ਵੀ ਉਹਨਾਂ ਦੀ ਪ੍ਰੇਰਨਾ ਸਦਕਾ ਗੁਰਮਤ ਅਨੁਸਾਰ ਜੀਵਨ ਜੀਅ ਰਿਹਾ ਹੈ। ਇਸ ਲਈ ਅਸੀਂ ਸਭ ਨੇ ਵੀ ਉਹਨਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਚੰਗੇ ਗੁਣ ਹਾਸਲ ਕਰਕੇ ਜੀਵਨ ਜੀਣਾ ਹੈ ਫਿਰ ਹੀ ਅਸੀਂ ਅੱਜ ਤੇ ਸਤਿਸੰਗ ਦਾ ਲਾਹਾ ਖੱਟ ਸਕਦੇ ਹਾਂ। ਉਹਨਾਂ ਦੱਸਿਆ ਕਿ ਅੱਜ ਨਿਰੰਕਾਰੀ ਮਿਸ਼ਨ ਦੇ ਸਤਿਗੁਰੂ ਮਾਤਾ ਸਵਿੰਦਰ ਹਰਦੇਵ ਜੀ ਇਸ ਪ੍ਰਭੂ ਪ੍ਰਮਾਤਮਾ ਦੀ ਜਾਣਕਾਰੀ ਹਾਸਲ ਕਰਵਾ ਰਹੇ ਹਨ। ਸਤਿਸੰਗ ਤੋਂ ਬਾਅਦ ਧੀਰ ਪਰਿਵਾਰ ਵੱਲੋਂ ਸਭ ਸੰਗਤਾਂ ਨੂੰ ਲੰਗਰ ਵੀ ਛਕਾਇਆ ਗਿਆ। ਇਸ ਮੌਕੇ ਜਗਮੀਤ ਨੀਟਾ ਨੇ ਮਾਤਾ ਸੋਮਾ ਰਾਣੀ ਧੀਰ ਦੀ ਯਾਦ ਵਿੱਜ ਉਹਨਾਂ ਦੇ ਜੀਵਨ ਨੂੰ ਦਰਸਾਉਂਦੀ ਹੋਈ ਕਵੀ ਸਵ. ਸੁਖਦੇਵ ਸੁਆਮੀ ਜੀ ਵੱਲੋਂ ਲਿਖੀ ਕਵਿਤਾ ਪੜ੍ਹ ਕੇ ਸੁਣਾਈ। ਇਸ ਪ੍ਰੋਗਰਾਮ ਦੌਰਾਨ ਸਥਾਨਕ ਮੁਖੀ ਅਸ਼ੋਕ ਧੀਰ ਨੇ ਆਈਆਂ ਹੋਈਆਂ ਸੰਗਤਾਂ ਅਤੇ ਪੰਤਵੰਤੇ ਸੱਜਣਾਂ ਨੂੰ ਜੀ ਆਇਆ ਆਖਿਆ ਅਤੇ ਧੰਨਵਾਦ ਕੀਤਾ। ਇਸ ਸਤਿਸੰਗ ਦੌਰਾਨ ਹੀ ਮਾਰਚ 2018 ਦੀ ਪ੍ਰੀਖਿਆ ਵਿਚੋਂ 85ਗ਼ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਜੈਤੋ ਬਰਾਂਚ ਦੇ ਬੱਚਿਆਂ ਨੂੰ ਧੀਰ ਪਰਿਵਾਰ ਵੱਲੋਂ ਮਾਤਾ ਸੋਮਾ ਰਾਣੀ ਜੀ ਦੀ ਯਾਦ ਵਿੱਚ ਸਟੇਸ਼ਨਰੀ ਵੰਡ ਕੇ ਸਨਮਾਨਿਤ ਕੀਤਾ। ਪ੍ਰੋਗਰਾਮ ਦੌਰਾਨ ਮੰਚ ਸੰਚਾਲਨ ਪਰਮਨੂਰ ਰੋੜੀਕਪੂਰਾ ਨੇ ਬਾਖੂਬੀ ਨਿਭਾਇਆ। ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਬਲਵਿੰਦਰ ਸਿੰਘ, ਲਖਵੀਰ ਭੱਟੀ, ਬਲਦੇਵ ਸਿੱਧੂ, ਰਜਿੰਦਰ ਚਾਵਲਾ, ਰਮਨਦੀਪ ਰੋਮੀ, ਪ੍ਰਮੋਦ ਧੀਰ,ਡਾ. ਬਲਵੰਤ ਸਿੰਘ, ਬੂਟਾ ਗੁਲਾਟੀ, ਨਗਿੰਦਰ ਨੀਟਾ, ਸੁਧੀਰ ਧੀਰ, ਜੋਨੀ, ਅਰਸ਼, ਲਵਲੀ ਆਦਿ ਨੇ ਵਿਸ਼ੇਸ਼ ਯੋਗਦਾਨ ਵਾਇਆ। ਇਸ ਮੌਕੇ ਧੀਰ ਪਰਿਵਾਰ ਦੇ ਰਿਸਤੇਦਾਰ, ਦੋਸਤ ਮਿੱਤਰ, ਸਾਕ ਸਬੰਧੀ, ਸਤਿਸੰਗੀਆਂ ਆਦਿ ਨੇ ਵੱਡੀ ਗਿਣਤੀ ਵਿੱਚ ਪਹੁੰਚ ਕੇ ਪਰਿਵਾਰ ਨੂੰ ਅਸ਼ੀਰਵਾਦ ਦਿੱਤਾ ਅਤੇ ਸਤਿਸੰਗ ਦਾ ਆਨੰਦ ਮਾਨਿਆ।

ਦੇਸ਼ ਦੁਆਬਾ

# ਖਤਮ ਹੋਇਆ ਕਰਨਾਟਕ ਦਾ ਘਮਾਸਾਨ

ਕਰਨਾਟਕ ਵਿਚ ਇਸ ਵਾਰ ਦੀਆਂ ਚੋਣਾਂ ਵਿਚ ਕਿਸੇ ਵੀ ਪਾਰਟੀ ਨੂੰ ਬਹੁਮਤ ਨਾ ਮਿਲਣ ਤੋਂ ਬਾਅਦ ਹੋਇਆ ਘਮਾਸਾਨ ਹਾਲਾਂਕਿ ਹੁਣ ਖਤਮ ਹੋ ਗਿਆ ਹੈ। ਪਰ ਇਸ ਡਰਾਮੇ ਨੇ ਇਕ ਵਾਰ ਫਿਰ ਇਸ ਚਰਚਾ ਨੂੰ ਜਨਮ ਦੇ ਦਿੱਤਾ ਹੈ ਕਿ ਭਾਰਤੀ ਲੋਕਰਾਜੀ ਪ੍ਰਣਾਲੀ ਵਿਚ ਅੰਕੜਿਆਂ ਦੀ ਖੇਡ ਦੇ ਹੇਠਾਂ ਕੀ ਹੁੰਦਾ ਹੈ। ਜਦੋਂ ਵੀ ਕਿਸੇ ਪਾਰਟੀ ਨੂੰ ਬਹੁਮਤ ਨਹੀਂ ਮਿਲਦਾ ਤਾਂ ਸੰਵਿਧਾਨਕ ਵਿਵਸਥਾ ਮੁਤਾਬਕ ਗਵਰਨਰ ਜਾਂ ਰਾਸ਼ਟਰਪਤੀ ਕੋਲ ਅਖਤਿਆਰ ਵੱਧ ਜਾਂਦਾ ਹੈ। ਜੇਕਰ ਰਾਸ਼ਟਰਪਤੀ ਜਾਂ ਗਵਰਨਰ ਕਿਸੇ ਪਾਰਟੀ ਦੇ ਹੱਕ ਵਿਚ ਬਹੁਮਤ ਜੁਟਦਾ ਦੇਖਦਾ ਹੈ ਤਾਂ ਉਹ ਉਸ ਨੂੰ ਸਰਕਾਰ ਬਣਾਉਣ ਦਾ ਸੱਦਾ ਦੇ ਸਕਦਾ ਹੈ ਪਰ ਇਸ ਵਾਰ ਚੋਣਾਂ ਤੋਂ ਪਹਿਲਾਂ ਅਜਿਹਾ ਕੋਈ ਗੱਠਜੋੜ ਨਹੀਂ ਸੀ, ਜਿਹੜਾ ਸੱਤਾ ਦੀ ਦਾਅਵੇਦਾਰੀ ਕਰਦਾ, ਬਲਕਿ ਨਤੀਜੇ ਆਉਣ ਤੋਂ ਬਾਅਦ ਅਚਾਨਕ ਹੀ ਕਾਂਗਰਸ ਨੇ ਭਾਜਪਾ ਨੂੰ ਸੱਤਾ ਤੋਂ ਦੂਰ ਰੱਖਣ ਲਈ ਜਨਤਾ ਦਲ (ਸੈਕੂਲਰ) ਨੂੰ ਸਮਰਥਨ ਦੇਣ ਦਾ ਐਲਾਨ ਕਰ ਦਿੱਤਾ, ਪਰ ਅਧਿਕਾਰਿਤ ਤੌਰ ਤੇ ਜਨਤਾ ਦਲ ਨੇ ਕਾਂਗਰਸ ਦੇ ਸਮਰਥਨ ਨਾਲ ਸਰਕਾਰ ਬਣਾਉਣ ਦਾ ਦਾਅਵਾ ਜਦੋਂ ਤੱਕ ਗਵਰਨਰ ਕੋਲ ਕੀਤਾ, ਉਦੋਂ ਤੱਕ ਭਾਜਪਾ ਜੋ ਸਭ ਤੋਂ ਵੱਡੀ ਪਾਰਟੀ ਸੀ, ਗਵਰਨਰ ਨੂੰ ਆਪਣੇ ਕੋਲ ਬਹੁਮਤ ਹੋਣ ਦਾ ਪੱਤਰ ਦੇ ਚੁੱਕੀ ਸੀ। ਇਸ ਕਰਕੇ ਗਵਰਨਰ ਨੇ ਸਭ ਤੋਂ ਪਹਿਲਾਂ ਵੱਡੀ ਪਾਰਟੀ ਨੂੰ ਬੁਲਾਇਆ ਅਤੇ ਬਹੁਮਤ ਸਾਬਤ ਕਰਨ ਲਈ 15 ਦਿਨ ਦਾ ਵਕਤ ਦਿੱਤਾ ਪਰ ਕਾਂਗਰਸ ਰਾਤੋ-ਰਾਤ ਸੁਪਰੀਮ ਕੋਰਟ ਕੋਲ ਚਲੀ ਗਈ ਅਤੇ ਵਿਧਾਇਕਾਂ ਦੀ ਖਰੀਦੋ-ਫਰੋਖਤ ਦਾ ਮਸਲਾ ਅੱਧ-ਵਿਚਕਾਰ ਰੁਕ ਗਿਆ।

ਕਾਂਗਰਸ ਅਤੇ ਜਨਤਾ ਦਲ (ਐਸ.) ਜਿਸ ਤਰ੍ਹਾਂ ਆਪਣੇ ਵਿਧਾਇਕਾਂ ਨੂੰ ਇਕੱਠੇ ਕਰਕੇ ਰੱਖਿਆ, ਉਸ ਤੋਂ ਭਾਰਤੀ ਰਾਜਨੀਤੀ ਦਾ ਅਨੈਤਿਕ ਚਿਹਰਾ ਵੀ ਨੰਗਾ ਹੋ ਗਿਆ। ਸੁਪਰੀਮ ਕੋਰਟ ਦੁਆਰਾ ਭਾਜਪਾ ਨੂੰ ਬਹੁਮਤ ਸਾਬਤ ਕਰਨ ਲਈ ਬਿਲਕੁਲ ਵਕਤ ਨਾ ਦੇਣ ਕਾਰਨ ਯੇਦੀਯੁਰੱਪਾ ਨੇ ਬਹੁਮਤ ਲਈ ਵੋਟਿੰਗ ਤੋਂ ਪਹਿਲਾਂ ਹੀ ਅਸਤੀਫਾ ਦੇ ਦਿੱਤਾ। ਇਸ ਸਾਰੀ ਖੇਡ ਵਿਚ ਭਾਜਪਾ ਜਿੱਤ ਕੇ ਵੀ ਹਾਰ ਗਈ, ਭਾਵੇਂ ਕਰਨਾਟਕ ਦਾ ਜਨਮਤ ਉਸ ਦੇ ਪੂਰਨ ਉਸਦੇ ਹੱਕ ਵਿਚ ਨਹੀ ਹੈ।

ਅਜਿਹਾ ਰੁਝਾਨ ਪਹਿਲਾਂ ਵੀ ਭਾਰਤੀ ਰਾਜਨੀਤੀ ਵਿਚ ਆਮ ਦੇਖਣ ਨੂੰ ਮਿਲਦਾ ਹੈ ਪਰ ਅੰਕੜਿਆਂ ਦੀ ਇਹ ਖੇਡ ਵਿਚ ਸਕਾਰਾਤਮਕ ਮੋੜ ਲਿਆਉਣ ਦੀ ਬਹੁਤ ਸਖਤ ਲੋੜ ਹੈ। ਭਾਰਤ ਵਿਚ ਹਰੇਕ ਸਾਲ ਕਈ ਸੂਬਿਆਂ ਵਿਚ ਹਰ ਸਾਲ ਚੋਣਾਂ ਹੁੰਦੀਆਂ ਰਹਿੰਦੀਆਂ ਹਨ ਅਤੇ ਸਿਆਸੀ ਪਾਰਟੀਆਂ ਇਹਨਾਂ ਵਿਚ ਉਲਝੀਆਂ ਰਹਿੰਦੀਆਂ ਹਨ।

ਇਸ ਸਮੱਸਿਆ ਤੋਂ ਨਿਜਾਤ ਪਾਉਣ ਲਈ ਸੂਬਿਆਂ ਅਤੇ ਕੇਂਦਰ ਦੀਆਂ ਚੋਣਾਂ ਇਕੱਠੀਆਂ ਕਰਵਾਉਣ ਦਾ ਪ੍ਰਸਤਾਵ ਸਾਹਮਣੇ ਆਇਆ ਹੈ। ਜੇਕਰ ਸਾਰੀਆਂ ਸਿਆਸੀ ਪਾਰਟੀਆਂ ਇਸ ਲਈ ਸਹਿਮਤ ਹੋ ਜਾਂਦੀਆਂ ਹਨ ਤਾਂ ਇਸ ਨਾਲ ਸਰਕਾਰਾਂ ਨੂੰ ਸ਼ਾਂਤੀ ਨਾਲ ਕੰਮ ਕਰਨ ਦਾ ਮੌਕਾ ਮਿਲੇਗਾ ਅਤੇ ਖਰੀਦੋ-ਫਰੋਖਤ, ਖਿੱਚ-ਧੂਹ ਦੇ ਰੁਝਾਨ ਨੂੰ ਵੀ ਠੱਲ੍ਹ ਪਵੇਗੀ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-68

## ਗੁਰਬਾਣੀ ਚਾਨਣ ਚ ਹੋਮ ਜਾਂ ਹਵਨ



ਅਵਤਾਰ ਸਿੰਘ ਮਿਸ਼ਨਰੀ
510-432-5827

ਮਹਾਂਨ ਕੋਸ਼ ਅਨੁਸਾਰ ਹੋਮ ਸੰਕ੍ਰਿਤ ਦਾ ਲਫਜ਼ ਤੇ ਅਰਥ ਘੀ। ਦੇਵਤਾ ਵਾਸਤੇ ਘੀ ਆਦਿਕ ਸਾਮਗ੍ਰੀ ਦਾ ਅਗਨੀ ਚ ਪਾਉਣਾ, ਹਵਨ ਕਰਨਾ। ਰਿਗ ਤੇ ਯਜੁਰ ਵੇਦ ਵਿੱਚ ਹੋਮ ਦੀ ਮਹਿਮਾ ਹੈ। ਹੋਮ-ਬਲੀਦਾਨ, ਭੇਟਾ ਦਾ ਅਰਪਨਾ ਭਾਵ ਜਲ ਨੂੰ ਭੇਟਾ ਦੇਣੀ ਅਤੇ ਅਗਨੀ ਤਥਾ ਪਵਨ ਨੂੰ ਬਲਿਦਾਨ ਕਰਨਾ। ਮੁੱਖ ਤੌਰ ਤੇ ਮਿਥਿਹਾਸ ਅਨੁਸਾਰ ਮੰਨੇ ਗਏ ਅਗਨ ਦੇਵਤੇ ਦੀ ਪਦਾਰਥਾਂ ਦੀ ਅਹੂਤੀ ਪਾ ਕੇ ਪੂਜਾ ਕਰਨੀ ਹੈ।

ਭਾਈ ਸਾਹਿਬ ਗੁਰਮਤਿ ਮਾਰਤੰਡ ਤੇ ਪੇਜ ੨੨੨ ਤੇ ਲਿਖਦੇ ਹਨ ਕਿ-ਹਿੰਦੂ ਮਤਿ ਦੇ ਗ੍ਰੰਥਾਂ ਅਨੁਸਾਰ ਅਗਨ ਨੂੰ ਦੇਵਤਿਆ ਦੀ ਰਸਨਾ ਮੰਨ ਕੇ ਹਵਨ ਯੱਗ ਆਦਿਕ ਕਰਮ ਲੋਕ ਪ੍ਰਲੋਕ ਦੇ ਸੁੱਖਾਂ ਦਾ ਸਾਧਨ ਕਲਪੇ ਗਏ ਹਨ। ਦੇਖੋ! ਜਮਾਨੇ ਦੀ ਚਾਲ ਵੇਖ, ਵੇਦਾਂ ਦੇ ਅਰਥ ਉਲਟਾਉਣ ਵਾਲੇ ਸਾਧੂ ਦਯਾ ਨੰਦ ਵੀ ਆਪਣੇ ਬੁੱਧੀ ਬਲ ਨਾਲ ਵੇਦਾਂ ਚੋਂ ਹੋਮ ਨੂੰ ਨਹੀ ਕੱਢ ਸੱਕੇ। ਉਹ ਲਿਖਦੇ ਹਨ ਕੇ ਹੋਮ ਨਾਲ ਹਵਾ ਸਾਫ ਹੁੰਦੀ ਹੈ। ਇਸ ਚ ਸੰਸਾ ਨਹੀਂ ਕਿ ਜੇ ਗੁੱਗਲ, ਮੁਸ਼ਕ-ਕਾਫੂਰ ਅਤੇ ਚੰਦਨ ਜੇਹੇ ਪਦਾਰਥ ਜਲਾਏ ਜਾਣ ਤਾਂ ਹਵਾ ਜਰੂਰ ਸਾਫ ਹੁੰਦੀ ਹੈ ਪਰ ਘੀ ਜੌਂ ਆਦਿਕ ਨਾਲ ਨਹੀਂ ਹੁੰਦੀ। ਗੁੱਗਲ ਆਦਿਕ ਦਾ ਵੀ ਜਲਾਉਣਾ ਤਦ ਠੀਕ ਹੈ ਜੇ ਘਰ ਦੇ ਸਾਰੇ ਕਮਰਿਆਂ ਚ ਧੂਪ ਦਿੱਤੀ ਜਾਵੇ ਨਾ ਕਿ ਨਦੀ ਕਿਨਾਰੇ ਲੱਕੜਾਂ ਅਤੇ ਕੀਮਤੀ ਸਮੱਗਰੀ ਫੂਕ ਕੇ।

ਹੋਮ-ਹਵਨ ਬਾਰੇ ਗੁਰੂ ਗ੍ਰੰਥ ਦੇ ਉਪਦੇਸ਼-ਹੋਮ ਜਗ ਤੀਰਥ ਕੀਏ ਬਿਚਿ ਹਉਮੈ ਬਧੇ ਬਿਕਾਰ॥(੨੧੪) ਇਨ੍ਹਾਂ ਕਰਮਕਾਂਡਾ ਨਾਲ ਹਉਮੈ ਹੀ ਵਧਦੀ ਹੈ-ਤੀਰਥਿ ਜਾਉਂ ਤ ਹਉਂ ਹਉਂ ਕਰਤੇ॥ ਪੰਡਿਤ ਪੂਛਉਂ ਤ ਮਾਇਆ ਰਾਤੇ॥(੩੮੫) ਇਨ੍ਹਾਂ ਕਰਮਕਾਂਡਾਂ ਨਾਲ ਰੱਬ ਨਹੀਂ ਮਿਲਦਾ ਸਗੋਂ ਆਪਾ ਮੇਟ ਗੁਰ ਸ਼ਰਨ ਪਿਆਂ ਹੀ ਅੰਧਕਾਰ ਰੂਪੀ ਜਗਤ ਤੋਂ ਤਰਿਆ ਜਾ ਸਕਦਾ ਹੈ-ਹੋਮ ਜਗ ਤਪ ਸਭਿ ਸੰਜਮ, ਤਟਿ ਤੀਰਥਿ ਨਹੀ ਪਾਇਆ॥ ਮਿਟਿਆ ਆਪੁ ਪਏ ਸਰਨਾਈ, ਗੁਰਮਖਿ ਨਾਨਕ ਜਗਤੁ ਤਰਾਇਆ॥(੧੧੩੯) ਹੋਮ ਜਗ, ਤੀਰਥ ਇਸ਼ਨਾਨ ਤੇ ਬਹਿਸ ਬੁਹਾਸੇ ਲਈ ਪੁਰਾਣ ਆਦਿਕ ਗ੍ਰੰਥ ਪੜ੍ਹਕੇ ਵੀ ਮੋਹ ਮਾਇਆ ਦਾ ਜ਼ਹਿਰ ਖਤਮ ਨਹੀਂ ਹੁੰਦਾ ਸਗੋਂ ਹਉਮੈ ਦਾ ਹੀ ਘੁੰਮਣ ਘੇਰ ਪਿਆ ਰਹਿੰਦਾ ਹੈ-ਹੋਮ ਜਗ ਸਭ ਤੀਰਥਾਂ, ਪੜ੍ਹਿ ਪੰਡਿਤ ਥਕੇ ਪੁਰਾਣ॥ ਬਿਖੁ ਮਾਇਆ ਮੋਹੁ ਨ ਮਿਟਈ, ਵਿਚਿ ਹਉਮੈ ਆਵਣੁ ਜਾਣੁ॥(੧੪੧੭)

ਗੁਰੂ ਦੀ ਸੰਗਤ ਤੇ ਗੁਰੂ ਗਿਆਨ ਤੋਂ ਬਿਨਾ ਹੋਮ ਆਦਿਕ ਕਰਮਕਾਂਡ ਸਭ ਵਿਅਰਥ ਹਨ-ਜਤ ਸਤ ਸੰਜਮ ਹੋਮ ਜਗ ਜਪੁ ਤਪੁ ਦਾਨ ਪੁੰਨ ਬਹੁਤੇਰੇ॥ ਸਾਧਸੰਗਤਿ ਗੁਰ ਸਬਦ ਵਿਣੁ ਥਾਉ ਨ ਪਾਇਨਿ ਭਲੇ ਭਲੇਰੇ॥(ਵਾਰ-੫, ਪਾ-੭ ਭਾ.ਗੁ) ਤੇ ਵਾਰ ੨੯ ਦੀ ੧੭ਵੀਂ ਪਾਉੜੀ ਚ ਜਿਕਰ ਹੈ ਕਿ ਹੋਮ ਜਗ ਜਪ ਤਪ ਤੇ ਅਸ਼ਟਾਂਗ ਯੋਗ ਆਦਿਕ ਕਰਮ ਧਰਮ ਦੇ ਨਾਂ ਤੇ ਕਰਕੇ ਜੀਵ ਰੋਂਦੇ ਹਨ, ਇਸ ਤਰੀਕੇ ਨਾਲ ਭਟਕਦਾ ਮਨ ਵੱਸ ਨਹੀਂ ਹੁੰਦਾ-ਹੋਮ ਜਗ ਜਪ ਤਪ ਘਣੇ ਕਰਿ ਕਰਿ ਕਰਮ ਧਰਮ ਦੁੱਖ ਰੋਈ। ਵਸਿ ਨ ਆਵੈ ਧਾਂਵਦਾ, ਅਠੁ ਖੰਡਿ ਪਾਖੰਡ ਵਿਗੋਈ॥ ੧੭॥(ਭਾ.ਗੁ)

ਪ੍ਰਸਿੱਧ ਇਤਿਹਾਸਕਾਰ ਡਾ. ਹਰਜੀਦਰ ਸਿੰਘ ਦਲਗੀਰ ਅਨੁਸਾਰ-ਹੋਮ ਕਿਸੇ ਦੇਵੀ ਦੇਵਤੇ ਨੂੰ ਖੁਸ਼ ਕਰਨ ਵਾਸਤੇ ਅੱਗ ਵਿੱਚ ਪਦਾਰਥ ਭਸਮ ਕਰਕੇ, ਬਲੀ ਦੇਣ ਦੀ ਰਸਮ। ਉਹ ਇਸ ਨੂੰ ਸੰਸਾਰਕ ਤਰੱਕੀ ਦਾ ਮਹੂਰਤ ਸਮਝਦੇ ਹਨ ਪਰ ਸਿੱਖ ਧਰਮ ਇਨ੍ਹਾਂ ਸਾਰੀਆਂ ਥੋਥੀਆਂ ਰਸਮਾਂ ਤੋਂ ਮੁਕਤ ਹੈ ਪਰ ਜੋ ਸਿੱਖ ਅਜਿਹੀ ਕੋਈ ਵੀ ਕਰਮਕਾਂਡੀ ਰਸਮ ਕਰਦੈ, ਉਹ ਅਪਰਾਧੀ ਸਿੱਖ ਹੈ-ਜਾਪ ਤਾਪ ਗਿਆਨ ਸਭਿ ਧਿਆਨ॥ ਖਟ ਸ਼ਾਸਤ੍ਰ ਸਿਮ੍ਰਿਤਿ ਵਖਿਆਨ॥ ਜੋਗ ਅਭਿਆਸ ਕਰਮ ਧ੍ਰਮ ਕਿਰਿਆ॥ ਸਗਲ ਤਿਆਗਿ ਬਨ ਮਧੇ ਫਿਰਿਆ॥ ਅਨਕ ਪ੍ਰਕਾਰ ਕੀਏ ਬਹੁ ਜਤਨਾ॥ ਪੁੰਨ ਦਾਨ ਹੋਮੇ ਬਹੁ ਰਤਨਾ॥ ਸਰੀਰੁ ਕਟਾਇ ਹੋਮੈ ਕਰਿ ਰਾਤੀ॥ ਵਰਤ ਨੇਮ ਕਰੈ ਬਹੁ ਭਾਂਤੀ॥ ਨਹੀ ਤੁਲ ਰਾਮਨਾਮ ਬੀਚਾਰ॥ ਨਾਨਕ ਗੁਰਮੁਖੁ ਨਾਮੁ ਜਪੀਐ ਇਕ ਬਾਰ॥(੨੬੫)

ਹੋਰ ਲਿਖਦੇ ਹਨ ਕਿ ਹਵਨ ਉਸ ਭੱਠੀ ਨੂੰ ਕਹਿੰਦੇ ਹਨ ਜਿਸ ਚ ਬਾਮਣ ਜਗ ਕਰਨ ਸਮੇ ਸਮੱਗਰੀ ਬਾਲਦੇ ਹਨ। ਸਿੱਝ ਤਵਾਰੀਖ ਚ ਹਵਨ ਕੁੰਡ ਦਾ ਪਿਛੋਕੜ ੧੯੬੫ ਦਾ ਹੈ ਜਦ ਫਤਹਿ ਸਿੰਘ ਅਕਾਲੀ ਦਲ ਦੇ ਇੱਕ ਧੜੇ ਦਾ ਮੁਖੀ ਸੀ ਨੇ ਇਹ ਐਲਾਣ ਕੀਤਾ ਕਿ ਜੇ ਕਰ ਮਿਥੀ ਤਾਰੀਖ ਤੱਕ ਪੰਜਾਬੀ ਸੂਬਾ ਨਾ ਬਣਾਇਆ ਗਿਆ ਤਾਂ ਉਹ ਹਵਨ ਚ ਸੜ ਕੁਰਬਾਨੀ ਦੇ ਦੇਵੇਗਾ। ਇਸ ਲਈ ਅਕਾਲ ਤਖਤ ਦੀ ਉਪਰਲੀ ਮੰਜ਼ਿਲ ਤੇ ਉਚੇਚੀਆਂ ਬਣਾਈਆਂ ਭੱਠੀਆਂ ਨੂੰ ਹਵਨ ਕੁੰਡ ਦਾ ਬ੍ਰਾਹਮਣੀ ਨਾਮ ਦੇ ਕੇ, ਭੱਠੀਆਂ 'ਤੇ ਮੋਟੇ ਅੱਖਰਾਂ 'ਚ ਹਵਨ ਕੁੰਡ ਲਿਖਿਆ ਹੋਇਆ ਸੀ ਜੋ ਕਿ ਦਰਬਾਰ ਸਾਹਿਬ ਚ ਆਏ ਯਾਤਰੂਆਂ ਨੂੰ ਦੂਰੋਂ ਦਿਸਦਾ ਸੀ। ਜਦ ਭਾਰਤ ਸਰਕਾਰ ਨੇ ਫਤਹਿ ਸਿੰਘ ਦੀ ਇਸ ਧਮਕੀ ਦੀ ਪ੍ਰਵਾਹ ਨਾ ਕੀਤੀ ਤਾਂ ਉਹ ਬਹਾਨਾ ਲਾ ਕੇ ਭੱਜ ਗਿਆ। ਸਿੱਖ ਵਿਦਵਾਨਾਂ ਨੇ ਇਨ੍ਹਾਂ ਹਵਨੀ ਭੱਠੀਆਂ ਦੀ ਮੁਖਾਲਫਤ ਕਰਦੇ ਕਿਹਾ ਕਿ ਇਹ ਫਤਹਿ ਸਿੰਘ ਦੀ ਬੁਜ਼ਦਿਲੀ ਦੀ ਨਿਸ਼ਾਨੀ ਨੇ ਤੇ ਅਖੀਰ ੧੯੬੮ ਵਿੱਚ ਇੱਕ ਰਾਤ ਨੂੰ ਚੁੱਪ-ਚਾਪ ਹਵਨ ਭੱਠੀਆਂ ਢਾਹ ਦਿੱਤੀਆਂ ਗਈਆਂ।

ਸੋ ਹੋਮ ਜਗ ਹਵਨ ਕਰਨੇ ਬ੍ਰਾਹਮਣੀ ਕਰਮਕਾਂਡ ਤੇ ਰਸਮੀ ਬਲੀਆਂ ਹਨ। ਅੱਜ ਸੰਪ੍ਰਦਾਈ ਤੇ ਡੇਰੇਦਾਰ ਸਿੱਖ ਹਵਨ ਤੇ ਬ੍ਰਾਹਮਣੀ ਕਰਮਕਾਂਡ ਗੁਰੂ ਗ੍ਰੰਥ ਸਾਹਿਬ ਦੇ ਪਾਠ ਨਾਲ ਹੀ ਕਰੀ ਜਾਂਦੇ ਹਨ। ਸੰਪਟ ਪਾਠ ਕਰਦੇ, ਹਵਨ ਸਮੱਗਰੀਆਂ ਧੂਪ ਦੇ ਨਾਂ ਤੇ ਫੂਕਣੀਆਂ ਅਤੇ ਕਿਸੇ ਸ਼ਬਦ ਦਾ ਚਾਲੀ ਵਾਰ ਬਿਨਾਂ ਸਮਝੇ ਪੜ੍ਹਨਾ, ਚਲੀਸੇ ਕੱਟਣੇ ਡੇਰੇਦਾਰ ਸੰਪ੍ਰਦਾਈ ਭੇਖੀ ਤੇ ਅੰਧਵਿਸ਼ਵਾਸ਼ੀ ਸਿੱਖਾਂ ਦਾ ਪਾਖੰਡ ਹੈ ਗੁਰਮਤਿ ਨਹੀਂ।

### 24 ਮਈ ਜਨਮ ਦਿਨ ਤੇ ਵਿਸ਼ੇਸ

# ਕ੍ਰਾਂਤੀਕਾਰੀ ਤੇ ਆਦਰਸ਼ਵਾਦੀ ਕਰਤਾਰ ਸਿੰਘ ਸਰਾਭਾ



"ਮੈ ਜਾਣਦਾ ਹਾਂ ਕਿ ਜਿਹੜੀਆਂ ਗੱਲਾਂ ਨੂੰ ਮੈ ਕਬੂਲ ਕੀਤਾ ਹੈ, ਉਨ੍ਹਾਂ ਦੇ ਦੋ ਹੀ ਨਤੀਜੇ ਹੋ ਸਕਦੇ ਹਨ-ਕਾਲਾ ਪਾਣੀ ਜਾਂ ਫਾਂਸੀ । ਮੈ ਇਨ੍ਹਾਂ ਦੋਹਾਂ ਚੋ ਫਾਂਸੀ ਨੂੰ ਹੀ ਤਰਜੀਹ ਦਿਆਂਗਾ ਕਿ ਫਿਰ ਨਵੇਂ ਸਰੀਰ 'ਚ ਆ ਕੇ ਮੈਂ ਆਪਣੇ ਦੇਸ਼ ਦੀ ਸੇਵਾ ਕਰ ਸਕਾਂਗਾ।"

ਇਹ ਸ਼ਬਦ ਸਨ ਉਸ ਮਹਾਨ ਕ੍ਰਾਂਤੀਕਾਰੀ ਦੇ ਜਿਸ ਨੇ ਸਿਰਫ 19 ਵਰਿਆਂ ਦੀ ਉਮਰ 'ਚ ਫਾਂਸੀ ਦਾ ਰੱਸਾ ਹੱਸਦੇ-ਹੱਸਦੇ ਗਲੇ ਚ ਪਾ ਲਿਆ । ਜੀ ਹਾਂ, ਉਹ ਕ੍ਰਾਂਤੀਕਾਰੀ ਆਦਰਸ਼ਵਾਦ ਨੂੰ ਇੱਕ ਨਵੀ ਦਿਸ਼ਾ ਦੇਣ ਵਾਲਾ ਦਲ-ਮੋਹਰੀ ਹੈ ਕਰਤਾਰ ਸਿੰਘ ਸਰਾਭਾ। ਬ੍ਰਿਟਿਸ਼ ਹਕੂਮਤ ਨੇ 16 ਨਵੰਬਰ 1915 ਨੂੰ ਲਾਹੌਰ ਦੀ ਸੈਂਟਰਲ ਜੇਲ 'ਚ ਉਨਾਂ ਨੂੰ ਫਾਂਸੀ ਦੇ ਤਖਤੇ ਤੇ ਲਟਕਾ ਦਿੱਤਾ ਸੀ।ਆਖਿਰ ਦੋਸ਼ ਕੀ ਸੀ-ਆਪਣੇ ਦੇਸ਼ ਪ੍ਰਤੀ ਵਫਾਦਾਰੀ ਅਤੇ ਗੱਦਾਰ ਅੰਗਰੇਜਾਂ ਨੂੰ ਭਾਰਤ 'ਚੋ ਬਾਹਰ ਖਦੇੜਨ ਦੀ ਇੱਛਾ-ਸ਼ਕਤੀ । ਇਸ ਮਹਾਨ ਕ੍ਰਾਂਤੀਕਾਰੀ ਦਾ ਜਨਮ 24 ਮਈ 1896 ਨੂੰ ਲੁਧਿਆਣਾ ਦੇ ਪਿੰਡ ਸਰਾਭਾ 'ਚ ਹੋਇਆ ਸੀ। ਉਨ੍ਹਾਂ ਦੇ ਪਿਤਾ ਸ. ਮੰਗਲ ਸਿੰਘ ਦੀ ਛੇਤੀ ਹੀ ਮੌਤ ਹੋ ਜਾਣ ਕਾਰਨ ਕਰਤਾਰ ਸਿੰਘ ਦਾ ਪਾਲਣ-ਪੋਸ਼ਣ ਉਨ੍ਹਾਂ ਦੇ ਦਾਦਾ ਸ. ਬਦਨ ਸਿੰਘ ਦੀ ਸਰਪ੍ਰਸਤੀ 'ਚ ਹੋਇਆ। ਮੁੱਢਲੀ ਸਿੱਖਿਆ ਆਪਣੇ ਪਿੰਡ 'ਚ ਹੀ ਹਾਸਲ ਕਰਨ ਤੋ ਬਾਅਦ ਲੁਧਿਆਣਾ ਦੇ ਮਾਲਵਾ ਖਾਲਸਾ ਹਾਈ ਸਕੂਲ ਤੋ ਉਨਾਂ ਨੇ ਅੱਠਵੀ ਪਾਸ ਕੀਤੀ ਤੇ ਉਸ ਤੋ ਬਾਅਦ ਆਪਣੇ ਚਾਚੇ ਨਾਲ ਉੜੀਸਾ (ਓਡਿਸ਼ਾ) ਚਲੇ ਗਏ, ਜਿਥੇ ਉਨਾਂ ਨੇ 10ਵੀਂ ਤਕ ਪੜ੍ਹਾਈ ਕੀਤੀ ਤੇ ਫਿਰ ਉੱਚ ਸਿੱਖਿਆ ਲਈ ਉਨਾਂ ਨੂੰ ਕੈਲੋਫੋਰਨੀਆ ਯੂਨੀਵਰਸਿਟੀ (ਅਮਰੀਕਾ) ਭੇਜ ਦਿੱਤਾ ਗਿਆ, ਜਿਥੇ ਉਨਾਂ ਦਾ ਸੰਪਰਕ ਨਾਲੰਦਾ ਕਲੱਬ ਦੇ ਭਾਰਤੀ ਵਿਦਿਆਰਥੀਆਂ ਨਾਲ ਹੋਇਆ।

1913 'ਚ ਸੋਹਣ ਸਿੰਘ ਭਕਨਾ ਅਤੇ ਲਾਲਾ ਹਰਦਿਆਲ ਨੇ 'ਗਦਰ ਪਾਰਟੀ' ਦੀ ਸਥਾਪਨਾ ਕੀਤੀ ਤੇ 17 ਸਾਲ ਦੀ ਛੋਟੀ ਉਮਰ 'ਚ ਹੀ ਕਰਤਾਰ ਸਿੰਘ ਨੇ ਆਪਣੀ ਪੜ੍ਹਾਈ ਛੱਡ ਕੇ ਗਦਰ ਪਾਰਟੀ ਦੀ ਮੈਬਰਸ਼ਿਪ ਲੈ ਲਈ। ਉਹ 'ਗਦਰ' ਨਾਮੀ ਰਸਾਲੇ ਦੇ ਸੰਪਾਦਕ ਵੀ ਬਣੇ ਅਤੇ ਆਪਣੇ ਕ੍ਰਾਂਤੀਕਾਰੀ ਲੇਖਾਂ, ਕਵਿਤਾਵਾਂ ਦੇ ਜ਼ਰੀਏ ਦੇਸ਼ ਦੇ ਨੌਜਵਾਨਾਂ ਨੂੰ ਕ੍ਰਾਂਤੀ ਦੀ ਲਹਿਰ ਨਾਲ ਜੋੜਿਆ।ਇਹ ਰਸਾਲਾ ਹਿੰਦੀ, ਪੰਜਾਬੀ, ਗੁਜਰਾਤੀ, ਮਰਾਠੀ, ਬੰਗਾਲੀ ਆਦਿ ਭਾਰਤੀ ਭਾਸ਼ਾਵਾਂ 'ਚ ਛਪਦਾ ਸੀ ਅਤੇ ਵਿਦੇਸ਼ਾਂ 'ਚ ਰਹਿ ਰਹੇ ਭਾਰਤੀਆਂ ਤਕ ਪਹੁੰਚਾਇਆ ਜਾਂਦਾ ਸੀ।

1914 'ਚ ਪਹਿਲੀ ਸੰਸਾਰ ਜੰਗ ਸੂਰੂ ਹੋਣ ਤੋ ਬਾਅਦ ਕਰਤਾਰ ਸਿੰਘ ਕੋਲੰਬੋ ਦੇ ਰਸਤੇ ਨਵੰਬਰ 1914 'ਚ ਕਲਕੱਤਾ ਪਹੁੰਚ ਗਏ।ਉਨਾਂ ਨਾਲ ਗਦਰ ਪਾਰਟੀ ਦੇ ਕ੍ਰਾਂਤੀਕਾਰੀ ਨੇਤਾ ਸਤਯੇਨ ਸੇਨ ਅਤੇ ਵਿਸ਼ਨੂੰ ਗਣੇਸ਼ ਪਿੰਗਲੇ ਵੀ ਸਨ। ਬਨਾਰਸ 'ਚ ਇਨ੍ਹਾਂ ਦੀ ਮੁਲਾਕਾਤ ਰਾਸ ਬਿਹਾਰੀ ਬੋਸ ਨਾਲ ਹੋਈ, ਜਿਨ੍ਹਾਂ ਨੇ ਕਰਤਾਰ ਸਿੰਘ ਨੂੰ ਪੰਜਾਬ ਜਾ ਕੇ ਸੰਗਠਿਤ ਕ੍ਰਾਂਤੀ ਸ਼ੁਰੂ ਕਰਨ ਲਈ ਕਿਹਾ।

ਰਾਸ ਬਿਹਾਰੀ ਬੋਸ 25 ਜਨਵਰੀ 1915 ਨੂੰ ਅੰਮ੍ਰਿਤਸਰ ਆਏ ਅਤੇ ਉਨਾਂ ਨੇ ਕਰਤਾਰ ਸਿੰਘ ਤੇ ਹੋਰਨਾਂ ਕ੍ਰਾਂਤੀਕਾਰੀਆਂ ਨਾਲ ਸਲਾਹ ਕਰ ਕੇ ਅੰਗਰੇਜਾਂ ਵਿਰੁੱਧ ਹਥਿਆਰਬੰਦ ਕ੍ਰਾਂਤੀ ਸੁਰੂ ਕਰਨ ਦਾ ਫੈਸਲਾ ਕੀਤਾ। ਇਸ ਦੇ ਲਈ ਬ੍ਰਿਟਿਸ਼ ਫੌਜ 'ਚ ਕੰਮ ਕਰ ਰਹੇ ਭਾਰਤੀ ਜਵਾਨਾਂ ਦੀ ਸਹਾਇਤਾ ਨਾਲ ਫੌਜੀ ਛਾਉਣੀਆਂ 'ਤੇ ਕਬਜਾ ਕਰਨ ਦਾ ਫੈਸਲਾ ਲਿਆ ਗਿਆ।ਇਸ ਦੇ ਲਈ 21 ਫਰਵਰੀ 1915 ਦਾ ਦਿਨ ਤੈਅ ਕੀਤਾ ਗਿਆ। ਕਰਤਾਰ ਸਿੰਘ ਨੇ ਖੁੱਦ ਲਾਹੌਰ ਦੇ ਮੈਗਜੀਨ ' ਤੇ ਹਮਲਾ ਕਰਨ ਦਾ ਜਿੰ ਲਿਆ।

ਸਾਰੀਆਂ ਤਿਆਰੀਆਂ ਪੂਰੀਆਂ ਹੋ ਗਈਆਂ ਸਨ ਪਰ ਕਿਰਪਾਲ ਸਿੰਘ ਨਾਮੀ ਇੱਕ ਗੱਦਾਰ ਸਾਥੀ ਪੁਲਿਸ ਦਾ ਸੂਹੀਆ ਬਣ ਗਿਆ ।ਫਿਰ ਕੀ ਸੀ ਗਦਰ ਪਾਰਟੀ ਦੇ ਨੇਤਾ ਜਿਥੇ-ਜਿਥੇ ਵੀ ਸਨ, ਗ੍ਰਿਫਤਾਰ ਕਰ ਲਏ ਗਏ।ਭਾਰਤੀ ਜਵਾਨਾਂ ਤੋ ਫੌਜੀ ਛਾਉਣੀਆਂ 'ਚ ਹਥਿਆਰ ਲੈ ਲਏ ਗਏ।ਇਸ ਨੂੰ ਅੰਗਰੇਜਾਂ ਨੇ 'ਲਾਹੌਰ ਸਾਜ਼ਿਸ਼' ਦਾ ਨਾਂ ਦਿੱਤਾ। ਕਰਤਾਰ ਸਿੰਘ ਸਰਾਭਾ ਨੂੰ ਗਦਰ ਪਾਰਟੀ ਨੇ ਅਫਗਾਨਿਸਤਾਨ ਜਾਣ ਦੀ ਸਲਾਹ ਦਿੱਤੀ ।ਉਹ ਕੁਝ ਦਿਨ ਉਥੇ ਰਹੇ ਜਰੂਰ ਪਰ ਉਹਨਾਂ ਦੀ ਅੰਤਰ-ਆਤਮਾ ਨੇ ਉਨਾਂ ਨੂੰ ਅਧੂਰੇ ਕੰਮ ਪੂਰੇ ਕਰਨ ਲਈ ਪ੍ਰੇਰਿਤ ਕੀਤਾ ।ਆਖਿਰ ਉਹ 2 ਮਾਰਚ 1915 ਨੂੰ ਵਾਪਸ ਆਗਏ ਤੇ ਕ੍ਰਾਂਤੀ ਨੂੰ ਇੱਕ ਨਵੀ ਦਿਸ਼ਾ ਦੇਣ 'ਚ ਲੱਗ ਗਏ।ਇਸ ਦੌਰਾਨ ਲਾਇਲਪੁਰ ਤੋ ਉਨਾਂ ਨੂੰ ਸਾਥੀਆਂ ਸਮੇਤ ਗ੍ਰਿਫਤਾਰ ਕਰ ਲਿਆ ਗਿਆ ਅਤੇ 'ਲਾਹੌਰ ਸਾਜ਼ਿਸ਼' ਮਾਮਲੇ 'ਚ ਉਨਾਂ ਵਿਰੁੱਧ ਮੁਕੱਦਮਾ ਚਲਾਇਆ ਗਿਆ।

ਆਪਣੇ ਬਚਾਅ 'ਚ ਬਹਿਸ ਦੌਰਾਨ ਕਰਤਾਰ ਸਿੰਘ ਨੇ ਅਦਾਲਤ 'ਚ ਬ੍ਰਿਟਿਸ ਸਾਮਰਾਜ ਦੀਆਂ ਕਾਲੀਆਂ ਕਰਤੂਤਾਂ ਜ਼ਾਹਿਰ ਕੀਤੀਆਂ ।ਆਖਿਰ 13 ਸਤੰਬਰ 1915 ਨੂੰ ਅਦਾਲਤ ਵੱਲੋ ਉਨਾਂ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਗਈ ਤੇ 19 ਸਾਲ ਦੀ ਛੋਟੀ ਉਮਰ 'ਚ ਹੀ ਇਸ ਬਹਾਦਰ ਕ੍ਰਾਂਤੀਕਾਰੀ ਨੇ ਖੁਸ਼ੀ-ਖੁਸ਼ੀ ਮੌਤ ਨੂੰ ਗਲੇ ਲਾ ਲਿਆ।ਪਰ ਕ੍ਰਾਂਤੀ ਦੀ ਇਸ ਜਵਾਲਾ ਨੇ ਸ. ਭਗਤ ਸਿੰਘ ਵਰਗੇ ਮਹਾਨ ਕ੍ਰਾਂਤੀਕਾਰੀ ਆਜ਼ਾਦੀ ਦੀ ਲੜਾਈ ਲਈ ਖੜ੍ਹੇ ਕਰ ਦਿੱਤੇ।

ਸਾਨੂੰ ਆਜ਼ਾਦੀ ਵੀ ਮਿਲ ਗਈ ਪਰ ਅਸੀ ਅਜਿਹੀਆਂ ਮਹਾਨ ਸ਼ਖਸੀਅਤਾਂ/ਸ਼ਹਾਦਤਾਂ ਦਾ ਕਰਜ਼ ਚੁਕਾਉਣਾ ਨਹੀ ਸਿੱਖਿਆ। ਉਦੋ ਅੰਗਰੇਜ਼ ਭਾਰਤ ਨੂੰ ਲੁੱਟਦੇ ਸਨ ਤੇ ਹੁਣ 'ਦੇਸੀ ਅੰਗਰੇਜ਼'।

ਕਰਤਾਰ ਸਿੰਘ ਸਰਾਭਾ ਵਰਗੇ ਕ੍ਰਾਂਤੀਕਾਰੀ ਦੇਸ਼ ਨੂੰ ਕ੍ਰਾਂਤੀ ਦੀ ਇੱਕ ਨਵੀ ਪਰਿਭਾਸ਼ਾ ਦੇ ਗਏ।ਅੱਜ ਉਨ੍ਹਾਂ ਦੀ ਸ਼ਹਾਦਤ ਦੇ 103 ਵਰ੍ਹੇ ਪੂਰੇ ਹੋਣ 'ਤੇ ਸਾਡਾ ਸਭ ਦਾ ਫਰਜ਼ ਹੈ ਕਿ ਇਨਾਂ ਸ਼ਹੀਦਾਂ ਦੇ ਸੁਪਨੇ ਪੂਰੇ ਕਰ ਕੇ ਅਸੀ ਦੇਸ਼ ਅਤੇ ਦੇਸ਼ ਵਾਸੀਆਂ ਨੂੰ ਖੁਸ਼ਹਾਲ ਬਣਾਈਏ।

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ,
ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।
ਜਿਨ੍ਹਾਂ ਦੇਸ਼ ਸੇਵਾ 'ਚ ਪੈਰ ਪਾਇਆ,
ਉਨਾਂ ਲੱਖ ਮੁਸੀਬਤਾਂ ਝੱਲੀਆਂ ਨੇ।"



ਨਵਜੋਤ ਬਜਾਜ (ਗੱਗੂ)
91-98721-02614



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਰਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਡਾ. ਬੀ. ਆਰ. ਅੰਬੇਡਕਰ ਜੀ ਦੇ ਜਨਮ ਦਿਵਸ ਸਬੰਧੀ ਸਮਾਗਮ ਕਰਵਾਇਆ





ਡਾ. ਜੀ. ਸੀ. ਕੌਲ



**ਜਲੰਧਰ (ਬਿਊਰੋ) –** ਭਾਰਤ ਰਤਨ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਜੀ ਦਾ 127ਵਾਂ ਜਨਮ ਦਿਨ ਪਿੰਡ ਕਾਹਨਪੁਰ ਨਜ਼ਦੀਕ ਹੋਟਲ 'ਚ ਗਜ਼ਟਿਡ ਐਂਡ ਨਾਨ ਗਜ਼ਟਿਡ ਐਸ. ਸੀ./ ਬੀ. ਸੀ. ਇੰਪਲਾਈਜ਼ ਵੈਲਫੇਅਰ ਫੈਡਰੇਸ਼ਨ ਪੰਜਾਬ ਬਲਾਕਪੂਰਬੀ-1 ਜਲੰਧਰ ਅਤ ਅੰਬੇਡਕਰ ਮਿਸ਼ਨ ਕਲੱਬ (ਰਜਿ.) ਪੰਜਾਬ ਬਲਾਕ ਪੂਰਬੀ ਜਲੰਧਰ ਦੇ ਸਾਂਝੇ ਸਹਿਯੋਗ ਨਾਲ ਦਲਿਤ ਚੇਤਨਾ ਦੀ ਹੂਕ ਦਿਵਸ ਵਜੋਂ ਸ਼ਰਧਾ ਨਾਲ ਮਨਾਇਆ ਗਿਆ। ਸਮਾਗਮ ਦੌਰਾਨ ਮੁੱਖ ਮਹਿਮਾਨ ਵਜੋਂ ਪਹੁੰਚੇ ਉਘੇ ਅੰਬੇਡਕਰੀ ਪ੍ਰੋ. ਡਾ. ਜੀ. ਸੀ. ਕੌਲ ਨੇ ਹਾਜ਼ਰੀਨ ਨੂੰ ਬਾਬਾ ਸਾਹਿਬ ਜੀ ਦੇ ਜਨਮ ਦਿਵਸ ਦੀ ਵਧਾਈ. ਦਿੰਦਿਆਂ ਕਿਹਾ ਕਿ ਬਾਬਾ ਸਾਹਿਬ ਜੀ ਦੇ ਸੰਵਿਧਾਨ ਅਤੇ ਅੰਬੇਡਕਰਵਾਦੀ ਕ੍ਰਾਂਤੀ ਨੂੰ ਅੱਗੇ ਲਿਜਾਣ ਵਾਸਤੇ ਸਮੁੱਚੇ ਦਲਿਤ ਸਮਾਜ ਨੂੰ ਇਕ ਮੰਚ 'ਤੇ ਲਾਮਬੰਦ ਹੋਣਾ ਹੋਵੇਗਾ।

ਇਸ ਮੌਕੇ ਬਾਬੂ ਸੀਤਾ ਰਾਮ ਸੇਵਾ ਮੁਕਤ ਹੈਡ ਕਲਰਕ ਡੀ. ਈ. ਓ. ਪ੍ਰਾਇਮਰੀ ਦਫਤਰ (ਜਲੰਧਰ) ਬਾਬੂ ਸਿਮਰ ਦਾਸ, ਮਿਸ਼ਨਰੀ ਗੀਤਕਾਰ ਬੰਗੜ ਰਾਏਪੁਰੀ, ਮਾ. ਬਲਵੀਰ ਮੰਨਣ ਪ੍ਰਧਾਨ ਬਲਾਕ ਪੂਰਬੀ ਜਲੰਧਰ-1, ਮਾ. ਬਾਲ ਕ੍ਰਿਸ਼ਨ ਸੀ. ਐਫ. ਟੀ., ਡਾ. ਬਲਵਿੰਦਰ ਸਿੰਘ, ਨਵਜੋਤ ਕੁਮਾਰ, ਪਰਮਜੀਤ ਜੋੜਾਂ, ਹਰਮੇਸ਼ ਲਾਲ, ਮਨੋਹਰ ਲਾਲ ਬੱਲੀ, ਸੋਨੂੰ ਭਗਤ, ਰੋਸ਼ਨ ਲਾਲ ਸੌਂਧੀ, ਪਰਵੀਨ ਕੁਮਾਰ, ਰਾਜਾ ਰਾਮ ਆਨੰਦ ਆਦਿ ਹਾਜ਼ਰ ਸਨ। ਸਮੁੱਚੇ ਸਮਾਗਮ ਦੌਰਾਨ ਮੰਚ ਸੰਚਾਲਨ ਦੀਆਂ ਸੇਵਾਵਾਂ ਮਾ. ਬਲਵੀਰ ਚੰਦ ਮੰਨਣ ਨੇ ਬਾਖੂਬੀ ਨਿਭਾਈਆਂ। ਅੰਤ 'ਚ ਪ੍ਰਬੰਧਕਾਂ ਵੱਲੋਂ ਆਏ ਹੋਏ ਮਹਿਮਾਨਾਂ ਅਤੇ ਸਾਥੀਆਂ ਨੂੰ ਸਨਮਾਨਿਤ ਕੀਤਾ ਗਿਆ।

# ਸਫਾਈ ਕਰਮਚਾਰੀਆਂ ਨੂੰ ਮਿਲੇ ਪੁਲਿਸ ਕਰਮਚਾਰੀਆਂ ਵਾਂਗ ਸਾਲ ਵਿਚ 13 ਮਹੀਨੇ ਤਨਖਾਹ: ਕਟਾਰੀਆ



**ਕੁਰੂਕਸ਼ੇਤਰ–** ਕੇਂਦਰੀ ਸਮਾਜਿਕ ਨਿਆ ਅਤੇ ਅਧਿਕਾਰਿਤਾ ਮੰਤਰਾਲੇ ਦੀ ਫਾਊਂਡੇਸ਼ਨ ਦੇ ਮੈਂਬਰ ਅਤੇ ਮੌਜੂਦਾ ਸੱਤਾਧਾਰੀ ਭਾਜਪਾ ਪਾਰਟੀ ਦੇ ਨੇਤਾ ਸੂਰਜਭਾਨ ਕਟਾਰੀਆ ਨੇ ਕਿਹਾ ਕਿ ਮੌਜੂਦਾ ਸਮੇਂਵਿਚ ਅੰਦੋਲਨ ਕਰ ਰਹੇ ਸਫਾਈ ਕਰਮਚਾਰੀਆਂ ਦੇ ਪ੍ਰਤੀ ਸਰਕਾਰ ਨੂੰ ਬਿਨਾਂ ਦੇਰ ਕੀਤੇ ਗੰਭੀਰਤਾ ਨਾਲ ਉਹਨਾਂ ਦੀਆਂ ਸਮੱਸਿਆਵਾਂ ਅਤੇ ਮੰਗਾਂ 'ਤੇ ਵਿਚਾਰ ਕਰਨਾ ਚਾਹੀਦਾ ਹੈ। ਜਿਸ ਤਰ੍ਹਾਂ ਇਕ ਪਾਸੇ ਅੱਜ ਦੇਸ਼ ਦੇ ਸਨਮਾਨਿਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਸਵੱਛ ਭਾਰਤ ਮੁਹਿੰਮ' ਦੇ ਤਹਿਤ ਮੁਲਕ ਭਰ ਵਿਚ ਸਫਾਈ ਮੁਹਿੰਮ ਚਲਾਈ ਹੈ, ਉਥੇ ਦੂਜੇ ਪਾਸੇ ਸੂਬੇ ਦੇ ਸਫਾਈ ਕੰਮਾਂ ਵਿਚ ਲੱਗੇ ਦਲਿਤ ਵਰਗ ਦੇ ਕਰਮਚਾਰੀ ਜੋ ਕਿ ਸੂਰਜ ਨਿਕਲਣ ਤੋਂ ਪਹਿਲਾਂ ਹੀ ਸ਼ਹਿਰਾਂ ਅਤੇ ਪਿੰਡਾਂ ਵਿਚ ਗੰਦੇ-ਕੂੜੇ ਕਰਕਟ ਅਤੇ ਨਾਲੀਆਂ ਸਾਫ ਕਰਦੇ ਹਨ ਅਤੇ ਸਮਾਜ ਨੂੰ ਬਿਮਾਰੀਆਂ ਤੋਂ ਦੂਰ ਰੱਖਦੇ ਹਨ, ਉਹ ਲੋਕ ਕਈ ਦਿਨਾਂ ਤੋਂ ਆਪਣੇ ਅਧਿਕਾਰਾਂ ਲਈ ਅੰਦੋਲਨ ਕਰ ਰਹੇ ਹਨ।

ਕਟਾਰੀਆ ਨੇ ਇਸ ਨੂੰ ਬਦਕਿਸਮਤੀ ਵਾਲਾ ਦੱਸਦਿਆਂ ਕਿਹਾ ਕਿ ਸਮਾਜ ਦੇ ਸਭ ਤੋਂ ਨਫਰਤ ਵਾਲੇ ਮੰਨੇ ਜਾਣ ਵਾਲੇ ਸਫਾਈ ਕਰਮਚਾਰੀ ਜੋ ਕਿ ਆਪਣੀ ਜਾਨ ਰਿਸਕ ਵਿਚ ਪਾ ਕੇ ਅਨੇਕਾਂ ਤਕਲੀਫਾਂ ਸਹਿ ਕੇ ਸਮਾਜ ਨੂੰ ਸਾਫ ਵਾਤਾਵਰਣ ਪ੍ਰਦਾਨ ਕਰਦੇ ਹਨ, ਉਹਨਾਂ ਨੂੰ ਵੀ ਪੁਲਿਸ ਵਾਂਗ ਸਾਲ ਭਰ ਵਿਚ 13 ਮਹੀਨੇ ਦੀ ਤਨਖਾਹ ਦਿੱਤੀ ਜਾਣੀ ਚਾਹੀਦੀ ਹੈ। ਕਿਉਂਕਿ ਜਿਸ ਤਰ੍ਹਾਂ ਪੁਲਿਸ ਦਾ ਕੰਮ ਰਿਸਕ ਭਰਿਆ ਹੈ ਅਤੇ ਜ਼ਿਆਦਾ ਵਕਤ ਦਾ ਹੈ, ਇਸੇ ਤਰ੍ਹਾਂ ਸਫਾਈ ਕਰਮਚਾਰੀਆਂ ਦਾ ਕੰਮ ਵੀ ਬਹੁਤ ਰਿਸਕ ਭਰਿਆ ਹੁੰਦਾ ਹੈ।



ਫਤਿਹਗੜ੍ਹ ਸਾਹਿਬ ਦੇ ਅਮਲੋਹ ਦੀ ਸੌਂਟੀ ਪਿੰਡ ਦੀ ਜਸਵਿੰਦਰ ਕੌਰ ਨੇ ਅਮਰੀਕਾ ਵਿਚ ਹੋਏ ਸਪੈਸ਼ਲ ਉਲੰਪਿਕ ਵਿਚ ਮੈਡਲ ਜਿੱਤ ਕੇ ਦੇਸ਼, ਪੰਜਾਬ ਅਤੇ ਫਤਿਹਗੜ੍ਹ ਸਾਹਿਬ ਦਾ ਨਾਂ ਦੁਨੀਆਂ ਭਰ ਵਿਚ ਰੋਸ਼ਨ ਕੀਤਾ। ਜਸਵਿੰਦਰ ਕੌਰ ਨੇ ਦਿਖਾ ਦਿੱਤਾ ਕਿ ਲੜਕੀਆਂ ਕਿਸੇ ਤੋਂ ਘੱਟ ਨਹੀਂ ਹੈ। ਅੱਜ ਦੀਆਂ ਲੜਕੀਆਂ ਲੜਕਿਆਂ ਦੇ ਨਾਲ ਮੋਢੇ ਨਾਲ ਮੋਢਾ ਮਿਲਾ ਕੇ ਸਮਾਜ ਵਿਚ ਆਪਣਾ ਨਾਂ ਰੌਸ਼ਨ ਕਰ ਰਹੀਆਂ ਹਨ। ਜਸਵਿੰਦਰ ਕੌਰ ਅਤੇ ਉਸਦੇ ਪਰਿਵਾਰ ਨੂੰ ਸ਼ੁਭਕਾਮਨਾਵਾਂ ਅਤੇ ਵੁਮੀਦ ਹੈ ਕਿ ਭਵਿੱਖ ਵਿਚ ਵੀ ਮੁਲਕ ਦਾ ਨਾਂ ਇਸੇ ਤਰ੍ਹਾਂ ਰੋਸ਼ਨ ਕਰੇਗੀ।

# ਪੋਸਟ ਮੈਟ੍ਰਿਕ ਸਕਾਲਰਸ਼ਿਪ ਵਿੱਚ ਕੀਤੀਆਂ ਸੋਧਾਂ ਖ਼ਿਲਾਫ਼ ਭਖਿਆ ਰੋਹ



**ਪਟਿਆਲਾ–** ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਹਾਸਿਲ ਕਰਨ ਲਈ ਕੇਂਦਰ ਸਰਕਾਰ ਵੱਲੋਂ ਦਿੱਤੀ ਜਾਂਦੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਵਿੱਚ ਸੋਧਾਂ ਕੀਤੇ ਜਾਣ ਦਾ ਮਾਮਲਾ ਗਰਮਾ ਗਿਆ ਹੈ। ਐਸਸੀ ਸਮਾਜ ਨੇ ਚਿਤਾਵਨੀ ਦਿ-ਦਿਆਂ ਕਿਹਾ ਕਿ ਜੇ ਕੇਂਦਰ ਸਰਕਾਰ ਨੇ ਇਸ ਸਕੀਮ ਵਿੱਚ ਕੀਤੀਆਂ ਸੋਧਾਂ ਵਾਪਿਸ ਨਾ ਲਈਆਂ ਤਾਂ ਪੰਜਾਬ ਭਰ ਵਿੱਚ ਕੇਂਦਰ ਸਰਕਾਰ ਖ਼ਿਲਾਫ਼ ਅਰਥੀ ਫੂਕ ਮੁਜਾਹਰੇ ਕੀਤੇ ਜਾਣਗੇ।

ਪਟਿਆਲਾ ਵਿੱਚ ਐਸਸੀKਬੀਸੀ ਇੰਪਲਾਈਜ਼ ਫੈਡਰੇਸ਼ਨ, ਪੰਜਾਬ ਦੀ ਅਹਿਮ ਮੀਟਿੰਗ ਵਿੱਚ ਵਿਦਿਆਰਥੀਆਂ ਨਾਲ ਗੱਲਬਾਤ ਕਰਦਿਆਂ ਨੌਜਵਾਨ ਆਗੂ ਡਾ. ਜਤਿੰਦਰ ਸਿੰਘ ਮੱਟੂ ਨੇ ਕਿਹਾ ਕਿ ਕੇਂਦਰ ਇਕ ਸੋਚੀ ਸਮਝੀ ਸਾਜਿਸ਼ ਦੇ ਤਹਿਤ ਐਸਸੀ ਵਰਗ ਦੇ ਲੋਕਾਂ ਦੇ ਬੱਚਿਆਂ ਨੂੰ ਉੱਚ ਸਿੱਖਿਆ ਹਾਸਿਲ ਕਰਨ ਲਈ ਦਿੱਤੇ ਜਾਂਦੇ ਵਜ਼ੀਫੇ ਦਾ ਭਾਰ ਚੁੱਕਣ ਤੋਂ ਇਨਕਾਰ ਕਰਕੇ ਇਸ ਵਰਗ ਦੇ ਬੱਚਿਆਂ ਨੂੰ ਸਿੱਖਿਆ ਤੋਂ ਕੋਹਾਂ ਦੂਰ ਰੱਖਣ ਦੀ ਸਾਜਿਸ਼ ਘੜ ਰਿਹਾ ਹੈ।

ਡਾ. ਜਤਿੰਦਰ ਸਿੰਘ ਮੱਟੂ ਅਤੇ ਫੈਡਰੇਸ਼ਨ ਆਗੂ ਅਮਰੀਕ ਸਿੰਘ ਬੰਗੜ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੰਦਿਆ ਕਿਹਾ ਕਿ ਜੇ ਐਸ.ਸੀ ਵਰਗ ਦੇ ਬੱਚਿਆਂ ਨੂੰ ਮਿਲਦੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਵਿੱਚ ਕੀਤੀਆਂ ਸੋਧਾਂ ਇੱਕ ਦੋ ਦਿਨਾਂ ਵਿਚ ਵਾਪਿਸ ਨਾ ਲਈਆਂ ਤਾਂ ਪਟਿਆਲਾ ਦੇ ਨਾਲ ਨਾਲ ਪੰਜਾਬ ਭਰ ਵਿੱਚ ਕੇਂਦਰ ਸਰਕਾਰ ਖ਼ਿਲਾਫ਼ ਅਰਥੀ ਫੂਕ ਮੁਜਾਹਰੇ ਕੀਤੇ ਜਾਣਗੇ। ਇਸ ਮੀਟਿੰਗ ਵਿੱਚ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਅਮਰੀਕ ਸਿੰਘ ਬੰਗੜ, ਰਵੀ ਕੁਮਾਰ, ਬਲਵਿੰਦਰ ਸਿੰਘ, ਗੁਰਪ੍ਰੀਤ ਕੌਰ ਅਤੇ ਹੋਰ ਵਿਦਿਆਰਥੀ ਵੀ ਹਾਜ਼ਰ ਹੋਏ।

# ਸਕੂਲ ਦੇ ਨਲਕੇ ਤੋਂ ਪਾਣੀ ਨਹੀਂ ਪੀ ਸਕਦੇ 92 ਫੀਸਦੀ ਦਲਿਤ ਬੱਚੇ

## ਕਲਾਸ ਵਿਚ ਅੱਗੇ ਨਹੀਂ ਬੈਠਣ ਦਿੱਤਾ ਜਾਂਦਾ

**ਭੋਪਾਲ–** ਸਦੀਆਂ ਤੋਂ ਜਾਤੀ ਆਧਾਰਿਤ ਭੇਦਭਾਵ ਦਾ ਸ਼ਿਕਾਰ ਹੁੰਦੇ ਆ ਰਹੇ ਦਲਿਤਾਂ ਦੀ ਸਥਿਤੀ 'ਚ ਸੁਧਾਰ ਹੁੰਦਾ ਨਜ਼ਰ ਨਹੀਂ ਆ ਰਿਹਾ ਹੈ। ਮੱਧ ਪ੍ਰਦੇਸ਼ ਵਿਚ ਚਾਈਲਡ ਰਾਈਟ ਆਬਜ਼ਰਵੇਟਰੀ ਐਂਡ ਮੱਧ ਪ੍ਰਦੇਸ਼ ਦਲਿਤ ਮੁਹਿੰਮ ਸੰਸਥਾ ਵੱਲੋਂ ਕੀਤੇ ਗਏ ਨਵੇਂ ਸਰਵੇਖਣ ਇਯੇ ਤਸਵੀਰ ਨੂੰ ਸਾਹਮਣੇ ਲਿਆਉਂਦੇ ਹਨ। ਸਰਵੇ ਮੁਤਾਬਕ 92 ਫੀਸਦੀ ਦਲਿਤ ਬੱਚੇ ਸਕੂਲ ਵਿਚ ਖੁਦ ਪਾਣੀ ਲੈ ਕੇ ਨਹੀਂ ਪੀ ਸਕਦੇ, ਕਿਉਂਕਿ ਉਹਨਾਂ ਨੂੰ ਸਕੂਲ ਦੇ ਹੈਂਡਪੰਪ ਅਤੇ ਟੈਂਕੀ ਨੂੰ ਹੱਥ ਲਗਾਉਣ ਦੀ ਪਾਬੰਦੀ ਹੈ। 57 ਫੀਸਦੀ ਬੱਚਿਆਂ ਦਾ ਕਹਿਣਾ ਹੈ ਕਿ ਉਹ ਉਸ ਸਮੇਂ ਹੀ ਪਾਣੀ ਪੀ ਪਾਉਂਦੇ ਹਨ, ਜਦੋਂ ਗੈਰ ਦਲਿਤ ਬੱਚੇ ਉਹਨਾਂ ਨੂੰ ਉਪਰ ਤੋਂ ਪਾਣੀ ਪਿਲਾਉਂਦੇ ਹਨ।

28 ਫੀਸਦੀ ਬੱਚਿਆਂ ਦੇ ਮਾਤਾ-ਪਿਤਾ ਦਾ ਕਹਿਣਾ ਸੀ ਕਿ ਪਿਆਸ ਲੱਗਣ 'ਤੇ ਉਹਨਾਂ ਦੇ ਬੱਚੇ ਘਰ ਆ ਕੇ ਪਾਣੀ ਪੀਂਦੇ ਹਨ, ਜਦਕਿ 15 ਫੀਸਦੀ ਬੱਚਿਆਂ ਨੂੰ ਸਕੂਲ ਵਿਚ ਪਿਆਸਾ ਰਹਿਣਾ ਪੈਂਦਾ ਹੈ। ਕਲਾਸ ਵਿਚ ਅੱਗੇ ਬੈਠਣ ਨਹੀਂ ਦਿੱਤਾ ਜਾਂਦਾ। ਸਰਵੇਖਣ ਮੁਤਾਬਕ 93 ਫੀਸਦੀ ਬੱਚਿਆਂ ਨੂੰ ਕਲਾਸ ਵਿਚ ਅੱਗੇ ਦੀ ਲਾਈਨ ਵਿਚ ਨਹੀਂ ਬੈਠਣ ਦਿੱਤਾ ਜਾਂਦਾ। ਇਸਦੇ ਮੁਤਾਬਕ 79 ਫੀਸਦੀ ਬੱਚੇ ਪਿੱਛੇ ਦੀ ਲਾਈਨ ਵਿਚ, ਜਦਕਿ 14 ਫੀਸਦੀ ਬੱਚੇ ਵਿਚਕਾਰ ਦੀ ਲਾਈਨ ਵਿਚ ਬੈਠਦੇ ਹਨ। 88 ਫੀਸਦੀ ਬੱਚਿਆਂ ਮੁਤਾਬਕ ਉਹਨਾਂ ਨੂੰ ਟੀਚਰਾਂ ਦੇ ਭੇਦਭਾਵ ਦਾ ਸ਼ਿਕਾਰ ਹੋਣਾ ਪੈਂਦਾ ਹੈ। 23 ਫੀਸਦੀ ਬੱਚਿਆਂ ਦਾ ਕਹਿਣਾ ਹੈ ਕਿ ਗੈਰ ਦਲਿਤ ਦੇ ਮੁਕਾਬਲੇ ਟੀਚਰ ਉਹਨਾਂ ਨਾਲ ਜ਼ਿਆਦਾ ਸਖਤੀ ਨਾਲ ਪੇਸ਼ ਆਉਂਦੇ ਹਨ। 42 ਫੀਸਦੀ ਬੱਚਿਆਂ ਨੇ ਕਿਹਾ, ਟੀਚਰ ਉਹਨਾਂ ਨੂੰ ਜਾਤੀ ਆਧਾਰਿਤ ਨਾਂ ਨਾਲਆਵਾਜ਼ ਦਿੰਦੇ ਹਨ। ਇਸੇ ਤਰ੍ਹਾਂ 44 ਫੀਸਦੀ ਬੱਚਿਆਂ ਨੇ ਕਿਹਾ ਕਿ ਗੈਰ ਦਲਿਤ ਬੱਚੇ ਵੀ ਉਹਨਾਂ ਦੇ ਨਾਲ ਭੇਦਭਾਵ ਕਰਦੇ ਹਨ। 82 ਫੀਸਦੀ ਬੱਚਿਆਂ ਮੁਤਾਬਕ ਮਿਡ ਡੇ ਮੀਲ ਲਈ ਉਹਨਾਂ ਨੂੰ ਅਲੱਗ ਲਾਈਨ ਵਿਚ ਬਿਠਾਇਆ ਜਾਂਦਾ ਹੈ। ਸੰਸਥਾ ਨੇ ਸੂਬੇ ਦੇ ਪੰਜ ਮੁੱਖ ਖੇਤਰਾਂ ਬਘੇਲਖੰਡ, ਬੁੰਦੇਲਖੰਡ, ਚੰਬਲ, ਮਹਾਕੌਸਲ ਤੇ ਨਿਮਾੜ ਦੇ 10 ਜ਼ਿਲ੍ਹਿਆਂ ਦੇ 30 ਪਿੰਡਾਂ ਦੇ 412 ਦਲਿਤ ਪਰਿਵਾਰਾਂ ਦਾ ਸਰਵੇਖਣ ਕੀਤਾ ਗਿਆ। ਇਸ ਦੌਰਾਨ ਇਹਨਾਂ ਪਿੰਡਾਂ ਦੇ ਦਲਿਤ ਸਰਪੰਚ, ਸਿੱਖਿਅਕ, ਅਧਿਕਾਰੀ ਅਤੇ ਕਰਮਚਾਰੀਆਂ ਨਾਲ ਵੀ ਗੱਲਬਾਤ ਕੀਤੀ ਗਈ।

# ਹੁਣ ਮੁਫਤ ਹਾਇਰ ਐਜੂਕੇਸ਼ਨ ਨਹੀਂ ਲੈ ਸਕਣਗੇ ਐਸ.ਸੀ. ਵਿਦਿਆਰਥੀ

**ਪਟਿਆਲਾ–** ਪਹਿਲਾਂ ਹੀ ਮੋਦੀ ਸਰਕਾਰ ਤੋਂ ਨਰਾਜ ਚੱਲ ਰਹੇ ਦੇਸ਼ ਦੇ ਐਸ. ਸੀ. ਭਾਈਚਾਰੇ ਨੂੰ ਕੇਂਦਰ ਨੇ ਇਕ ਹੋਰ ਝਟਕਾ ਦਿੱਤਾ ਹੈ। ਹੁਣ ਇਸ ਵਰਗ ਦੇ ਵਿਦਿਆਰਥੀਆਂ ਤੋਂ ਮੁਫਤ ਹਾਇਰ ਐਜੂਕੇਸ਼ਨ ਦਾ ਹੱਕ ਖੋਹ ਲਿਆ ਗਿਆ ਹੈ। ਇਸ ਨੇ ਚਾਰੇ ਪਾਸੇ ਹਾਹਾਕਾਰ ਮਚਾ ਦਿੱਤੀ ਹੈ। ਨਵੇਂ ਨੋਟੀਫਿਕੇਸ਼ਨ ਮੁਤਾਬਕ ਵਿਦਿਆਰਥੀਆਂ ਨੂੰ ਕਾਲਜ ਵਿਚ ਦਾਖਲ ਹੋਣ ਵੇਲੇ ਪਹਿਲਾਂ ਪੂਰੀ ਫੀਸ ਜਮ੍ਹਾ ਕਰਵਾਉਣੀ ਪਵੇਗੀ।

ਲੰਘੇ 4 ਸਾਲਾਂ ਤੋਂ ਪੁਰਾਣੀ ਪਾਲਸੀ ਤਹਿਤ ਐਸ. ਸੀ. ਵਿਦਿਆਰਥੀਆਂ ਨੂੰ ਹਰ ਸਰਕਾਰੀ ਤੇ ਪ੍ਰਾਈਵੇਟ ਕਾਲਜ ਵਿਚ ਪੂਰੀ ਤਰ੍ਹਾਂ ਮੁਫਤ ਦਾਖਲਾ ਮਿਲਦਾ ਸੀ। ਕਾਲਜ ਇਹਨਾਂ ਵਿਦਿਆਰਥੀਆਂ ਦੇ ਪੈਸੇ ਪੰਜਾਬ ਸਰਕਾਰ ਰਾਹੀਂ ਕੇਂਦਰ ਸਰਕਾਰ ਤੋਂ ਲੈਂਦੇ ਸਨ। ਇਸ ਤਰ੍ਹਾਂ ਵਿਦਿਆਰਥੀਆਂ ਤੇ ਉਹਨਾਂ ਦੇ ਗਰੀਬ ਮਾਪਿਆਂ ਦੀ ਚਿੰਤਾ ਖਤਮ ਸੀ ਪਰ ਹੁਣ ਨਵੀਂ ਪਾਲਸੀ ਤਹਿਤ ਹਾਇਰ ਐਜੂਕੇਸ਼ਨ ਲੈਣ ਲਈ ਹਰ ਐਸ. ਸੀ. ਵਿਦਿਅਰਥੀ ਨੂੰ ਪਹਿਲਾਂ ਪੈਸਿਆਂ ਦੀ ਪੰਡ ਦਾ ਇੰਤਜ਼ਾਮ ਕਰਨਾ ਪਵੇਗਾ। ਇਸ ਤੋਂ ਬਾਅਦ ਹੀ ਦਾਖਲਾਹੋ ਸਕੇਗਾ। ਉਧਰੋਂ ਪਹਿਲਾਂ ਹੀ ਵਿੱਤੀ ਸੰਕਟ ਨਾਲ ਜੂਝ ਰਹੇ ਕਾਲਜਾਂ ਦੀਆਂ ਮੈਨੇਜਮੈਂਟਸ ਨੇ ਆਪਣੇ ਅਧਿਕਾਰੀਆਂ ਨੂੰ ਹੁਕਮ ਦਿੱਤੇ ਹਨ ਕਿ ਕਿਸੇ ਵੀ ਐਸ. ਸੀ. ਵਿਦਿਆਰਥੀ ਨੂੰ ਬਿਨਾਂ ਫੀਸ ਦਾਖਲ ਨਾ ਕੀਤਾ ਜਾਵੇ।

### ਬੰਦ ਹੋਣ ਕਿਨਾਰੇ ਪੁੱਜੇ ਕਾਲਜ<br>ਅਧਿਆਪਕਾਂ ਦੀਆਂ ਤਨਖਾਹਾਂ ਵੀ ਰੁਕੀਆਂ

ਸਰਕਾਰ ਨੇ ਕਾਲਜਾਂ ਦੇ ਅਰਬਾਂ ਰੁਪਏ ਦੇਣੇ ਹਨ, ਜਿਸ ਕਾਰਨ ਕਈ ਕਾਲਜ ਤਾਂ ਬੰਦ ਹੋਣ ਕਿਨਾਰੇ ਵੀ ਪਹੁੰਚ ਗਏ ਹਨ। ਅਧਿਆਪਕਾਂ ਦੀਆਂ ਤਨਖਾਹਾਂ ਵੀ ਰੁਕੀਆਂ ਪਈਆਂ ਹਨ। ਅੰਕੜਿਆਂ ਮੁਤਾਬਕ ਇਕੱਲੇ ਪਟਿਆਲਾ ਦੇ ਕਾਲਜਾਂ ਦੇ ਹੀ ਸਰਕਾਰ ਵੱਲ 40 ਕਰੋੜ ਦੇ ਲੱਗਭੱਗ ਬਕਾਇਆ ਖੜ੍ਹੇ ਹਨ। ਜਿਹੜੀਆਂ ਸਰਕਾਰਾਂ ਨੇ ਕਾਲਜਾਂ ਨੂੰ 4-4 ਸਾਲ ਦੇ ਪੈਸੇ ਨਹੀਂ ਮੋੜੇ, ਉਹ ਵਿਦਿਆਰਥੀਆਂ ਨੂੰ ਸਾਲ ਲੰਘਣ ਤੋਂ ਬਾਅਦ ਫੀਸਾਂ ਕਿਵੇਂ ਮੋੜਨਗੀਆਂ?

### ਸਿਰਫ 5 ਤੋਂ 7 ਫੀਸਦੀ ਐਸ. ਸੀ. ਵਿਦਿਆਰਥੀ ਪਹੁੰਚਦੇ ਹਨ ਹਾਇਰ ਐਜੂਕੇਸ਼ਨ ਤੱਕ

ਐਸ. ਸੀ. ਭਾਈਚਾਰੇ ਦੇ ਬੱਚਿਆਂ ਦਾ ਹਾਇਰ ਐਜੂਕੇਸ਼ਨ ਵੱਲ ਰੁਝਾਨ ਪਹਿਲਾਂ ਹੀ ਘੱਟ ਹੈ। ਮਿਲੇ ਅੰਕੜਿਆਂ ਅਨੁਸਾਰ ਸਿਰਫ 5 ਤੋਂ 7 ਫੀਸਦੀ ਬੱਚੇ ਹੀ ਹਾਇਰ ਐਜੂਕੇਸ਼ਨ ਵੱਲ ਜਾਂਦੇ ਸਨ। ਪਿਛਲੇ 4 ਸਾਲਾਂ ਤੋਂ ਇਹਨਾਂ ਅੰਕੜਿਆਂ ਵਿਚ ਵਾਧਾ ਹੋਇਆ ਸੀ ਕਿਉਂਕਿ ਇਹਨਾਂ ਬੱਚਿਆਂ ਦੀ ਫੀਸ ਪੂਰੀ ਮੁਆਫ ਸੀ। ਹੁਣ ਫਿਰ ਅੱਖਾਂ ਵਿਚ ਘੱਟਾ ਪਾਉਣ ਵਾਲੀ ਪਾਲਸੀ ਨੇ ਇਸ ਕੈਟੇਗਰੀ ਦੇ ਬਹੁਤੇ ਵਿਦਿਆਰਥੀਆਂ ਨੂੰ ਹਾਇਰ ਐਜੂਕੇਸ਼ਨ ਤੋਂ ਵਾਂਝਾ ਕਰ ਦੇਣਾ ਹੈ।

# ਗੁਜਰਾਤ ਵਿਚ 13 ਮੰਦਰਾਂ 'ਚ ਦਾਖਲ ਨਹੀਂ ਹੋ ਸਕਦੇ ਦਲਿਤ

**ਅਹਿਮਦਾਬਾਦ–** ਇਕ ਪਾਸੇ ਜਿੱਥੇ ਦੇਸ਼ ਨੂੰ ਵਿਕਾਸ ਤੇ ਡਿਜ਼ੀਟਲ ਇੰਡੀਆ ਦੀ ਰਾਹ ਵੱਲ ਲੈ ਜਾਣ ਦੇ ਦਾਅਵੇ ਕੀਤੇ ਜਾ ਰਹੇ ਹਨ, ਉਥੇ ਇਸੇ ਦੇਸ਼ ਵਿਚ ਛੋਟੀ ਜਾਤ ਵਾਲੇ ਹੋਣ ਕਾਰਨ ਦਲਿਤਾਂ ਨੂੰ ਅਣਮਨੁੱਖੀ ਮਾਹੌਲ ਦਾ ਸਾਹਮਣਾ ਕਰਨਾਂ ਪੈਂਦਾ ਹੈ। ਜਾਤੀ ਭੇਦਭਾਵ ਦੇ ਸ਼ਿਕਾਰ ਦਲਿਤਾਂ ਦੀ ਪੀ. ਐਮ. ਨਰਿੰਦਰ ਮੋਦੀ ਦੇ ਜੱਦੀ ਸੂਬੇ ਗੁਜਰਾਤ ਵਿਚ ਵੀ ਮਾੜੀ ਹਾਲਤ ਹੈ।

ਆਰਥਿਕ ਤੇ ਸਮਾਜਿਕ ਤੌਰ 'ਤੇ ਪੱਛੜੇ ਦਲਿਤਾਂ ਦੀ ਇੱਥੇ ਦੇ ਮੰਦਰਾਂ ਵਿਚ ਦਾਖਲ ਹੋਣ 'ਤੇ ਵੀ ਪਾਬੰਦੀ ਹੈ। ਇਹ ਗੱਲ ਸਰਕਾਰ ਵੱਲੋਂ ਬੀਤੇ ਦਿਨੀਂ ਵਿਧਾਨ ਸਭਾ ਵਿਚ ਵੀ ਸਵੀਕਾਰ ਕੀਤੀ ਗਈ।

ਗੁਜਰਾਤ ਵਿਚ ਅਜਿਹੇ 13 ਮੰਦਰ ਹਨ, ਜਿੱਥੇ ਦਲਿਤ ਦਾਖਲ ਨਹੀਂ ਹੋ ਸਕਦੇ। ਇਹ ਗੱਲ ਗੁਜਰਾਤ ਵਿਧਾਨ ਸਭਾ ਵਿਚ ਸੂਬੇ ਦੇ ਗ੍ਰਹਿ ਮੰਤਰੀ ਨੇ ਇਕ ਸਵਾਲ ਦੇ ਜਵਾਬ ਵਿਚ ਕਹੀ। ਮੰਤਰੀ ਨੇ ਦੱਸਿਆ ਕਿ ਸੂਬੇ ਦੇ ਜਿਹੜੇ 13 ਮੰਦਰ ਹਨ, ਉਹਨਾਂ ਵਿਚ ਅਹਿ-ਮਦਾਬਾਦ ਪੇਂਡੂ ਖੇਤਰ ਦਾ ਇਕ, ਭਰੂਚ ਦੇ ਤਿੰਨ, ਦੇਵਭੂਮੀ ਦਵਾਰਕਾ ਦਾ ਇਕ, ਗਿਰ-ਸੋਮਨਾਥ ਦੇ ਦੋ, ਪੋਰਬੰਦਰ ਦੇ ਦੋ, ਆਣੰਦ ਦੇ ਦੋ, ਮਹੀਸਾਗਰ ਦਾ ਇਕ ਅਤੇ ਇਸ ਤੋਂ ਇਲਾਵਾ ਬਨਾਰਸਕਾਂਠਾ ਦਾ ਇਕ ਮੰਦਰ ਸ਼ਾਮਲ ਹੈ।

ਸੂਬੇ ਵਿਚ ਦਲਿਤਾਂ ਨਾਲ ਭੇਦਭਾਵ ਦਾ ਉਦਾਹਰਣ ਹਾਲ ਵਿਚ ਉਦੋਂ ਸਾਹਮਣੇ ਆਇਆ ਸੀ, ਜਦੋਂ ਜਾਮ ਨਗਰ ਦੇ ਇਕ ਮੰਦਰ ਦੇ ਬਾਹਰ

ਦਲਿਤਾਂ ਨੂੰ ਦਾਖਲ ਹੋਣ ਤੋਂ ਰੋਕਣ ਦਾ ਪੋਸਟਰ ਲਗਾ ਦਿੱਤਾ ਸੀ। ਇਸ ਵਿਚ ਲਿਖਿਆ ਸੀ ਕਿ ਮੰਦਰ ਦੇ ਅੰਦਰ ਦਲਿਤ, ਮੁਸਲਮਾਨ, ਬੁਨਕਰ ਤੇ ਕੋਲੀ ਸਮਾਜ ਦੇ ਲੋਕ ਦਾਖਲ ਨਾ ਹੋਣ।

# ਸ੍ਰੀ ਗੁਰੂ ਅਰਜਨ ਸਾਹਿਬ ਅਤੇ ਬਾਣੀ 'ਤੇ ਟਿੱਪਣੀਆਂ ਕਰਨ ਵਾਲੇ ਨਰਾਇਣ ਦਾਸ ਵਿਰੁੱਧ ਰੋਸ ਮਾਰਚ





**ਲੁਧਿਆਣਾ–** ਖੁਦ ਨੂੰ ਹਿੰਦੂ ਨਾ ਮੰਨਣ ਵਾਲੀ ਤੇ ਵਿਲੱਖਣ ਪਹਿਚਾਣ ਰੱਖਣ ਵਾਲੀ ਸਿੱਖ ਕੌਮ ਨੂੰ ਨਿਗਲਣ ਲਈ ਆਰ ਐਸ ਐਸ ਵੱਲੋਂ ਆਏ ਦਿਨ ਘਿਨੌਣੀਆਂ ਹਰਕਤਾਂ ਤਾਂ ਕੀਤੀਆਂ ਹੀ ਜਾਂਦੀਆਂ ਰਹਿੰਦੀਆਂ ਹਨ ਪਰ ਹੁਣ ਤਾਂ ਇਸ ਨੇ ਹੱਦ ਹੀ ਕਰ ਦਿੱਤੀ ਹੈ। ਇਸਨੇ ਆਪਣੇ ਨਰਾਇਣ ਦਾਸ ਨਾਮ ਦੇ ਇੱਕ ਬੂਬਨੇ ਸਾਧ ਨੂੰ ਅੱਗੇ ਕਰ ਕੇ ਸ਼ਹੀਦਾਂ ਦੇ ਸਿਰਤਾਜ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਕ ਅਤੇ ਸਿੱਖਾਂ ਦੇ ਪੰਜਵੇਂ ਗੁਰੂ ਅਰਜਨ ਸਾਹਿਬ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਉਹਨਾਂ ਦੁਆਰਾ ਦਰਜ ਕੀਤੀ ਭਗਤਾਂ ਦੀ ਬਾਣੀ ਤੇ ਸਿੱਧਾ ਹਮਲਾ ਕਰਕੇ ਅੱਤ ਦਰਜੇ ਦੀ ਘਿਨੌਣੀ ਹਰਕਤ ਕੀਤੀ ਹੈ ਜਿਸਨੇ ਸਮੁੱਚੀ ਸਿੱਖ ਕੌਮ ਦੇ ਹਿਰਦੇ ਵਲੂੰਧਰ ਕੇ ਰੱਖ ਦਿੱਤੇ ਹਨ। ਅਜਿਹੇ ਬੂਬਨੇ ਸਾਧਾਂ ਜਾਂ ਸ਼ਰਾਰਤੀ ਤੱਤਾਂ ਦੁਆਰਾ ਵਾਰ ਵਾਰ ਕੀਤੇ ਜਾ ਰਹੇ ਹਮਲਿਆਂ ਤੇ ਪੂਰਨ ਤੌਰ ਤੇ ਪਾਬੰਧੀ ਲਗਾਉਣ ਅਤੇ ਇਸ ਬੂਬਨੇ ਸਾਧ ਤੇ ਪਰਚਾ ਦਰਜ ਕਰਵਾ ਤੁਰੰਤ ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ 'ਅਦਾਰਾ ਪਹਿਰੇਦਾਰ' ਦੇ ਮੁੱਖ ਸੰਪਾਦਕ ਸ: ਜਸਪਾਲ ਸਿੰਘ ਹੇਰਾਂ ਅਤੇ ਪੰਥਕ ਜੱਥੇਬੰਦੀਆਂ ਤੇ ਪੰਥ ਦਰਦੀਆਂ ਦੀ ਅਗਵਾਈ ਹੇਠ ਪੰਜਾਬੀ ਭਵਨ ਤੋਂ ਡੀ ਸੀ ਤੇ ਸੀ ਪੀ ਦਫਤਰ ਤੱਕ ਜੈਕਾਰਿਆਂ ਦੀ ਗੂੰਜ ਵਿੱਚ ਰੋਸ ਮਾਰਚ ਕੱਢਿਆ ਗਿਆ। ਡੀ ਸੀ ਦਫਤਰ ਵਿੱਚ ਕੁਝ ਸਮਾਂ ਧਰਨਾ ਦੇਣ ਤੋਂ ਬਾਅਦ ਡੀ ਸੀ ਰਾਹੀਂ ਪੰਜਾਬ ਸਰਕਾਰ ਨੂੰ ਮੰਗ ਪੱਤਰ ਭੇਜਿਆ। ਏਸੇ ਪ੍ਰਕਾਰ ਸੀ ਪੀ ਦਫਤਰ ਅੱਗੇ ਧਰਨਾ ਦੇ ਕੇ ਪੁਲਿਸ ਕਮਿਸ਼ਨਰ ਡਾ: ਸੁਖਚੈਨ ਸਿੰਘ ਗਿੱਲ ਨੂੰ ਲਿਖਤੀ ਸਿਕਾਇਤ ਦੇ ਕੇ ਪਰਚਾ ਦਰਜ ਕਰ ਤੁਰੰਤ ਗ੍ਰਿਫਤਾਰੀ ਦੀ ਮੰਗ ਕੀਤੀ। ਪੁਲਿਸ ਕਮਿਸ਼ਨਰ ਡਾ: ਗਿੱਲ ਨੇ ਪਰਚਾ ਦਰਜ ਕਰ ਦਾ ਪੱਕਾ ਭਰੋਸਾ ਦਿੱਤਾ। ਲਗਾਏ ਗਏ ਧਰਨੇ ਦੌਰਾਨ ਬੁਲ–ਾਰਿਆਂ ਸ: ਜਸਪਾਲ ਸਿੰਘ ਹੇਰਾਂ, ਵੱਖ ਵੱਖ ਸਿੱਖ ਜੱਥੇਬੰਦੀਆਂ ਦੇ ਆਗੂਆਂ ਜੱਥੇਦਾਰ ਜਰਨੈਲ ਸਿੰਘ ਯੂਨਾਈਟਡ ਸਿੱਖ ਪਾਰਟੀ, ਜੱਥੇਦਾਰ ਜਸਵੰਤ ਸਿੰਘ ਚੀਮਾ ਜਿਲਾ ਪ੍ਰਧਾਨ, ਜੱਥੇਦਾਰ ਪ੍ਰੀਤਮ ਸਿੰਘ ਮਾਨਗੜ, ਜੱਥੇਦਾਰ ਮਨਜੀਤ ਸਿੰਘ ਸਿਆਲਕੋਟੀ (ਸਾਰੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ), ਭਾਈ ਮਨਦੀਪ ਸਿੰਘ ਕੁੱਬੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ, ਭਾਈ ਵਿਸਾਖਾ ਸਿੰਘ ਪ੍ਰਣਾਮ ਸ਼ਹੀਦਾਂ ਨੂੰ ਸੰਘਰਸ਼ ਕਮੇਟੀ, ਜੱਥੇਦਾਰ ਕੁਲਦੀਪ ਸਿੰਘ ਖਾਲਸਾ ਮਾਲਵਾ ਤਰਣਾ ਦਲ, ਇੰਜ: ਮਨਵਿੰਦਰ ਸਿੰਘ ਗਿਆਸਪੁਰਾ ਹੋਂਦ ਚਿੱਲੜ ਤਾਲਮੇਲ ਕਮੇਟੀ, ਜਸਵੀਰ ਸਿੰਘ ਖੰਡੂਰ ਦਲ ਖਾਲਸਾ, ਐਡਵੋਕੇਟ ਹਰਪ੍ਰੀਤ ਸਿੰਘ ਜਮਾਲਪੁਰ ਡਾ ਅੰਬੇਡਕਰ ਸਿੱਖ ਫਾਊਡੇਸ਼ਨ, ਸਮਾਜਸੇਵੀ ਬਾਬਾ ਚਮਕੌਰ ਸਿੰਘ ਮੁੰਡੀਆਂ, ਕਾਮਰੇਡ ਅਮਰਨਾਥ ਕੂੰਮਕਲਾਂ ਲੋਕ ਸੰਘਰਸ਼ ਕਮੇਟੀ, ਪਰਮਿੰਦਰ ਸਿੰਘ ਗਿੱਦੜਵਿੰਡੀ ਗ੍ਰੰਥੀ ਸਭਾ, ਗੁਰਚਰਨ ਸਿੰਘ ਹਵਾਸ ਭਾਰਤੀ ਕਿਸਾਨ ਯੂਨੀਅਨ ਅਤੇ ਪੱਤਰਕਾਰ ਗੁਰਪ੍ਰੀਤ ਸਿੰਘ ਮਹਿਦੂਦਾਂ ਨੇ ਕਿਹਾ ਕਿ 14 ਮਈ ਨੂੰ ਇਸ ਬੂਬਨੇ ਸਾਧ ਨੇ ਇੱਕ ਵੀਡੀਓ ਵਾਇਰਲ ਕਰਕੇ ਪੰਜਵੇਂ ਗੁਰੂ ਸਾਹਿਬ ਬਾਰੇ ਜੋ ਬੇਹੱਦ ਗੁੰਮਰਾਹਕੁੰਨ ਟਿੱਪਣੀਆਂ ਕੀਤੀਆਂ ਹਨ ਉਹ ਭਗਤ ਰਵਿਦਾਸ, ਭਗਤ ਨਾਮਦੇਵ ਅਤੇ ਭਗਤ ਕਬੀਰ ਸਾਹਿਬ ਨਾਲ ਸਬੰਧਿਤ ਭਾਈਚਾਰੇ ਵਿੱਚ ਜਹਿਰ ਪੈਦਾ ਕਰਨ ਲਈ ਕੀਤੀਆਂ ਗਈਆਂ ਹਨ। ਏਹ ਟਿੱਪਣੀਆਂ ਆਰ ਐਸ ਐਸ ਵਰਗੀ ਭਗਵੀਂ ਤੇ ਦੇਸ਼ ਵਿੱਚ ਹਿੰਦੂ ਰਾਸ਼ਟਰ ਸਥਾਪਿਤ ਕਰਨ ਲਈ ਕਾਹਲੀ ਪਈ ਜੱਥੇਬੰਦੀ ਦੇ ਇਸਾਰੇ ਤੇ ਕੀਤੀ ਗਈ ਹੈ। ਇਹ ਟਿੱਪਣੀਆਂ ਕੇਵਲ ਗੁਰੂ ਸਾਹਿਬ ਤੇ ਨਹੀ ਬਲਕਿ ਉਹਨਾਂ ਦੁਆਰਾ ਸੰਪਾਦਿਕ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਵੀ ਸਿੱਧਾ ਹਮਲਾ ਹਨ। ਇਹਨਾਂ ਦਾ ਮਨੋਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮਤਾ, ਸਮਾਨਤਾ ਤੇ ਆਪਸੀ ਭਾਂਈਚਾਰੇ ਦੀ ਮਾਨਵਤਾਵਾਦੀ ਵਿਚਾਰਧਾਰਾ ਨੂੰ ਢਾਹ ਲਾਉਣਾ ਹੈ ਅਤੇ ਵਿਚਾਰੰਰਾ ਦੀ ਥਾਂ ਤੇ ਗੈਰਬਰਾਬਰੀ ਵਾਲੀ ਬ੍ਰਾਹਮਣਵਾਦੀ ਵਿਵਸਥਾ ਨੂੰ ਕਾਇਮ ਕਰਨਾ ਹੈ। ਬੁਲਾਰਿਆਂ ਨੇ ਕਿਹਾ ਕਿ ਬ੍ਰਾਹਮਣਵਾਦੀਆਂ ਨੇ ਹਮੇਸ਼ਾਂ ਅਜਿਹੀਆਂ ਕਿਰਿਆਵਾਂ ਕੀਤੀਆਂ ਹਨ ਜਿਹਨਾਂ ਤੇ ਧਾਰਮਿਕ ਘੱਟ ਗਿਣਤੀਆਂ ਅਤੇ ਪਿਛੜਿਆਂ ਨੂੰ ਮਜਬੂਰੀ ਵਸ ਪ੍ਰਤੀਕਿਰਿਆ ਕਰਨੀ ਪਈ। ਪ੍ਰਤੀਕਿਰਿਆ ਕੀਤੇ ਜਾਣ ਅਤੇ ਨਾ ਕੀਤੇ ਜਾਣ ਦੋਵਾਂ ਦਾ ਲਾਭ ਆਰ ਐਸ ਐਸ ਵਰਗੀਆਂ ਬ੍ਰਾਹਮਣਵਾਦੀ ਤਾਕਤਾਂ ਨੂੰ ਹੁੰਦਾ ਹੈ।

ਬੁਲਾਰਿਆਂ ਨੇ ਕਿਹਾ ਕਿ ਹੁਣ ਬਹੁਤ ਹੋ ਗਿਆ ਅਸੀ ਮੋਜੂਦਾ ਸਮੇਂ ਵਰਗੇ ਹੋਏ ਹਮਲਿਆਂ ਨੂੰ ਹੋਰ ਬਰਦਾਸਤ ਨਹੀ ਕਰਾਂਗੇ ਅਤੇ ਜੇਕਰ ਪੰਜਾਬ ਸਰਕਾਰ ਨੇ ਇਸ ਸਬੰਧੀ ਠੋਸ ਕਾਰਵਾਈ ਅਮਲ ਵਿੱਚ ਨਾ ਲਿਆਂਦੀ ਤਾਂ ਅਸੀ ਆਪਣੇ ਪੱਧਰ ਕੇ ਕਾਰਵਾਈਆਂ ਕਰਨ ਲਈ ਮਜਬੂਰ ਹੋਵੇਗਾ ਜਿਸ ਵਿੱਚੋਂ ਨਿਕਲਣ ਵਾਲੇ ਨਤੀਜਿਆਂ ਲਈ ਸਰਕਾਰ ਅਤੇ ਪ੍ਰਸ਼ਾਸਨ ਖੁਦ ਜਿੰਮੇਵਾਰ ਹੋਵੇਗਾ। ਇਸ ਮੌਕੇ ਪ੍ਰਦੀਪ ਸਿੰਘ ਖਾਲਸਾ, ਕੁਲਵੰਤ ਸਿੰਘ ਸਿੱਧੂ, ਜਰਨੈਲ ਸਿੰਘ ਸ਼ਿਮਲਾਪੁਰੀ, ਡਾ: ਦੀਪਕ ਮੰਨਣ, ਜੱਥੇਦਾਰ ਸਤਪਾਲ ਸਿੰਘ ਦੁਆਬੀਆ, ਇੰਦਰਮੋਹਣ ਸਿੰਘ, ਫਤਿਹ ਸਿੰਘ, ਹਰਜੀਤ ਪਾਲ ਸਿੰਘ, ਕੁਲਵੰਤ ਸਿੰਘ ਸਲੇਮਟਾਬਰੀ, ਬਲਦੇਵ ਸਿੰਘ ਸੇਠੀ, ਮੰਗਲ ਸਿੰਘ ਆਨੰਦਪੁਰੀ, ਗੁਰਸੇਵਕ ਸਿੰਘ ਆਨੰਦਪੁਰੀ, ਇੰਦਰਜੀਤ ਸਿੰਘ, ਪਰਮਜੀਤ ਸਿੰਘ, ਹਰਪ੍ਰੀਤ ਸਿੰਘ, ਜੋਰਾ ਸਿੰਘ, ਕੁਲਵੰਤ ਕੌਰ ਖਾਲਸਾ, ਗੁਰਨਾਮ ਸਿੰਘ ਹੀਰਾ, ਸਾਬਕਾ ਸਰਪੰਚ ਸੁਖਵਿੰਦਰ ਸਿੰਘ, ਆਤਮਾ ਸਿੰਘ, ਸੁਰਿੰਦਰ ਸਿੰਘ, ਹਰਨੇਕ ਸਿੰਘ ਢੋਲਣਵਾਲ, ਪਰਮਦੀਪ ਸਿੰਘ ਭਮਾ ਖੁਰਦ, ਹਰਮੀਤ ਸਿੰਘ ਮਾਨਗੜ, ਹਰਜੀਤ ਸਿੰਘ, ਬਲਵੰਤ ਸਿੰਘ, ਪਰਮਿੰਦਰ ਸਿੰਘ ਖਾਲਸਾ, ਹਰਪਾਲ ਸਿੰਘ, ਜਗਦੀਪ ਸਿੰਘ, ਮਹਿੰਦਰ ਸਿੰਘ ਸ਼ਾਹਪੁਰੀਆ, ਜਤਿੰਦਰ ਸਿੰਘ ਛਿੰਦਾ, ਜਗਦੇਵ ਸਿੰਘ ਪੰਨਾ, ਹਰਭਜਨ ਸਿੰਘ ਬਿੱਟੂ, ਰਾਮ ਸਿੰਘ, ਹਰਜਿੰਦਰ ਸਿੰਘ ਕਿੰਗ, ਰਾਮ ਲਾਲ, ਕਮਲਜੀਤ ਸਿੰਘ ਨਰੂਲਾ, ਅਸ਼ਵਨੀ ਸ਼ਰਮਾ, ਇੰਦਰਜੀਤ ਸ਼ਰਮਾ, ਪ੍ਰਦੀਪ ਸਿੰਘ, ਪਰਮਜੀਤ ਸਿੰਘ ਡਾਬਾ, ਰਾਧੇ ਸ਼ਾਮ, ਠੇਕੇਦਾਰ ਮਨਜੀਤ ਸਿੰਘ, ਦੇਵ ਸਰਾਭਾ, ਮੋਹਣ ਸਿੰਘ ਸੰਗੋਵਾਲ, ਹਰਭਜਨ ਸਿੰਘ ਬਿੱਟੂ, ਹਰਦੀਪ ਸਿੰਘ ਸਰਾਭਾ, ਪੱਥਰਪਾੜ ਸਿੰਘ, ਦਿਲਪ੍ਰੀਤ ਸਿੰਘ ਡੀਸੀ, ਭੁਝੰਗੀ ਸੁੱਖਾ ਸਿੰਘ ਤੇ ਫਤਿਹ ਸਿੰਘ, ਦਵਿੰਦਰ ਸਿੰਘ, ਸਨੀ ਸੂਜਾਪੁਰੀਆ, ਬਲਵਿੰਦਰ ਸਿੰਘ ਕਟਾਣੀ, ਜੱਥੇਦਾਰ ਸਵਰਨ ਸਿੰਘ ਅਤੇ ਹੋਰ ਹਾਜਰ ਸਨ।

# 'ਡਾ: ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ? ਦੋਸ਼ੀ ਕੌਣ' ਕਿਤਾਬ ਦੇ ਵਿਚਾਰ ਚਰਚਾ 26 ਮਈ ਨੂੰ

**ਲੁਧਿਆਣਾ–**ਡਾ: ਭੀਮ ਰਾਓ ਅੰਬੇਡਕਰ ਸਿੱਖ ਫਾਊਡੇਸ਼ਨ ਦੇ ਸੂਬਾ ਕਨਵੀਨਰ ਐਡਵੋਕੇਟ ਹਰਪ੍ਰੀਤ ਸਿੰਘ ਜਮਾਲਪੁਰ ਦੀ ਅਗਵਾਈ ਹੇਠ ਡਾ: ਅੰਬੇਡਕਰ ਲਾਇਬਰੇਰੀ ਜਮਾਲਪੁਰ ਵਿਖੇ ਇੱਕ ਮੀਟਿੰਗ ਰੱਖੀ ਗਈ ਜਿਸ ਵਿੱਚ 'ਡਾ: ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ? ਦੋਸ਼ੀ ਕੌਣ' ਕਿਤਾਬ ਦੇ ਲੇਖਕ ਸ: ਮੱਲ ਸਿੰਘ ਅਤੇ ਇੰਟਰਨੈਸ਼ਨਲ ਹਿਊਮਨ ਰਾਈਟਸ ਆਰਗੇਨਾਈਜੇਸ਼ਨ ਦੇ ਮੁੱਖੀ ਅਤੇ ਸਿੱਖ ਚਿੰਤਕ ਐਡਵੋਕੇਟ ਡੀ ਐਸ ਗਿੱਲ ਵਿਸ਼ੇਸ ਤੌਰ ਤੇ ਪਹੁੰਚੇ। ਉਨ੍ਹਾਂ 26 ਮਈ ਦਿਨ ਸ਼ਨੀਵਾਰ ਨੂੰ ਉਪਰੋਕਤ ਕਿਤਾਬ ਤੇ ਰੱਖੀ ਵਿਚਾਰ ਚਰਚਾ ਦੇ ਸਮਾਰੋਹ ਦੀਆਂ ਤਿਆਰੀਆਂ ਦਾ ਜਾਇਜਾ ਲਿਆ। ਜਿਸ ਸਬੰਧੀ ਗੱਲ ਕਰਦਿਆਂ ਐਡਵੋਕੇਟ ਜਮਾਲਪੁਰ ਨੇ ਕਿਹਾ ਕਿ ਏਹ ਕਿਤਾਬ ਸਿੱਖਾਂ ਅਤੇ ਅੰਬੇਡਕਰੀਆਂ ਲਈ ਇੱਕ ਅਹਿਮ ਦਸਤਾਵੇਜ ਦਾ ਕੰਮ ਕਰੇਗੀ ਕਿਉਂਕਿ ਕਿਤਾਬ ਦੇ ਲੇਖਕ ਨੇ ਇਸ ਨੂੰ ਲਿਖਣ ਲਈ ਬਹੁਤ ਜਿਆਦਾ ਮੇਹਨਤ ਕੀਤੀ ਹੈ ਅਤੇ ਹਰ ਪੱਖ ਦੀ ਡੂੰਘਾਈ ਵਿੱਚ ਜਾ ਕੇ ਹੀ ਉਸ ਨੂੰ ਸਬਦਾਂ ਦਾ ਰੂਪ ਦਿੱਤਾ ਹੈ। ਏਹ ਕਿਤਾਬ ਭੂਤਕਾਲ 'ਚ ਪੈਦਾ ਹੋਏ ਬਹੁਤ ਸਾਰੇ ਭਰਮ ਭੁਲੇਖਿਆਂ ਨੂੰ ਦੂਰ ਕਰੇਗੀ ਅਤੇ ਭਵਿੱਖ ਲਈ ਚਾਨਣ ਮੁਨਾਰੇ ਦਾ ਕੰਮ ਕਰੇਗੀ। ਉਨ੍ਹਾਂ ਕਿਹਾ ਕਿ ਪੰਜਾਬ ਅਤੇ ਵਿਸ਼ਵ ਦੇ ਕਈ



ਨਾਮੀਂ ਬੁੱਧੀਜੀਵੀਆਂ (ਸਿੱਖ/ਅੰਬੇਡਕਰੀ) ਨੂੰ ਏਹ ਕਿਤਾਬ ਭੇਜੀ ਜਾ ਚੁੱਕੀ ਹੈ ਜੋ 26 ਮਈ ਨੂੰ ਅੰਬੇਡਕਰ ਸਿੱਖ ਫਾਊਡੇਸ਼ਨ, ਗੁਰਦੁਆਰਾ ਗੁਰੂ ਰਵਿਦਾਸ ਜੀ ਜਮਾਲਪੁਰ ਚੰਡੀਗੜ੍ਹ ਰੋਡ ਵਿਖੇ ਸਵੇਰੇ 11 ਵਜੇ ਤੋਂ ਸ਼ਾਮੀਂ 3 ਵਜੇ ਤੱਕ ਆਯੋਜਿਤ ਇਸ ਸਮਾਰੋਹ ਵਿੱਚ ਸਿਰਕਤ ਕਰਕੇ ਇਸਦੇ ਹਰ ਪਹਿਲੂ ਤੇ ਵਿਚਾਰ ਦੇਣਗੇ। ਉਨ੍ਹਾਂ ਹਰ ਭਾਈਚਾਰੇ ਦੇ ਲੋਕਾਂ ਨੂੰ ਇਸ ਸਮਾਗਮ ਵਿੱਚ ਪਹੁੰਚਣ ਦੀ ਅਪੀਲ ਵੀ ਕੀਤੀ ਤਾਂ ਕਿ ਉਹ ਵੱਧ ਤੋਂ ਵੱਧ ਜਾਣਕਾਰੀ ਲੈ ਕੇ ਅੱਗੇ ਹੋਰਨਾਂ 'ਚ ਏਹ ਜਾਣਕਾਰੀ ਵੰਡਣ ਜੋ ਦੇਸ਼ ਹਿੱਤ ਵਿੱਚ ਕੰਮ ਕਰੇਗੀ। ਇਸ ਮੌਕੇ ਬਲਾਕ ਸੰਮਤੀ ਮੈਂਬਰ ਅਤੇ ਮੂਲਨਿਵਾਸੀ ਬਹੁਜਨ ਸਮਾਜ ਦੇ ਚਿੰਤਕ ਲਾਭ ਸਿੰਘ ਭਾਮੀਆਂ ਅਤੇ ਸਿੱਖ ਚਿੰਤਕ ਜਸਵਿੰਦਰ ਸਿੰਘ ਆਦਿ ਵੀ ਹਾਜਰ ਸਨ।

# ਸ਼੍ਰੋਮਣੀ ਅਕਾਲੀ ਦਲ ਨੂੰ ਭਾਜਪਾ ਦਾ ਸਾਥ ਛੱਡ ਕੇ ਬਹੁਜਨਾਂ ਦਾ ਹੱਥ ਫੜਨਾ ਚਾਹੀਦਾ ਹੈ- ਬਸਪਾ ਆਗੂ

**ਹੁਸ਼ਿਆਰਪੁਰ–** ਸਿੱਖ ਧਰਮ ਦੀ ਇਕ ਵੱਖਰੀ ਪਹਿਚਾਣਹੈ ਜਦੋਂ ਬਹੁਜਨਾਂ ਉਪਰ ਜੁਲਮ ਹੁੰਦਾ ਹੈ, ਉਦੋਂ ਸਮੇਂ ਸਮੇਂ ਗੁਰੂਆਂ, ਮਹਾਂਪੁਰਸ਼ਾਂ ਵੱਲੋਂ ਜੁਲਮ ਖਿਲਾਫ ਸੰਘਰਸ਼ ਕੀਤਾ ਜਾਂਦਾ ਹੈ। ਇਤਿਹਾਸ ਗਵਾਹ ਹੈ। ਇਹ ਵਿਚਾਰ ਪ੍ਰਗਟ ਕਰਦਿਆਂ ਬੀਬੀ ਮਹਿੰਦਰ ਕੌਰ ਹਲਕਾ ਪ੍ਰਧਾਨ ਬਹੁਜਨ ਸਮਾਜ ਪਾਰਟੀ ਹੁਸ਼ਿਆਰਪੁਰ ਨੇ ਕਿਹਾ ਕਿ ਸਿੱਖਾਂ ਦੇ ਇਤਿਹਾਸ ਨੂੰ ਆਰ. ਐਸ. ਐਸ. ਤੋੜ–ਮਰੋੜ ਕੇ ਪੇਸ਼ ਕਰ ਰਹੀ ਹੈ। ਕੁਝ ਦਿਨਾਂ ਤੋਂ ਅਖਬਾਰਾਂ ਤੇ ਸੋਸ਼ਲ ਮੀਡੀਆ 'ਤੇ ਆਈਆਂ ਖਬਰਾਂ ਤੋਂ ਬਹੁਜਨ ਸਮਾਜ ਨੂੰ ਬਹੁਤ ਵੱਡਾ ਦੁੱਖ ਲੱਗਾ ਪਰ ਸਿੱਖ ਧਰਮ ਦੇ ਹੱਕ ਵਿਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਕੋਈ ਬਿਆਨ ਜਾਰੀ ਨਹੀਂ ਹੋਇਆ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਭਾਜਪਾ ਦਾ ਸਾਥ ਛੱਡ ਕੇ ਬਹੁਜਨ ਸਮਾਜ ਨਾਂਲ ਸਮਝੌਤਾ ਕਰਨ ਕਿਉਂਕਿ ਭਾਜਪਾ ਦਾ ਇਕ ਵਿੰਗ ਆਰ.




ਐਸ. ਐਸ. ਹੈ ਤੇ ਬੀਬੀ ਮਹਿੰਦਰ ਕੌਰ ਨੇ ਕਿਹਾ ਕਿ ਆਰ. ਐਸ. ਐਸ. ਭਾਰਤ ਵਿਚ ਸਿੱਖ ਵਿਰੋਧੀ, ਇਸਾਈ ਵਿਰੋਧੀ, ਦਲਿਤ ਵਿਰੋਧੀ, ਮੁਸਲਮਾਨ ਵਰੋਧੀ ਹਮੇਸ਼ਾ ਰਹੀ ਹੈ ਅਤੇ ਬਹੁਜਨ ਸਮਾਜ ਪਾਰਟੀ ਸਾਰੇ ਧਰਮਾਂ ਦਾ ਸਤਿਕਾਰ ਕਰਦੀ ਹੈ, ਸਦਾ ਕਰਦੀ ਰਹੇਗੀ। ਉਹਨਾਂ ਕਿਹਾ ਕਿ ਪੰਜਾਬ 'ਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਜੇਕਰ ਬਹੁਜਨ ਸਮਾਜ ਪਾਰਟੀ ਨਾਲ ਸਮਝੌਤਾ ਹੁੰਦਾ ਤਾਂ ਅੱਜ ਸੱਤਾ ਵਿਚ ਹੋਣਾ ਸੀ। ਜਿਹੜੇ ਬਹੁਜਨ ਸਮਾਜ ਨਾਲ ਨਫਰਤ ਕਰਦੇ ਹਨ, ਉਹ ਸੱਤਾ 'ਚ ਕਿਸ ਤਰ੍ਹਾਂ ਆ ਸਕਦੇ ਹਨ। ਜੇਕਰ ਸ਼੍ਰੋਮਣੀ ਅਕਾਲੀ ਦਲ ਬਹੁਜਨ ਸਮਾਜ ਨਾਲ ਗੱਠਜੋੜ ਕਰੇ ਤਾਂ ਪੰਜਬ ਦੀ ਸੱਤਾ ਵਿਚ ਆ ਸਕਦੇ ਹਨ।



ਪੈਰ੍ਹਾਂ ਚ ਚੱਪਲ, ਦਿਮਾਗ ਚ ਅੰਬੇਡਕਰ, ਦਿਲ ਵਿੱਚ ਸਮਾਜ ਦਾ ਦਰਦ, ਅਸਮਾਨ ਦੀ ਉਚਾਈ ਤੱਕ ਜਾ ਕੇ ਵੀ ਕਿੰਨ੍ਹਾ ਜ਼ਮੀਨ ਨਾਲ ਜੁੜ੍ਹੇ ਰਹਿਣਾ, ਕੋਈ ਸਾਹਿਬ ਤੋਂ ਸਿੱਖੇ।

# ਲੇਖਿਕਾ ਬੇਅੰਤ ਕੌਰ ਗਿੱਲ ਦੀ ਪੁਸਤਕ "ਅਕਲਾਂ ਵਾਲਿਓ ਮੋੜੋ ਮੁਹਾਰਾਂ" ਲੋਕ ਅਰਪਣ

**ਬਠਿੰਡਾ–** ਯੂਨੀਵਰਸਲ ਸਾਹਿਤਕ ਸੰਸਥਾ ਪਿੰਡ ਕੜਿਆਲ ਵਿਖੇ ਹੋਏ ਇੱਕ ਸਾਹਿਤਕ ਪ੍ਰੋਗਰਾਮ ਦੌਰਾਨ ਲੇਖਿਕਾ ਬੇਅੰਤ ਕੌਰ ਗਿੱਲ ਦੀ ਕਿਤਾਬ ''ਅਕਲਾਂ ਵਾਲਿਓ ਮੋੜੋ ਮੁਹਾਰਾਂ'' ਲੋਕ ਅਰਪਣ ਕੀਤੀ ਗਈ। ਗੁਰਪ੍ਰੀਤ ਧਰਮਕੋਟ ਨੇ ਇਸ ਕਿਤਾਬ ਨੂੰ ਪੜਨਯੋਗ ਦੱਸਿਆ ਅਤੇ ਕਿਹਾ ਕਿ ਇਸ ਕਿਤਾਬ ਵਿੱਚ ਚਲੰਤ ਮਸਲਿਆਂ ਨੂੰ ਬੜੀ ਹੀ ਬਾਰੀਕੀ ਨਾਲ ਛੂਹਿਆ ਗਿਆ ਹੈ। ਜਸਵੰਤ ਕੜਿਆਲ ਨੇ ਇਸ ਕਿਤਾਬ ਦੇ ਸਬੰਧ ਚ' ਬੋਲਦਿਆਂ ਕਿਹਾ ਕਿ ਇਸ ਕਿਤਾਬ ਵਿਚ ਪੱਚੀ ਲਘੂ ਨਿਬੰਧ ਹਨ, ਜਿਸ ਵਿੱਚ ਕਿਸਾਨੀ ਸੰਕਟ ਤੋਂ ਲੈ ਕੇ ਰਿਸਤਿਆਂ ਦੀ ਟੁੱਟ–ਫੁੱਟ ਤੱਕ ਅਨੇਕ ਵਿਸ਼ਿਆ ਨੂੰ ਛੋਹਿਆ ਗਿਆ ਹੈ ਅਤੇ ਨਿਬੰਧ ਜ਼ਿਹਨ ਵਿੱਚ ਕਈ ਛੋਟੇ–ਛੋਟੇ ਪ੍ਰਸ਼ਨ ਪੈਦਾ ਕਰਦੇ ਆਂ, ਜੋ ਪਾਠਕਾਂ ਨੂੰ ਸੋਚਣ ਲਈ ਮਜਬੂਰ ਕਰਦੇ ਹਨ। ਗੁਰਦੀਪ ਚੀਮਾ ਜੀ ਨੇ ਲੇਖਿਕਾ ਬੇਅੰਤ ਕੌਰ ਗਿੱਲ ਨੂੰ ਮੁਬਾਰਕਬਾਦ ਦਿੰਦੇ ਹੋਏ ਭਵਿੱਖ ਵਿੱਚ ਇਸ ਕਲਮ ਤੋਂ ਢੇਰ ਆਸਾਂ ਹੋਣ ਦੀ ਗੱਲ ਕਹੀ। ਇਸ ਸਾਹਿਤ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਸ੍ਰੀ


ਮੁਨੀਸ਼ ਕੁਮਾਰ ਮੋਟੀਵੇਟਰ ਸ਼ਾਮਿਲ ਹੋਏ। ਕਵੀ ਦਰਬਾਰ ਵੀ ਹੋਇਆ, ਜਿਸ ਵਿੱਚ ਸੋਨੀ ਮੋਗਾ, ਗਗਨਦੀਪ ਸਿੰਘ, ਨਮਨਦੀਪ ਕੌਰ, ਜਤਿਨ ਖਰਬੰਦਾ, ਗੁਰਮੀਤ ਰੱਖੜਾ ਕੜਿਆਲ, ਪਿਆਰਾ ਸਿੰਘ, ਗੁਰਪ੍ਰੀਤ ਧਰਮਕੋਟ, ਹਰਕੀਰਤ ਸਿੰਘ ਸੇਖੋਂ, ਗੁਰਬਿੰਦਰ ਸਿੰਘ, ਸ੍ਰੀ ਮੁਨੀਸ਼ ਕੁਮਾਰ, ਗਗਨਦੀਪ ਸਿੰਘ ਸੌਂਦ, ਜਸਪ੍ਰੀਤ ਸਿੰਘ, ਅਮਨਦੀਪ ਸਿੰਘ, ਬੇਅੰਤ ਕੌਰ ਗਿੱਲ ਅਤੇ ਗੁਰਦੀਪ ਸਿੰਘ ਚੀਮਾ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆ। ਮੰਚ ਸੰਚਾਲਨ ਦੀ ਭੂਮਿਕਾ ਅਮਨਦੀਪ ਸਿੰਘ ਨੇ ਬਾਖੂਬੀ ਨਿਭਾਈ।

**–ਗੁਰਬਾਜ ਗਿੱਲ**

# ਨਾੜ ਨੂੰ ਅੱਗ ਲਗਣ ਕਾਰਨ 15 ਖੇਤ ਕਮਾਦ ਅਤੇ 5 ਖੇਤ ਨਾੜ ਹੋਏ ਸੜ ਕੇ ਸੁਆਹ

## ਪਾਬੰਦੀ ਦੇ ਬਾਵਜੂਦ ਕਿਸਾਨਾਂ ਵੱਲੋਂ ਸਾੜਿਆ ਜਾ ਰਿਹਾ ਹੈ ਇਲਾਕੇ ਵਿੱਚ ਨਾੜ, ਪ੍ਰਸ਼ਾਸਨ ਬੇਖਬਰ

**ਅਲਾਵਲਪੁਰ (ਮਦਨ ਬੰਗੜ)–** ਦੋਲੀਕੇ- ਅਲਾਵਲਪੁਰ ਸੜਕ ਦੇ ਨਾਲ ਲੱਗਦੇ ਖੇਤਾਂ ਵਿੱਚ ਇੱਕ ਕਿਸਾਨ ਵੱਲੋਂ ਆਪਣੇ ਖੇਤ ਵਿੱਚ ਨਾੜ ਨੂੰ ਅੱਗ ਲਗਾਉਣ ਕਾਰਨ ਨਾਲ ਲਗਦੇ ਕਿਸਾਨਾਂ ਦੇ ਖੇਤਾਂ ਵਿੱਚ 14 ਖੇਤ ਮੋਢਾ ਕਮਾਦ ਇੱਕ ਖੇਤ ਖੜ੍ਹਾ ਗੰਨਾ ਅਤੇ 5 ਖੇਤ ਨਾੜ ਵੀ ਸੜ ਕੇ ਸੁਆਹ ਹੋ ਗਏ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਧਰਮਿੰਦਰ ਸਿੰਘ ਦੋਲੀਕੇ ਨੇ ਦੱਸਿਆ ਕਿ ਉਸ ਦਾ ਭਾਰੀ ਨੁਕਸਾਨ ਹੋਇਆ ਹੈ ਉਸ ਨੇ ਦੱਸਿਆ ਕਿ ਉਸ ਦੇ ਚੌਦਾਂ ਖੇਤ ਮੋਢਾ ਕਮਾਦ ਇੱਕ ਖੇਤ ਖੜ੍ਹਾ ਗੰਨਾ ਪੰਜ ਖੇਤ ਨਾੜ ਸੜ ਚੁੱਕਾ ਹੈ ਉਸ ਨੇ ਦੱਸਿਆ ਕਿ ਖੜ੍ਹਾ ਗੰਨਾ ਅਤੇ ਨਾੜ ਉਸ ਨੇ ਵੇਚੇ ਹੋਏ ਸਨ ਦੂਸਰੇ ਕਿਸਾਨ ਕੁਲਬੀਰ ਸਿੰਘ ਰਸੂਲਪੁਰ ਬ੍ਰਾਹਮਣਾਂ ਨੇ ਦੱਸਿਆ ਕਿ ਉਸ ਦਾ ਖੜ੍ਹਾ ਕਮਾਦ 4 ਕਨਾਲ ਅਤੇ ਮੋਢਾ 6 ਕਨਾਲ ਸੜ ਕੇ ਸੁਆਹ



ਹੋ ਗਿਆ।

ਤੀਸਰੇ ਕਿਸਾਨ ਬਲਜੀਤ ਸਿੰਘ ਪੁਤਰ ਜੋਗਿੰਦਰ ਸਿੰਘ ਅਲਾਵਲਪੁਰ ਨੇ ਦੱਸਿਆ ਕਿ ਉਸ ਦਾ ਬਾਗ਼ ਵੀ ਇਸ ਅੱਗ ਦੀ ਲਪੇਟ ਵਿੱਚ ਆ ਗਿਆ ਜਿਸ ਵਿੱਚ ਪੰਜਾਹ ਕਿੰਨੂਆਂ ਦੇ ਬੂਟੇ ਅੱਗ ਦੀ ਲਪੇਟ ਵਿੱਚ ਆਉਣ ਕਾਰਨ ਝੁਲਸ ਚੁੱਕੇ ਹਨ ਇਸ ਸਬੰਧੀ ਸਥਾਨਕ ਪੁਲਿਸ ਚੌਕੀ ਅਲਾਵਲਪੁਰ ਨੂੰ ਸਬੰਧਤ ਕਿਸਾਨਾਂ ਵੱਲੋਂ ਸ਼ਿਕਾਇਤ ਦਰਜ ਕਰਵਾਈ ਗਈ ਹੈ ਇੱਥੇ ਜ਼ਿਕਰਯੋਗ ਹੈ ਕਿ ਖੇਤਾਂ ਵਿੱਚ ਕਣਕ ਦੇ ਨਾੜ ਨੂੰ ਅੱਗ ਲਗਾਉਣ ਤੇ ਲਗਾਈ ਗਈ ਮੁਕੰਮਲ ਪਾਬੰਦੀ ਦੇ ਬਾਵਜੂਦ ਕਈ ਥਾਵਾਂ ਤੇ ਕਿਸਾਨਾਂ ਵੱਲੋਂ ਚੋਰੀ ਛਿਪੇ ਅੱਗ ਲਗਾਉਣ ਦੀਆਂ ਘਟਨਾਵਾਂ ਆਮ ਦੇਖਣ ਨੂੰ ਮਿਲ ਜਾਂਦੀਆਂ ਹਨ ਪਰ ਬਾਵਜੂਦ ਇਸਦੇ ਪ੍ਰਸ਼ਾਸਨ ਇਸ ਨੂੰ ਅੱਖੋਂ ਪਰੋਖੇ ਕਰੀ ਬੈਠਾ ਹੈ।

# ਜ਼ਿਲਾ ਪ੍ਰਸ਼ਾਸਨ ਵੱਲੋਂ ਚੱਢਾ ਸ਼ੂਗਰ ਮਿੱਲ ਸੀਲ

**ਕੀੜੀ ਅਫ਼ਗਾਨਾ/ ਬਟਾਲਾ (ਨਰਿੰਦਰ ਬਰਨਾਲ)–** ਬੀਤੇ ਦਿਨ ਬਿਆਸ ਦਰਿਆ ਵਿੱਚ ਚੱਢਾ ਸ਼ੂਗਰ ਮਿੱਲ ਦਾ ਜ਼ਹਿਰੀਲਾ ਸੀਰਾ ਜਾਣ ਤੋਂ ਬਾਅਦ ਦੂਸ਼ਿਤ ਹੋਏ ਪਾਣੀ ਨਾਲ ਵੱਡੀ ਤਦਾਤ ਵਿੱਚ ਮੱਛੀਆਂ ਮਰਨ ਦਾ ਗੰਭੀਰ ਨੋਟਿਸ ਲੈਂਦਿਆਂ ਜ਼ਿਲਾ ਪ੍ਰਸ਼ਾਸਨ ਨੇ ਚੱਢਾ ਮਿੱਲ ਖ਼ਿਲਾਫ਼ ਕਾਰਵਾਈ ਕਰਦਿਆਂ ਉਸ ਨੂੰ ਸੀਲ ਕਰ ਦਿੱਤਾ ਹੈ। ਅੱਜ ਡਿਪਟੀ ਕਮਿਸ਼ਨਰ ਗੁਰਦਾਸਪੁਰ ਗੁਰਵਲੀਨ ਸਿੰਘ ਸਿੱਧੂ, ਐਸ.ਡੀ.ਐਮ. ਬਟਾਲਾ ਰੋਹਿਤ ਗੁਪਤਾ ਦੀ ਅਗਵਾਈ ਹੇਠ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀਆਂ ਵੱਲੋਂ ਗੰਨਾ ਮਿੱਲ ਨੂੰ ਸੀਲ ਬੰਦ ਕਰ ਦਿੱਤਾ ਹੈ ਅਤੇ ਅਗਲੇ ਹੁਕਮਾਂ ਤੱਕ ਮਿੱਲ ਨੂੰ ਨਾ ਚਲਾਉਣ ਦੀ ਹਦਾਇਤ ਵੀ ਜਾਰੀ ਕੀਤੀ ਹੈ।





ਡਿਪਟੀ ਕਮਿਸ਼ਨਰ ਵੱਲੋਂ ਇਸ ਸਾਰੀ ਘਟਨਾ ਦੀ ਨਿਆਇਕ ਜਾਂਚ ਕਰਨ ਦੇ ਹੁਕਮ ਐਸ.ਡੀ.ਐਮ. ਰੋਹਿਤ ਗੁਪਤਾ ਨੂੰ ਦਿੱਤੇ ਹਨ। ਡਿਪਟੀ ਕਮਿਸ਼ਨਰ ਨੇ ਹਦਾਇਤ ਕੀਤੀ ਹੈ 10 ਦਿਨ ਦੇ ਅੰਦਰ ਜਾਂਚ ਰਿਪੋਰਟ ਉਹਨਾਂ ਨੂੰ ਭੇਜੀ ਜਾਵੇ ਤਾਂ ਜੋ ਘਟਨਾ ਦੇ ਅਸਲ ਕਾਰਨਾਂ ਦਾ ਪਤਾ ਲਗਾਇਆ ਜਾ ਸਕੇ। ਉਹਨਾਂ ਨੇ ਕਿਹਾ ਕਿ ਜੇਕਰ ਜਾਂਚ ਵਿੱਚ ਮਿੱਲ ਪ੍ਰਬੰਧਨ ਜਾਂ ਹੋਰ ਕਿਸੇ ਦੀ ਅਣਗਿਹਲੀ ਸਾਹਮਣੇ ਆਉਂਦੀ ਹੈ ਤਾਂ ਉਹਨਾਂ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਕੀਤੀ ਜਾਵੇਗੀ।

ਡਿਪਟੀ ਕਮਿਸ਼ਨਰ ਗੁਰਦਾਸਪੁਰ ਸ. ਗੁਰਲਵਲੀਨ ਸਿੰਘ ਸਿੱਧੂ ਨੇ ਦੱਸਿਆ ਕਿ ਬੀਤੇ ਕੱਲ ਪੌਂਗ ਡੈਮ ਵਿਚੋਂ 11 ਹਜ਼ਾਰ ਕਿਊਸਿਕ ਵਾਧੂ ਪਾਣੀ ਬਿਆਸ ਦਰਿਆ ਅੰਦਰ ਛੱਡਿਆ ਗਿਆ ਸੀ ਤਾਂ ਜੋ ਪਾਣੀ ਵਿੱਚ ਜ਼ਹਿਰੀਲੇ ਅਸਰ ਨੂੰ ਘੱਟ ਕੀਤਾ ਜਾ ਸਕੇ। ਉਹਨਾਂ ਕਿਹਾ ਕਿ ਅੱਜ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਬਿਆਸ ਦਰਿਆ ਦੇ ਪਾਣੀ ਦੇ ਨਮੂਨੇ ਲਏ ਗਏ ਹਨ, ਜੋ ਕਿ ਬਿਲਕੁਲ ਠੀਕ ਆਏ ਹਨ। ਉਹਨਾਂ ਕਿਹਾ ਕਿ ਹੁਣ ਦਰਿਆ ਦਾ ਪਾਣੀ ਬਿਲਕੁਲ ਸਾਫ ਅਤੇ ਸੁਰੱਖਿਅਤ ਹੈ। ਉਹਨਾਂ ਦੱਸਿਆ ਕਿ ਮਿੱਲ ਦੇ ਸੀਰੇ ਦੇ ਰਿਸਾਵ ਨੂੰ ਕੱਲ ਦਾ ਹੀ ਰੋਕਿਆ ਜਾ ਚੁੱਕਾ ਹੈ ਅਤੇ ਸਥਿਤੀ ਪੂਰੀ ਤਰਾਂ ਕਾਬੂ ਹੇਠ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਪ੍ਰਦੂਸ਼ਣ ਕੰਟਰੋਲ ਵਿਭਾਗ ਦੇ ਅਧਿਕਾਰੀਆਂ ਨੇ ਮਿਲ ਕੇ ਮਿੱਲ ਦੇ ਘਟਨਾ ਸਥਾਨ ਦਾ ਜਾਇਜ਼ਾ ਲਿਆ। ਇਸ ਮੌਕੇ ਉਹਨਾਂ ਮਿੱਲ ਪ੍ਰਬੰਧਕਾਂ ਕੋਲੋਂ ਜਾਣਕਾਰੀ ਹਾਸਲ ਕੀਤੀ ਅਤੇ ਜਿਸ ਜਗਾ ਤੋਂ ਸੀਰੇ ਦਾ ਰਿਸਾਵ ਹੋਇਆ ਸੀ ਉਸ ਦਾ ਨਿਰੀਖਣ ਵੀ ਕੀਤਾ।

# ਸਰਕਾਰੀ ਰਿਹਾਇਸ਼ੀ ਤੇ ਸੈਕੰਡਰੀ ਸਕੂਲ ਸੇਖਵਾਂ ਦੀ ਕਮੇਟੀ ਗਠਿਤ

**ਬਟਾਲਾ (ਬਰਨਾਲ)–** ਨਜਦੀਕੀ ਪਿੰਡ ਸੇਖਵਾਂ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਸਕੂਲ ਮੈਨੇਜਮੈਂਟ ਕਮੇਟੀ ਦੀ ਇਕ ਵਿਸ਼ੇਸ਼ ਮੀਟਿੰਗ ਪ੍ਰਿੰਸੀਪਲ ਭਾਰਤ ਭੂਸ਼ਣ ਦੀ ਪ੍ਰਧਾਨਗੀ ਹੇਠ ਬੁਲਾਈ ਗਈ । ਇਸ ਮੀਟਿੰਗ ਵਿਚ ਸਿਖਿਆ ਦਾ ਅਧਿਕਾਰ ਕਾਨੂੰਨ 2009 ਦੀ ਧਾਰਾ 21 ਅਤੇ ਪੰਜਾਬ ਰਾਈਟ ਆਫ ਚਿਲਡਰਨ ਟੂ-ਫਰੀ ਐਂਡ ਕੰਪਲਸਰੀ ਸਿਖਿਆ ਨਿਯਮ ਅਨੁਸਾਰ 2011 ਦੇ ਨਿਯਮ 13 ਮੁਤਾਬਿਕ ਪ੍ਰਪੋਜਡ ਸਕੂਲ ਮੈਨੇਜਮੈਂਟ ਕਮੇਟੀ ਦਾ ਸਰਵ ਸਹਿਮਤੀ ਨਾਲ ਘਠਨ ਕੀਤਾ ਗਿਆ ਇਸ ਮੀਟਿੰਗ ਵਿਚ ਤ੍ਰਿਲੋਕ ਸਿੰਘ ਨੂੰ ਕਮੇਟੀ ਦਾ ਪ੍ਰਧਾਨ, ਗੁਰਪ੍ਰੀਤ ਕੋਰ ਨੂੰ ਮੀਤ ਪ੍ਰਧਾਨ, ਕੁਲਵਿੰਦਰ ਕੋਰ ਮੈਂਬਰ, ਗੁਰਬਚਨ ਕੋਰ ਮੈਂਬਰ, ਪਵਨਦੀਪ ਵਿਦਿਆਰਥੀ ਮੈਂਬਰ, ਨਿੰਦਰ ਰਵਿੰਦਰ ਕੋਰ, ਮਨਜਿੰਦਰ ਕੋਰ ਹਰਪ੍ਰੀਤ ਕੋਰ, ਰਾਜਵਿੰਦਰ ਕੋਰ, ਸੁਖਰਾਜ ਸਿੰਘ, ਪਰਮਜੀਤ ਕੋਰ, ਮਾਪਿਆਂ ਨੂੰ ਸਰਪਰਸਤ ਅਤੇ ਪ੍ਰਿੰਸੀਪਲ ਭਾਰਤ ਭੂਸ਼ਨ ਨੂੰ ਕਮੇਟੀ ਦਾ ਸਕੱਤਰ ਨਿਯੁਕਤ ਕੀਤਾ ਗਿਆ ਇਸ ਮੌਕੇ ਕਮੇਟੀ ਦਾ ਗਠਨ ਦੀ ਵਧਾਈ ਦਿਤੀ ਗਈ, ਇਥੇ ਜਿਕਰਯੋਗ ਹੈ ਰਿਹਾਇਸ਼ੀ ਸਕੂਲ, ਜਿਥੇ ਪੰਜਾਬ ਭਰ ਵਿਚੋ 100 ਵਿਦਿਆਰਥੀ ਪੜ ਰਹੇ ਹਨ। ਇਹਨਾ ਮਿਡਲ ਵਿੰਗ ਦੇ ਵਿਦਿਆਰਥੀਆਂ ਦੀ ਲੋੜਾਂ, ਹਰ ਸਹੂਲਤ ਵਿਦਿਆਰਥੀਆ ਨੂੰ ਦਿਤੀ ਜਾਦੀ ਹੈ, ਇਥੇ ਵਧੀਆਂ ਸੁਖ ਸਹੂਲਤਾ ਵਿਦਿਆਰਥੀਆਂ ਨੂੰ ਦਿਤੀਆਂ ਜਾਂਦੀਆਂ ਹਨ, ਜ੍ਹਿੰਤ ਰਸੋਈ ਘਰ, ਖੁਲਾਂ ਤੇ ਸੁਧਰਾ ਵਿਦਿਅਕ ਮਹੌਲ, ਪਾਣੀ



ਪ੍ਰਬੰਧ, ਸਾਫ ਸੂਥਰੇ ਕਮਰੇ,ਬਿਸਤਰਿਆਂ ਦੀ ਵੀ ਵਿਵਸਥਾ ਕੀਤੀ ਗਈ ਹੈ। ਇਸ ਮੌਕੇ ਸਕੂਲ ਦੀ ਬਿਹਤਰੀ ਵਾਸਤੇ ਸਲਾਹ ਮਸ਼ਵਰਾ ਵੀ ਕੀਤਾ ਗਿਆ। ਇਸ ਮੋਕੇ ਤੇ ਪਿੰਡ ਵਾਲਿਆਂ ਨੇ ਸਕੂਲ ਦੀ ਭਲਾਈ ਦੇ ਲਈ ਹਰ ਤਰਾਂ ਦਾ ਸਹਿਯੋਗ ਦੇਣ ਦਾ ਵਿਸ਼ਵਾਸ ਦਿਵਾਇਆ।

# ਗਾਇਕੀ ਦੇ ਅੰਬਰ 'ਚ ਚਮਕਦਾ ਸਿਤਾਰਾ ਕੌਸ਼ਲ ਵਿਰਦੀ

ਅਜੋਕੀ ਧੂਮ ਧੜੱਕੇ ਵਾਲੀ ਗਾਇਕੀ ਵਿੱਚ ਜਿੱਥੇ ਕੱਚ ਘਰੜ ਅਖੌਤੀ ਗਾਇਕ ਥੋੜ੍ਹ ਚਿਰੀ ਪ੍ਰਸਿੱਧੀ ਹਾਸਲ ਕਰ ਮੁੜ ਗਾਇਕੀ ਦੇ ਖੇਤਰ ਵਿੱਚੋਂ ਗਾਇਬ ਹੋ ਜਾਂਦੇ ਹਨ ਅਤੇ ਸੰਗੀਤਕ ਖੇਤਰ ਵਿੱਚ ਉਨ੍ਹਾਂ ਦੀ ਹੋਂਦ ਵੀ ਕਿਧਰੇ ਨਹੀਂ ਰਹਿੰਦੀ ਪਰ ਆਪਣੀ ਮਿਹਨਤ ਲਗਨ ਦ੍ਰਿੜ੍ਹ ਵਿਸ਼ਵਾਸ ਲੈ ਕੇ ਇਸ ਸੰਗੀਤਕ ਸਫ਼ਰ ਵਿੱਚ ਜੋ ਪੱਬ ਧਰਦਾ ਹੈ ਉਹ ਜਿੱਥੇ ਆਪਣੀ ਹੋਂਦ ਨੂੰ ਕਾਇਮ ਕਰਦਾ ਹੈ ਉੱਥੇ ਉਹ ਕਾਮਯਾਬੀ ਦੀਆਂ ਬੁਲੰਦੀਆਂ ਨੂੰ ਵੀ ਛੂਹ ਜਾਂਦਾ ਹੈ ਇਸ ਤਰ੍ਹਾਂ ਦੀ ਬਿਰਤੀ ਦਾ ਮਾਲਕ ਹੈ ਗਾਇਕ ਕੌਸ਼ਲ ਵਿਰਦੀ।



ਗਾਇਕ ਕੌਸਲ ਵਿਰਦੀ ਦਾ ਜਨਮ ਪਿੰਡ ਸਿਕੰਦਰਪੁਰ ਜਲੰਧਰ ਵਿਖੇ ਪਿਤਾ ਮਨੋਹਰ ਲਾਲ ਦੇ ਘਰ ਮਾਤਾ ਰਾਜ ਰਾਣੀ ਦੀ ਕੁੱਖੋਂ ਹੋਇਆ ਕੌਸਲ ਵਿਰਦੀ ਨੇ ਮੁੱਢਲੀ ਸਿੱਖਿਆ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਹਾਸਲ ਕੀਤੀ ਅਤੇ ਉਚੇਰੀ ਸਿੱਖਿਆ ਉਸ ਨੇ ਲਵਲੀ ਯੂਨੀ-ਵਰਸਿਟੀ ਤੋਂ ਪ੍ਰਾਪਤ ਕੀਤੀ ਜਿੱਥੇ ਉਸ ਨੇ ਐਮ ਏ ਗ੍ਰੈਜੂਏਸ਼ਨ ਪਾਸ ਕੀਤੀ ਕੌਸਲ ਬਿਰਦੀ ਨੇ ਸੰਗੀਤ ਦੀਆਂ ਬਹੁਤੀਆਂ ਜ਼ਰਬਾਂ ਤਕਸੀਮਾਂ ਆਪਣੇ ਵੱਡੇ ਵੀਰ ਸੰਦੀਪ ਵਿਰਦੀ ਅਤੇ ਵਿਕਾਸ ਵਿਰਦੀ ਤੋਂ ਹਾਸਲ ਕੀਤੀਆਂ ਮੁੱਢ ਤੋਂ ਹੀ ਸੰਗੀਤ ਨਾਲ ਮੋਹ ਰੱਖਣ ਵਾਲੇ ਕੌਸਲ ਨੇ ਰਸਮੀ ਤੌਰ ਤੇ ਆਪਣਾ ਉਸਤਾਦ ਜੀ¢ ਸ਼ਰਮੀਲਾ ਨੂੰ ਧਾਰਿਆ ਜਿਨ੍ਹਾਂ ਤੋਂ ਸੰਗੀਤਕ ਸਿੱਖਿਆ ਪ੍ਰਾਪਤ ਕਰ ਕੌਸਲ ਇੱਕ ਪ੍ਰਪੱਕ ਗਾਇਕਾਂ ਦੀ ਕਤਾਰ ਵਿੱਚ ਅੱਜ ਸ਼ੁਮਾਰ ਹੈ ਕੌਸਲ ਵਿਰਦੀ ਜਿੱਥੇ ਵਿਰਾਸਤੀ ਸਾਜ ਤੂੰਬੀ ਨਾਲ ਵਾਹਵਾ ਮੋਹ ਰੱਖਦਾ ਹੈ ਉੱਥੇ ਉਹ ਤੂੰਬੀ ਨੂੰ ਆਪਣੇ ਗੀਤਾਂ ਵਿੱਚ ਚੋਖੀ ਥਾਂ ਵੀ ਦਿੰਦਾ ਹੈ ਗਾਇਕੀ ਦੇ ਨਾਲ ਨਾਲ ਕੌਸਲ ਵਿਰਦੀ ਇੱਕ ਚੰਗਾ ਗੀਤਕਾਰ ਵੀ ਹੈ ਜਿੱਥੇ ਉਸ ਦੇ ਗੀਤ ਆਪ ਖੁਦ ਵੀ ਗਾਏ ਹਨ ਉੱਥੇ ਉਸ ਦੇ ਗੀਤਾਂ ਨੂੰ ਕਈ ਗਾਇਕਾਂ ਨੇ ਆਪਣੀ ਸੁਰੀਲੀ ਆਵਾਜ਼ ਨਾਲ ਵੀ ਨਿਵਾਜਿਆ ਹੈ ਕੌਸਲ ਬਿਰਦੀ ਦੇ ਸੰਗੀਤਕ ਸਫ਼ਰ ਦੇ ਕੁਝ ਪ੍ਰਸਿੱਧ ਗੀਤ ਗੁਨਾਹ (2014) ਰਫਲ (2016) ਦਿਲ ਵਿੱਚ ਤੂੰ (2017) ਲੰਡਨ (2017) ਸਾਡੇ ਵਲੀ ਸਾਈਆਂ (2017) ਆਦਿ ਪ੍ਰਸਿੱਧ ਗੀਤ ਹੋਏ ਹਨ ਜਿਨ੍ਹਾਂ ਨੂੰ ਸਰੋਤਿਆਂ ਵੱਲੋਂ ਬਹੁਤ ਪਸੰਦ ਕੀਤਾ ਗਿਆ ਕੌਸਲ ਇਨੀਂ ਦਿਨੀਂ ਆਪਣਾ ਨਵਾਂ ਗੀਤ 'ਅਧੀਆ ਦੀ' ਤਿਆਰੀ ਵਿਚ ਲੱਗਾ ਹੋਇਆ ਹੈ। ਖ਼ੁਦ ਦਾ ਲਿਖਿਆ ਇਹ ਗੀਤ ਲੈ ਕੇ ਉਹ ਜਲਦ ਹੀ ਸਰੋਤਿਆਂ ਦੀ ਕਚਹਿਰੀ ਵਿੱਚ ਹਾਜ਼ਰ ਹੋਣ ਜਾ ਰਿਹਾ ਹੈ। ਕੌਸਲ ਵਿਰਦੀ ਪੰਜਾਬ ਦੇ ਅਨੇਕਾਂ ਸ਼ਹਿਰਾਂ ਵਿੱਚ ਪ੍ਰੋਗਰਾਮਾਂ ਰਾਹੀਂ ਆਪਣੇ ਗੀਤਾਂ ਦੀ ਭਰਵੀਂ ਹਾਜ਼ਰੀ ਲਗਵਾ ਚੁੱਕਾ ਹੈ ਦੋ ਪੈਰ ਘੱਟ ਤੁਰਨਾ, ਪਰ ਮੜਕ ਨਾਲ ਤੁਰਨਾ, ਕਥਨ ਤੇ ਫੁੱਲ ਚਾੜ੍ਹਦਿਆਂ ਕੌਸਲ ਵਿਰਦੀ ਸਰੋਤਿਆਂ ਨੂੰ ਚੰਗੇ ਮਿਆਰੀ ਉਸਾਰੂ ਗੀਤਾਂ ਰਾਹੀਂ ਆਪਣੇ ਪ੍ਰਪੱਕ ਗਾਇਨ ਸ਼ੈਲੀ ਨਾਲ ਕੀਲਣ ਦੀ ਕੋਸ਼ਿਸ਼ ਵਿਚ ਲੱਗਾ ਹੋਇਆ ਹੈ, ਸ਼ਾਲਾ!

ਇਹ ਗਾਇਕ ਆਪਣੀ ਗਾਇਕੀ ਨਾਲ ਇਸੇ ਤਰ੍ਹਾਂ ਸੰਗੀਤ ਦੇ ਅੰਬਰ ਤੇ ਸਿਤਾਰਿਆਂ ਵਾਂਗ ਆਪਣੇ ਹੋਣ ਦਾ ਅਹਿਸਾਸ ਕਰਵਾਉਂਦਾ ਰਹੇ।

**ਮਦਨ ਬੰਗੜ (91-95015 75511)**

# ਮਾਝੀ ਸਕੂਲ ਦਾ ਬਾਰਵੀਂ ਦਾ ਪਹਿਲਾ ਨਤੀਜਾ ਸ਼ਾਨਦਾਰ ਰਿਹਾ

ਅਪਗਰੇਡ ਹੋਏ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਝੀ ਦਾ ਬੋਰਡ ਦੀ ਕਲਾਸ ਬਾਰਵੀਂ ਦਾ ਪਹਿਲਾ ਨਤੀਜਾ ਸਾਨਦਾਰ ਰਿਹਾ।ਬਾਰ੍ਹਵੀਂ ਦੀ ਹੋਣਹਾਰ ਵਿਦਿਆਥਣ ਸਿਮਰਨਜੀਤ ਕੌਰ ਨੇ 80.66%(363) ਅੰਕ ਪ੍ਰਾਪਤ ਕਰਕੇ ਪਹਿਲਾ, ਅਨਮੋਲਪ੍ਰੀਤ ਕੌਰ ਨੇ 77.11% (347) ਅੰਕ ਪ੍ਰਾਪਤ ਕਰਕੇ ਦੂਸਰਾ ਅਤੇ ਅਮਨਦੀਪ ਕੌਰ ਨੇ 74.22% (334) ਅੰਕ ਲੈਕੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸ ਪ੍ਰੀਖਿਆ ਵਿੱਚੋਂ ਪਾਸ ਹੋਏ ਕੁੱਲ 30 ਵਿਦਿਆਰਥੀਆਂ 'ਚੋਂ 6 ਵਿਦਿਆਰਥੀਆਂ ਨੇ 70% ਤੋਂ ਵੱਧ ਅੰਕ ਅਤੇ 18 ਵਿਦਿਆਰਥੀਆਂ ਨੇ 60% ਤੋਂ ਵਧੇਰੇ ਅੰਕ ਪ੍ਰਾਪਤ ਕੀਤੇ ਹਨ। ਬਾਕੀਆਂ ਨੇ 50% ਤੋਂ ਉੱਪਰ ਅੰਕ ਪ੍ਰਾਪਤ ਕਰਕੇ ਵਧੀਆ ਕਾਰਗੁਜ਼ਾਰੀ ਦਾ ਪ੍ਰਦਰਸ਼ਨ ਕੀਤਾ ਹੈ। ਇਸ ਵਧੀਆ ਨਤੀਜੇ ਲਈ ਪ੍ਰਿੰਸੀਪਲ ਮੈਡਮ ਛਿੰਦਰਪਾਲ ਕੌਰ ਦੀ ਸਮੇਂ ਸਮੇਂ ਸਿਰ ਯੋਗ ਅਗਵਾਈ ਅਤੇ ਵਿਸ਼ਾ ਅਧਿਆਪਕਾਂ ਦੀ ਸਖਤ ਮਿਹਨਤ ਨੇ ਵਿਸ਼ੇਸ ਰੋਲ ਅਦਾ ਕੀਤਾ ਹੈ। ਗਿਆਰਵੀਂ ਜਮਾਤ ਵਿੱਚ ਸਕੂਲ ਦੀ ਵਿਦਿਆਰਥਣ ਪੂਜਾ ਨੇ 386 ਅੰਕ (85.77%) ਪ੍ਰਾਪਤ ਕਰਕੇ ਪਹਿਲਾ, ਕੋਮਲ ਦੇਵੀ ਨੇ 366 ਅੰਕ (81.33) ਪ੍ਰਾਪਤ ਕਰਕੇ ਦੂਸਰਾ ਅਤੇ ਜਸਪ੍ਰੀਤ ਕੌਰ ਨੇ 347 ਅੰਕ (77.11) ਪ੍ਰਾਪਤ ਕਰਕੇ ਤੀਸਰਾ ਸਥਾਨ ਪ੍ਰਾਂਪਤ ਕੀਤਾ। ਸੰਸਥਾ ਦੇ ਮੁੱਖੀ ਪ੍ਰਿੰਸੀਪਲ ਮੈਡਮ ਸ਼੍ਰੀਮਤੀ ਛਿੰਦਰਪਾਲ ਕੌਰ ਅਤੇ ਸਮੂਹ ਸਟਾਫ ਵਲੋਂ ਇਨ੍ਹਾਂ ਹੋਣਹਾਰ ਵਿਦਿਆਰਥਣਾਂ ਦਾ ਸਵੇਰ ਦੀ ਸਭਾ ਦੌਰਾਣ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ।ਇਸ ਸਮੇਂ ਲੈਕਚਰਾਰ ਇਤਿਹਾਸ ਸ਼੍ਰੀ ਮਾਲਵਿੰਦਰ ਸਿੰਘ ਤੂਰ ਨੇ ਵਿਸ਼ਾਵਾਰ ਨਤੀਜਿਆਂ ਦਾ ਵਿਸਥਾਰਪੂਰਕ ਵਿਸ਼ਲੇਸ਼ਣ ਕਰਕੇ ਚਾਨਣਾ ਪਾਇਆ ਤਾਂਕਿ ਅਗਲੇ ਨਤੀਜੇ ਹੋਰ ਵੀ ਚੰਗੇਰੇ ਹੋਣ ਅਤੇ ਸਕੂਲ ਦੇ ਵਧੀਆ ਨਤੀਜੇ ਤੇ ਖੁਸ਼ੀ ਪ੍ਰਗਟਾਉਂਦੇ ਹੋਏ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਉਨ੍ਹਾਂ ਭਵਿੱਖ ਵਿੱਚ ਬੱਚਿਆਂ ਨੂੰ ਹੋਰ ਵੀ ਵਧੇਰੇ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਆ। ਸ਼੍ਰੀ ਸ਼ਿਵ ਕੁਮਾਰ ਲੈਕਚਰਾਰ ਜੋਗਰਫੀ ਨੇ ਟਾਪਰ ਵਿਦਿਆਰਥਣ ਸਿਮਰਨਜੀਤ ਕੌਰ ਦੈ ਹਰ ਪੱਖੋਂ ਵਧੀਆ ਵਿਵਹਾਰ ਦੀ ਸਰਾਹਨਾ ਕਰਦੇ ਹੋਏ ਬੱਚਿਆਂ ਨੂੰ ਇਹੋ ਜਿਹੇ ਬੱਚਿਆਂ ਤੋਂ ਸੇਧ ਲੈਣ ਲਈ ਪ੍ਰੇਰਿਆ। ਸ਼੍ਰੀ ਨੈਬ ਸਿੰਘ ਲੈਕਚਰਾਰ ਪੋਲ: ਸਾਇੰਸ,ਸ਼੍ਰੀ ਕੁਲਦੀਪ ਸਿੰਘ ਲੈਕਚਰਾਰ ਅੰਗਰਜ਼ੀ, ਮੈਡਮ ਸੁਖਦੀਪ ਕੌਰ ਅਤੇ ਜਸਵਿੰਦਰ ਕੌਰ ਨੇ ਵੀ ਪਹਿਲੀਆਂ ਪੁਜੀਸ਼ਨਾਂ ਤੇ ਆਏ ਵਿਦਿਆਰਥੀਆਂ ਨੂੰ ਵਧਾਈ ਦਿੱਤੀ।ਇਸ ਸਮੇਂ ਸ਼੍ਰ.ਲਛਮਣ ਸਿੰਘ ਸ.ਸ.ਮਾਸਟਰ, ਸ਼੍ਰ.ਹਰਜੀਤ ਸਿੰਘ ਸ.ਸ.ਮਾਸਟਰ, ਮੇਜਰ ਸਿੰਘ ਸ.ਸ. ਮਾਸਟਰ, ਪਵਨ ਕੁਮਾਰ ਹਿੰਦੀ ਮਾਸਟਰ, ਕੁਲਵੀਰ ਸਿੰਘ ਸ.ਸ.ਮਾਸਟਰ, ਸਾਦਿਕ ਮੁਹੰਮਦ ਸ.ਸ. ਮਾਸਟਰ, ਕਪਿਲ ਭਾਟਿਆ ਮੈਥ ਮਾਸਟਰ, ਸ਼੍ਰੀ ਅਸ਼ਵਨੀ ਕੁਮਾਰ ਕੰਪਿ: ਫੈਕਲਟੀ, ਸ਼੍ਰੀਮਤੀ ਸੰਦੀਪ ਕੌਰ ਸਇੰਸ ਮਿਸਟ੍ਰੈਸ, ਮੈਡਮ ਰਵਿੰਦਰ ਕੌਰ ਮੈਥ ਮਿਸਟ੍ਰੈਸ, ਮੈਡਮ ਰਮਨਦੀਪ ਕੌਰ ਪੰਜਾਬੀ ਮਿਸਟ੍ਰੈਸ, ਸ਼੍ਰੀਮਤੀ ਸਵਿਤਾ ਰਾਣੀ ਹਿੰਦੀ ਮਿਸਟ੍ਰੈਸ, ਸ਼੍ਰੀਮਤੀ ਸੁਖਚੈਨ ਕੌਰ ਸਿੱਖਿਆ ਪ੍ਰੋਵਾਈਡਰ ਅਤੇ ਸ਼੍ਰੀ ਰਜਨੀਸ਼ ਕੁਮਾਰ ਜੂਨੀ:ਸਹਾਇਕ ਹਾਜ਼ਰ ਸਨ।




ਪ੍ਰਿੰਸੀਪਲ ਮੈਡਮ ਸ਼੍ਰੀਮਤੀ ਛਿੰਦਰਪਾਲ ਕੌਰ ਨੇ ਇਸ ਅਪਗਰੇਡ ਹੋਏ ਸਕੂਲ ਦੇ ਪਹਿਲੇ ਪ੍ਰਿੰਸੀਪਲ ਵਜੋਂ ਵਿਚਰਦੇ ਹੋਏ ਆਪਣੇ ਨਵੇਂ ਸਟਾਫ ਦੀ ਕਰਾਈ ਮਿਹਨਤ ਤੇ ਤਸੱਲੀ ਪ੍ਰਗਟ ਕਰਦੇ ਹੋਏ ਸਮੂਹ ਸਟਾਫ ਅਤੇ ਬੱਚਿਆਂ ਨੂੰ ਇਸ ਸ਼ਾਨਦਾਰ ਨਤੀਜੇ ਲਈ ਵਧਾਈ ਦਿੱਤੀ।

ਉਨ੍ਹਾਂ ਨੇ ਆਪਣੇ ਪਿਛਲੇ ਸਕੂਲਾਂ ਦੇ ਵਧੀਆ ਨਤੀਜੇ ਹੋਣ ਦੇ ਤਜਰਬਿਆਂ ਨੂੰ ਵੀ ਸਾਂਝੇ ਕੀਤਾ ਅਤੇ ਬੱਚਿਆਂ ਨੂੰ ਦਿਲ ਲਾ ਕੇ ਹੁਣੇ ਤੋਂ ਹੀ ਪੜ੍ਹਾਈ ਕਰਨ ਲਈ ਪ੍ਰੇਰਿਆ ਤਾਂ ਜੋ ਅਗਲੀ ਵਾਰ ਹੋਰ ਵੀ ਵਧੀਆ ਨਤੀਜਾ ਆ ਸਕੇ।

**– ਮੇਜਰ ਸਿੰਘ ਨਾਭਾ**

# ਸਾਹਿਤ ਸਭਾ ਵਲੋਂ ਢੱਡਾ ਦੇ ਕਹਾਣੀ ਸੰਗ੍ਰਹਿ 'ਤਿੜਕਦੇ ਅਹਿਸਾਸ' ਤੇ ਸੰਵਾਦ













**ਹੁਸ਼ਿਆਰਪੁਰ–** ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ.) ਵਲੋਂ ਰਾਜਿੰਦਰ ਸਿੰਘ ਢੱਡਾ ਦੇ ਪਲੇਠੇ ਕਹਾਣੀ ਸੰਗ੍ਰਹਿ 'ਤਿੜਕਦੇ ਅਹਿਸਾਸ' ਨੂੰ ਲੋਕ ਅਰਪਣ ਕਰਨ ਉਪਰੰਤ ਸੰਵਾਦ ਰਚਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਜਗ ਬਾਣੀ ਅਖ਼ਬਾਰ ਦੇ ਪ੍ਰਤੀਨਿੱਧ ਸ. ਕੁਲਦੀਪ ਸਿੰਘ ਬੇਦੀ ਨੇ ਕੀਤੀ।ਜੀ ਆਇਆਂ ਸ਼ਬਦ ਡਾ. ਮਨਮੋਹਨ ਸਿੰਘ ਤੀਰ ਨੇ ਆਖੇ। 'ਤਿੜਕਦੇ ਅਹਿਸਾਸ' ਕਹਾਣੀ ਸੰਗ੍ਰਹਿ ਲੋਕ ਅਰਪਣ ਕਰਨ ਉਪਰੰਤ ਇਸ ਬਾਰੇ ਸੰਵਾਦ ਰਚਾਉਂਦਿਆਂ ਵੱਖ ਵੱਖ ਬੁਲਾਰਿਆਂ ਡਾ. ਕਰਮਜੀਤ ਸਿੰਘ, ਪ੍ਰਿੰ. ਧਰਮਪਾਲ ਸਾਹਿਲ, ਸ਼ਾਇਰ ਮਦਨ ਵੀਰਾ, ਕਹਾਣੀਕਾਰ ਭਗਵੰਤ ਰਸੂਲਪੁਰੀ, ਪ੍ਰਿੰ. ਸਲਿੰਦਰ ਸਿੰਘ, ਡਾ. ਜਸਵੰਤ ਰਾਏ ਨੇ ਆਖਿਆ ਕਿ ਰਾਜਿੰਦਰ ਸਿੰਘ ਢੱਡਾ ਦਾ ਇਹ ਭਾਵੇਂ ਪਲੇਠਾ ਕਹਾਣੀ ਸੰਗ੍ਰਹਿ ਹੈ ਪਰ ਇਸ ਵਿਚ ਸ਼ਾਮਿਲ ਕਹਾਣੀਆਂ ਉਸਦੀ ਲਿਖਣ ਪ੍ਰਕਿਰਿਆ ਵਿਚ ਪ੍ਰਪੱਕਤਾ ਦੀ ਬਾਤ ਪਾਉਂਦੀਆਂ ਹਨ। ਵਿਸ਼ੇ ਪੱਖ ਤੋਂ ਲੇਖਕ ਨੇ ਸਮਾਜ ਵਿਚ ਫੈਲੀਆਂ ਕਰੁਤੀਆਂ ਨੂੰ ਫੜਨ ਦੀ ਕੋਸ਼ਿਸ਼ ਕੀਤੀ ਹੈ। ਉਹ ਸਮਾਜਿਕ ਯਥਾਰਥ ਅਤੇ ਤ੍ਰਾਸਦੀ ਦਾ ਕਹਾਣੀਕਾਰ ਹੈ। ਉਸਨੇ ਸਮਾਜ ਦੇ ਹਰ ਸੈਕਸ਼ਨ ਅਤੇ ਹਰ ਨਿਮਨ ਪਾਤਰ ਦੀ ਸਮਾਜਿਕ ਮਨੋਦਿਸ਼ਾ ਤੇ ਝਾਤ ਮਾਰੀ ਹੈ। ਭਾਵੇਂ ਕਲਾ ਅਤੇ ਸ਼ੈਲੀ ਪੱਖੋਂ ਕਹਾਣੀਆਂ ਕੁਝ ਹੋਰ ਮਿਹਨਤ ਦੀ ਮੰਗ ਕਰਦੀਆਂ ਹਨ ਪਰ ਫਿਰ ਵੀ ਕਹਾਣੀ ਵਿਚ ਸ਼ਾਮਿਲ ਕਥਾ ਰਸ, ਮਾਨਵਵਾਦੀ ਦ੍ਰਿਸ਼ਟੀਕੋਣ ਅਤੇ ਗਲਪੀ ਵਿਸ਼ਲੇਸ਼ਣ ਉਸਦੀ ਕਥਾਕਾਰੀ ਦਾ ਬੱਝਵਾਂ ਪ੍ਰਭਾਵ ਪਾਉਂਦੇ ਹਨ। ਢੱਡਾ ਨੂੰ ਉਸਦੀ ਪਲੇਠੀ ਸਫਲ ਕੋਸ਼ਿਸ਼ ਲਈ ਬਹੁਤ ਬਹੁਤ ਵਧਾਈ। ਰਾਜਿੰਦਰ ਸਿੰਘ ਢੱਡਾ ਨੇ ਆਪਣੀ ਸਿਰਜਣ ਪ੍ਰਕਿਰਿਆ ਬਾਰੇ ਕੁਝ ਗੱਲਾਂ ਕੀਤੀਆਂ।

ਆਪਣੇ ਪ੍ਰਧਾਨਗੀ ਭਾਸ਼ਣ ਵਿਚ ਕੁਲਦੀਪ ਸਿੰਘ ਬੇਦੀ ਨੇ ਪੇਸ਼ ਕੀਤੇ ਗਏ ਪਰਚਿਆਂ ਵਿਚ ਸੰਤੁਸ਼ਟੀ ਜ਼ਾਹਰ ਕੁਝ ਟਿਪਣੀਆਂ ਦੇ ਜਵਾਬ ਵੀ ਦਿੱਤੇ। ਧੰਨਵਾਦੀ ਸ਼ਬਦ ਸੁਰਿੰਦਰ ਸਿੰਘ ਕੰਗਵੀ ਨੇ ਆਖੇ।

ਸਮਾਗਮ ਦੌਰਾਨ ਸਟੇਜ ਦੀ ਸਮੁਚੀ ਕਾਰਵਾਈ ਡਾ. ਜਸਵੰਤ ਰਾਏ ਬਾਖ਼ੂਬੀ ਨਿਭਾਈ। ਇਸ ਸਮੇਂ ਕੁਲਤਾਰ ਸਿੰਘ ਕੁਲਤਾਰ, ਹਰਜਿੰਦਰ ਸਿੰਘ ਹਰਗੜ੍ਹੀਆ, ਗੁਰਪ੍ਰੀਤ ਸਿੰਘ, ਕਿਰਨਦੀਪ ਕੌਰ, ਸੰਦੀਪ ਕੌਰ, ਰਾਜਿੰਦਰ ਕੌਰ, ਨਰਿੰਦਰਜੀਤ ਕੌਰ, ਭੁਪਿੰਦਰ ਕੌਰ, ਦਿਲਬਾਗ ਕੌਰ, ਸੁਰਿੰਦਰ ਸਿੰਘ, ਪਰਵੀਨ ਸੈਣੀ, ਲੈਕ. ਕੁਲਦੀਪ ਕੌਰ, ਰਾਜੀਵ ਕੁਮਾਰ, ਗੁਰਦੀਪ ਸਿੰਘ ਆਦਿ ਸਾਹਿਤ ਪ੍ਰੇਮੀ ਹਾਜ਼ਰ ਸਨ।

**ਰਿਪੋਰਟ: ਡਾ. ਜਸਵੰਤ ਰਾਏ (98158-25999)**

# ਬਿਆਸ ਦਰਿਆ 'ਚ ਸੀਰਾ ਘੁਲਣ ਕਾਰਨ ਹੀ ਹੋਇਆ ਮੱਛੀਆਂ ਦਾ ਘਾਣ

**ਅੰਮ੍ਰਿਤਸਰ–** ਬਿਆਸ ਦਰਿਆ ਦੇ ਪਾਣੀ ਵਿਚ ਸੀਰੇ ਦੇ ਘੁਲਣ ਕਾਰਨ ਵੱਡੀ ਤਦਾਦ ਵਿੱਚ ਮਰੀਆਂ ਮੱਛੀਆਂ ਅਤੇ ਹੋਰ ਜਲ ਜੀਵਾਂ ਦੇ ਮਾਮਲੇ ਦੀ ਕੀਤੀ ਗਈ ਜਾਂਚ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਦਰਿਆ ਦੇ ਪਾਣੀ ਵਿਚੋਂ ਕੋਈ ਕੀੜੇਮਾਰ ਦਵਾਈ, ਤੇਜ਼ਾਬੀ ਮਾਦਾ ਆਦਿ ਨਹੀਂ ਮਿਲਿਆ ਹੈ। ਪਾਣੀ ਵਿਚ ਆਕਸੀਜਨ ਦੀ ਕਮੀ ਦੇ ਕਾਰਨ ਹੀ ਜਲ ਜੀਵਾਂ ਦੀ ਮੌਤ ਹੋਈ ਹੈ। ਇਹ ਖੁਲਾਸਾ ਡਿਪਟੀ ਕਮਿਸ਼ਨਰ ਕਮਲਦੀਪ ਸਿੰਘ ਸੰਘਾ ਵਲੋਂ ਕੀਤਾ ਗਿਆ ਹੈ ਜਿਨ੍ਹਾਂ ਦੀ ਹਦਾਇਤ 'ਤੇ ਦੂਸ਼ਿਤ ਪਾਣੀ ਅਤੇ ਮਰੀਆਂ ਮੱਛੀਆਂ ਦੇ ਨਮੂਨੇ ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸ ਯੂਨੀਵਰਸਿਟੀ ਲੁਧਿਆਣਾ ਦੇ ਵਿਗਿਆਨੀਆਂ ਨੇ ਲਏ ਸਨ। ਇਸ ਸਬੰਧੀ ਕੀਤੀ ਗਈ ਜਾਂਚ ਦੀ ਰਿਪੋਰਟ ਅੱਜ ਸ਼ਾਮ ਡਿਪਟੀ ਕਮਿਸ਼ਨਰ ਕੋਲ ਪੁੱਜੀ ਹੈ ਜਿਸ ਵਿੱਚੋਂ ਇਹ ਗੱਲ ਸਪੱਸ਼ਟ ਹੋ ਗਈ ਹੈ ਕਿ ਪਾਣੀ ਵਿੱਚ ਸੀਰੇ ਤੋਂ ਇਲਾਵਾ ਕੋਈ ਹੋਰ ਜ਼ਹਿਰੀਲਾ ਮਾਦਾ ਨਹੀਂ ਸੀ। ਉਨ੍ਹਾਂ ਦੱਸਿਆ ਕਿ ਮੱਛੀ ਪਾਲਣ ਵਿਭਾਗ ਤੋਂ ਪ੍ਰਾਪਤ ਹੋਈ ਜਾਣਕਾਰੀ ਵਿੱਚ ਯੂਨੀਵਰਸਿਟੀ ਦੇ ਡੀਨ ਬਲਬੀਰ ਸਿੰਘ ਸੰਧੂ ਨੇ ਦੱਸਿਆ ਕਿ ਦਰਿਆ ਵਿੱਚੋਂ ਲਏ ਪਾਣੀ ਅਤੇ ਮਰੀਆਂ ਮੱਛੀਆਂ ਦੀ ਕੀਤੀ ਗਈ ਜਾਂਚ ਵਿੱਚ ਕੋਈ ਕੀੜੇਮਾਰ ਦਵਾਈ ਜਾਂ ਤੇਜ਼ਾਬੀ ਮਾਦਾ ਨਹੀਂ ਮਿਲਿਆ ਹੈ। ਉਨ੍ਹਾਂ ਦੱਸਿਆ ਕਿ ਰਿਪੋਰਟ ਅਨੁਸਾਰ ਪਾਣੀ ਵਿਚ ਪੀਐਚ ਪੱਧਰ ਹੱਦ ਦਰਜੇ ਤੱਕ ਘੱਟ ਗਿਆ ਸੀ ਅਤੇ ਆਕਸੀਜਨ ਦੀ ਕਮੀ ਹੋ ਗਈ ਸੀ ਜਿਸ ਕਾਰਨ ਹੀ ਜਲ ਜੀਵਾਂ ਦੀ ਮੌਤ ਹੋਈ ਹੈ। ਉਨ੍ਹਾਂ ਦੱਸਿਆ ਕਿ ਜ਼ਿਲਾ ਪ੍ਰਸ਼ਾਸਨ ਦੀ ਟੀਮ ਨੇ 17 ਮਈ ਨੂੰ ਹੀ ਸਵੇਰੇ 9 ਵਜੇ ਅਤੇ ਬਾਅਦ ਦੁਪਹਿਰ 2 ਵਜੇ ਦਰਿਆ ਵਿਚੋਂ ਵੱਖ-ਵੱਖ ਥਾਵਾਂ ਤੋਂ ਪਾਣੀ ਦੇ ਨਮੂਨੇ ਅਤੇ ਮਰੀਆਂ ਹੋਈਆਂ ਮੱਛੀਆਂ ਜਾਂਚ ਲਈ ਲੈ ਕੇ ਯੂਨੀਵਰਸਿਟੀ ਦੇ ਮੱਛੀ ਪਾਲਣ ਵਿਭਾਗ ਨੂੰ ਸੌਂਪੇ ਸਨ ਜਿਨ੍ਹਾਂ ਦੀ ਜਾਂਚ ਕੀਤੀ ਗਈ ਹੈ।

## ਮੈਟਰੀਮੋਨੀਅਲ

ਸੋਹਣਾ-ਸੁਨੱਖਾ, ਆਦਿ ਧਰਮੀ ਪਰਿਵਾਰਕ ਲੜਕਾ, ਉਮਰ 24 ਸਾਲ, ਪੰਜਾਬ ਤੋਂ ਸਿਵਲ ਇੰਜੀਨੀਅਰਿੰਗ ਕੀਤੀ ਹੋਈ ਹੈ, ਯੂ. ਐਸ. ਏ. ਗ੍ਰੀਨ ਕਾਰਡ ਹੋਲਡਰ, ਸੈਕਰਾਮੈਂਟੋ ਰਹਿ ਰਿਹਾ ਹੈ, ਲਈ ਯੋਗ ਲੜਕੀ ਦੀ ਲੋੜ ਹੈ।

ਸਿਰਫ ਉਹ ਹੀ ਪਰਿਵਾਰ ਸੰਪਰਕ ਕਰਨ ਜੋ ਉਪਰੋਕਤ ਲੜਕੇ ਦੇ ਵੱਡੇ ਵੀਰ ਉਮਰ 29 ਸਾਲ, ਇਲੈਕਟ੍ਰਾਨਿਕ ਇੰਜੀਨੀਅਰਿੰਗ 'ਚ ਡਿਪਲੋਮਾ ਕੀਤਾ ਹੋਇਆ ਹੈ ਅਤੇ ਬੀ. ਟੈਕ ਆਖਰੀ ਸਮੈਸਟਰ ਦਾ ਵਿਦਿਆਰਥੀ ਹੈ, ਪਿਛਲਾ ਪਿੰਡ ਸਮਰਾਏ ਜ਼ਿਲ੍ਹਾ ਜਲੰਧਰ ਹੈ, ਦੇ ਲਈ ਅਮਰੀਕਾ ਰਹਿ ਰਹੀ ਸਿਟੀਜ਼ਨ ਲੜਕੀ ਨਾਲ ਵਿਆਹ ਕਰਵਾ ਕੇ ਅਮਰੀਕਾ ਲਿਆ ਸਕਦੇ ਹੋਣ।

ਲੜਕੇ ਦਾ ਇਕੋ ਇਕ ਵੱਡਾ ਭਰਾ ਹੈ। ਮਾਤਾ ਸੈਕਰਾਮੈਂਟੋ ਰਹਿ ਰਹੀ ਹੈ ਤੇ ਪਿਤਾ ਐਲ. ਆਈ. ਸੀ. 'ਚ ਚੰਗੀ ਪੁਜੀਸ਼ਨ ਅਫਸਰ ਪੋਸਟ 'ਤੇ ਹਨ। ਮਾਤਾ-ਪਿਤਾ ਦੋਵੇਂ ਹੀ ਯੂ. ਐਸ. ਏ. ਗ੍ਰੀਨ ਕਾਰਡ ਹੋਲਡਰ ਹਨ ਅਤੇ ਲੜਕੇ ਦੇ ਹੋਰ ਬਾਕੀ ਰਿਸ਼ਤੇਦਾਰ ਵੱਡੀ ਗਿਣਤੀ 'ਚ ਅਮਰੀਕਾ ਰਹਿ ਰਹੇ ਹਨ।

ਵਧੇਰੇ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ:

**ਸੁਖਮਿੰਦਰ ਕੁਮਾਰ ਮਾਹੀ (916) 917-7530**

**ਸੁੱਖ ਰਾਮ ਚੰਦੜ (916) 494-4694**


A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics

9:00 AM to 6:00 PM Mon-Sat

Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu





# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਹੋਣ ਵਾਲੇ ਮਈ- ਜੂਨ ਮਹੀਨੇ ਦੇ ਸਮਾਗਮ

**May 27, 2018**
**Sukhmani Sahib Path**
**Langar Sewa by**
**Bhai Joginder Singh and**
**Bibi Gurmeet Kaur**

Sri Sukhmani Sahib Path and Langar Sewa will be hosted by Bhai Joginder Singh ji (Delhi Wale), Bibi Gurmeet Kaur and family in the loving memory of their parents. May Waheguru keep HIS blessing on the family.

**June 1-3, 2018**
**Pittsburg Gurughar's 33rd Anniversary**

Sri Guru Ravidass Temple Pittsburg's 33th anniversary will be celebrated on June 3rd, 2018. Akhand Path will start on Friday 6/01/2018 at 10am and will be concluded with Bhog ceremony on Sunday 6/03/2018. Path and Langar Sewa will be hosted by Gurughar with the help and cooperation of entire Sangat. Ragi Jatha Giani Ompal Singh, Giani Gurnam Singh ji will adorn the occasion along with Jatha Giani Suveg Singh ji. Nishan Sahib Sewa will be on Saturday June 2, 2018 at 3:00 PM by Bhai Jagtar Sindh Bhatia and Bibi Nirmal Bhatia.

For STALLS or any SEWA, please contact President Kashmiri Bhatia at (408)460-0262 or Chairman Ramesh Suman at (925) 366.3618. We need your help and support.

**June 10, 2018**
**Barsi of Late Bhai Darshan Ram Narabat**

Sri Sukhmani Sahib Path and Langar Sewa will be hosted by Bibi Piyari Narabat and entire family on the event of Barsi of their father Late Shri Darshan Ram Narabat. May Waheguru keep dedicated Narabat family in Chardi Kala.

| Sangat Sewadars | Chairman | President | General Secretary | Treasurer |
|---|---|---|---|---|
| | Ramesh Suman | Kashmiri Bhatia | Dilbag Singh | Vinod Kumar |
| | (925) 366-3618 | (408) 460-0262 | (209) 834-4641 | (408) 718-2506 |

Please visit Gurughar website for information:WWW.SriGuruRavidassTemple.com

NOTE: Sewa is available for the dates with ***.Please contact General Secretary at 209.834.4641 for more information.

**ਸ੍ਰੀ ਗੁਰੂ ਰਵਿਦਾਸ ਸਭਾ, ਪਿਟਸਬਰਗ 2150 Crestview Drive, Pittsburg CA 94565 Tel: (925) 439-2355**

# Mr. Roger Wilson (Attorney) running for Judge (Fresno) & Mr. Paula Yang running for Fresno City Council District 5 visited the Shri Guru Ravidass Temple Fresno and addressed the Sangat



Mr. Roger Wilson addressing Sangat.







Mr. Roger Wilson (Attorney) running to be a Judge in Fresno



Paula Yang running for Fresno City Council District 5.





# Some about Roger Wilson

Roger Wilson is a Fresno attorney with over 20 years of legal experience. Roger is a Certified Criminal Law Specialist by the State Bar of California Board of Legal Specialization and is a panel attorney with the Peace Officers Research Association of California (PORAC).

Prior to entering private practice, Roger was a Deputy District Attorney for the Counties of Tulare and Fresno. As a Deputy District Attorney, Roger prosecuted a wide range of crimes against adults and juveniles, including arson, assault, battery, burglary, financial and consumer fraud, computer crimes, criminal street gangs, domestic violence, homicide, identity theft and sex crimes. As a private attorney, Roger has litigated cases involving probate issues, family law matters, restraining orders, criminal defense, civil litigation (both plaintiff and defense), appeals and federal criminal and civil matters.

Roger also represents several law enforcement agencies in collective bargaining, administrative processes and legal defense, including Sherriff Departments in Fresno,Tulare, Selma and Bakersfield and the Fresno County Probation Managers.

Throughout his career, Roger has worked with many governmental agencies including Fresno and Tulare County Sheriff's Departments, all Fresno and Tulare county Police departments, Department of Motor Vehicles, Department of homeland Security, Fedral Bureau of Investigation, Drug Enforcement Administration, Board of Equalization, Alcoholic Beverage Control, Contractor State Licensing Board, Employment Development Department, Department of Fish and Game, the Department of Consumer Affairs and the Bureau of Alcohol Tobacco Firearms and Explosives.

Roger has been an instructor at Fresno State, University of Phoenix, National University, California, District Attorneys Association and the POST (Commission on peace officer standards and Training) Supervisors Course.

Roger is a past board member of the San Joaquin College of Law Alumni Association and past Vice President and Secretary of the Fresno County Prosecutors Association. He is currently a board member of the Scottish Society of Central California, a member of the Boy Scouts of America, an attorney coach for the Exeter High School Mock Trial Team and a member of the Fresno Men's Senior Baseball League.

Roger graduated from Exeter High School, Fresno State University (BA Psychology), University of Wisconsin-Madison (MA Labor Relation) and San Joaquin College of Law (JD)

# ਅੱਠਵਾਂ ਫੀਲਡ ਹਾਕੀ ਟੂਰਨਾਮੈਂਟ ਸਫਲਤਾ ਨਾਲ ਸੰਪੰਨ





ਵੈਸਟ ਕੋਸਟ, ਸਰੀ (ਕੈਨੇਡਾ) ਦੀ ਟੀਮ ਮੈਚ ਜਿੱਤਣ ਤੋਂ ਬਾਅਦ ਖੁਸ਼ੀ ਦੇ ਰੌਂਅ ਵਿਚ











Pictures by Prem Kumar Chumber Desh Doaba

















# ਪੀ.ਸੀ.ਐਸ.ਸੈਕਰਾਮੈਂਟੋ ਵੱਲੋਂ 15 ਜੁਲਾਈ ਦੇ 20ਵੇਂ ਮੇਲੇ ਦੀਆਂ ਤਿਆਰੀਆਂ ਸਬੰਧੀ ਮੀਟਿੰਗ

**ਸੈਕਰਾਮੈਂਟੋ–** ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ 15 ਜੁਲਾਈ ਨੂੰ ਤੀਆਂ ਦੇ ਮੇਲੇ ਦਾ ਪ੍ਰਬੰਧ ਕਰ ਰਹੀਆਂ ਬੀਬੀਆਂ ਵੱਲੋਂ ਏ. ਬੀ. ਸਵੀਟਸ ਰੈਸਟੋਰੈਂਟ ਤੇ ਐਤਵਾਰ ਨੂੰ ਮੇਲੇ ਦੀਆਂ ਤਿਆਰੀਆਂ ਦੇ ਸਰਵੇਖਣ ਸਬੰਧੀ ਇਕ ਅਹਿਮ ਮੀਟਿੰਗ ਬੁਲਾਈ ਗਈ, ਜਿਸ ਵਿਚ ਜੁੜੇ ਆ ਰਹੇ ਪਰਿਵਾਰਾਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ।

ਪੰਜਾਬੀ ਸਭਿਆਚਾਰ ਦੇ ਗੌਰਵਮਈ ਤੇ ਰੰਗਾਂ ਵਿਚ ਰੰਗਿਆ ਇਹ ਮੇਲਾ 15 ਜੁਲਾਈ ਦਿਨ ਐਤਵਾਰ ਨੂੰ ਇਕ ਵਜੇ ਸ਼ੈਲਡਨ ਹਾਈ ਸਕੂਲ (ਪਰਫਾਰਮ ਆਰਟ ਸੈਂਟਰ) ਵਿਖੇ ਮਨਾਇਆ ਜਾ ਰਿਹਾ ਹੈ। ਇਸ ਵਿਚ ਸੰਗੀਤ, ਗਿੱਧਾ, ਡਾਂਸ, ਸਕਿੱਟ, ਲਾਈਵ ਬੋਲੀਆਂ ਤੇ ਡੀ. ਜੇ. ਆਦਿ ਦਾ ਪ੍ਰਬੰਧ ਹੋਵੇਗਾ। ਪਿਛਲੇ ਕਈ ਸਾਲਾਂ ਤੋਂ ਹਰੇਕ ਐਤਵਾਰ ਨੂੰ ਹਰੇਕ ਉਮਰ ਦੀਆਂ ਔਰਤਾਂ ਇਕੱਠੀਆਂ ਹੁੰਦੀਆਂ ਹਨ ਤੇ ਇਸ ਮੇਲੇ ਦੀ ਤਿਆਰੀ ਵਿਚ ਜੁਟ ਜਾਂਦੀਆਂ ਹਨ। ਇਸ ਮੇਲੇ ਦੀ ਕੋਈ ਟਿਕਟ ਨਹੀਂ ਹੈ। ਹਰ ਇਕ ਉਮਰ ਦੀਆਂ ਬੀਬੀਆਂ ਨੂੰ ਖੁੱਲ੍ਹਾ ਸੱਦਾ ਹੈ। ਇਸ ਮੇਲੇ 'ਚ ਕੱਪੜੇ ਅਤੇ ਖਾਣ-ਪੀਣ ਦੇ ਸਟਾਲ ਵੀ ਲਗਾਏ ਜਾਣਗੇ।



ਅਖੀਰ ਵਿਚ ਮਨਦੀਪ ਕੌਰ ਫਰਵਾਲਾ ਨੇ ਪਿਛਲੇ ਸਾਲ ਹੋਏ ਤੀਆਂ ਦੇ ਮੇਲੇ ਦੀ ਯਾਦ ਇਕ ਵਾਰ ਫਿਰ ਤਾਜ਼ਾ ਕਰਦਿਆਂ ਸਭਨਾਂ ਨੂੰ ਵਧਾਈ ਦੇ ਪਾਤਰ ਆਖਦਿਆਂ ਆਉਣ ਵਾਲੇ ਮੇਲੇ ਨੂੰ ਹੋਰ ਵੀ ਵਧੀਆ ਢੰਗ ਨਾਲ ਮਨਾਉਣ ਲਈ ਪ੍ਰੇਰਿਆ।

ਉਹਨਾਂ ਕਿਹਾ ਕਿ ਜੇ ਅਸੀਂ ਆਪਣੇ ਬੱਚਿਆਂ ਨੂੰ ਆਪਦੇ ਵਿਰਸੇ ਨਾਲ ਜੋੜਨਾ ਹੈ ਤਾਂ ਸਾਨੂੰ ਇਹੋ ਜਿਹੇ ਮੇਲੇ ਕਰਵਾਉਣੇ ਹੀ ਪੈਣਗੇ।

ਮੀਟਿੰਗ ਵਿਚ ਹਾਜ਼ਰ ਮੈਂਬਰ ਰਾਜਵਿੰਦਰ ਕੌਰ, ਪਰਦੀਪ ਕੌਰ, ਜਸਵਿੰਦਰ ਕੌਰ, ਪਰਮਪ੍ਰੀਤ ਕੌਰ, ਨਵਰੂਪ ਢਿੱਲੋਂ, ਕੀਰਤ ਵਿਰਕ, ਰਾਜਵਿੰਦਰ ਕੌਰ, ਜਸਕਮਲ, ਪ੍ਰੀਮ ਕੌਰ, ਬਲਜੀਤ ਬੈਂਸ, ਦਲਜੀਤ ਮਹੇਨਜਰ, ਰਾਣੀ ਸਰਹੱਦੀ, ਪਰਮਜੀਤ ਕੌਰ, ਭਵਨਦੀਪ ਕੌਰ, ਇੰਦਰਪਾਲ ਕਾਹਲੋਂ, ਰੁਪਿੰਦਰ ਕੌਰ, ਪਰਮਜੀਤ ਕੌਰ, ਜਸਮੀਨ ਸੰਘੇੜਾ ਤੇ ਮਨਦੀਪ ਫਰਵਾਲਾ ਆਦਿ ਸ਼ਾਮਲ ਸਨ। ਹੋਰ ਜਾਣਕਾਰੀ ਲਈ ਸੰਪਰਕ ਕਰੋ ਮਨਦੀਪ ਫਰਵਾਲਾ 916-212-1826 ਜਾਂ ਪਰਮਜੀਤ ਕੌਰ 916-716-1563

# ਅਮਰਜੀਤ ਸਿੰਘ ਦੁਲਾਈ ਦੀ ਯਾਦ ਵਿਚ ਕਰਵਾਇਆ ਫੀਲਡ ਹਾਕੀ ਟੂਰਨਾਮੈਂਟ

**ਸਟਾਕਟਨ (ਡੀ ਡੀ ਬੀ)–** ਅਮਰਜੀਤ ਸਿੰਘ ਦੁਲਾਈ ਦੀ ਯਾਦ ਵਿਚ ਯੂਨੀਵਰਸਿਟੀ ਆਫ ਪੈਸੀਫਿਕ ਸਟਾਕਟਨ (ਕੈਲੇਫੋਰਨੀਆ) ਵਿਖੇ 18, 19 ਅਤੇ 20 ਮਈ 2018 ਨੂੰ ਫੀਲਡ ਹਾਕੀ ਟੂਰਨਾਮੈਂਟ 2018 ਦੌਰਾਨ ਹਾਕੀ ਖਿਡਾਰੀਆਂ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕੀਤਾ, ਜਿਸ ਨੂੰ ਦਰਸ਼ਕਾਂ ਨੇ ਬੜੀ ਨਿਸ਼ਠਾ ਅਤੇ ਉਤਸ਼ਾਹ ਨਾਲ ਦੇਖਿਆ ਤੇ ਖੂਬ ਆਨੰਦ ਮਾਣਿਆ। ਹਾਕੀ ਟੂਰਨਾਮੈਂਟ ਦੀਆਂ ਪਹਿਲੇ ਅਤੇ ਦੂਜੇ ਸਥਾਨ ’ਤੇ ਰਹਿਣ ਵਾਲੀਆਂ ਟੀਮਾਂ ਨੂੰ ਕ੍ਰਮਵਾਰ ਗਾਖਲ ਭਰਾਵਾਂ (ਅਮੋਲਕ ਸਿੰਘ, ਪਲਵਿੰਦਰ ਸਿੰਘ ਅਤੇ ਇਕਬਾਲ ਸਿੰਘ) ਨੇ ਆਪਣੇ ਸਵਰਗੀ ਪਿਤਾ ਨਸੀਬ ਸਿੰਘ ਗਾਖਲ ਦੀ ਯਾਦ ਵਿਚ ਅਤੇ ਦੂਸਰਾ ਇਨਾਮ ਮਾਈਕ ਬੋਪਾਰਾਏ ਨੇ ਆਪਣੇ ਬੋਪਾਰਾਏ ਭਰਾਵਾਂ ਵੱਲੋਂ ਦਿੱਤਾ। ਟੂਰਨਾਮੈਂਟ ਦੇ ਮੁੱਖ ਮਹਿਮਾਨ ਸ੍ਰੀ ਸੁਰਿੰਦਰ ਸਿੰਘ ਸੋਢੀ (ਉਲੰਪੀਅਨ) ਤੋਂ ਇਲਾਵਾ ਉਘੇ ਬਿਜਨਸਮੈਨ, ਮੰਨੇ ਪ੍ਰਮੰਨੇ ਹਾਕੀ ਖਿਡਾਰੀ ਅਤੇ ਆਲਾਮੀਡਾ ਕਾਉਂਟੀ ’ਚ ਕਮਿਸ਼ਨਰ ਸ੍ਰੀ ਕਸ਼ਮੀਰ ਸਿੰਘ ਧੁੱਗਾ (ਕੈਸ਼ ਫੈਬਰਿਕਸ ਦੇ ਮਾਲਕ), ਅਵਤਾਰ ਸਿੰਘ ਤਾਰੀ ਉਘੇ ਬਿਜਨਸਮੈਨ ਅਤੇ ਆਲਾਮੀਡਾ ਕਾਉਂਟੀ ’ਚ ਕਮਿਊਨਿਟੀ ਡਿਵੈਲਪਮੈਂਟ ਏਜੰਸੀ ਕਮਿਸ਼ਨਰ ਸ੍ਰੀ ਅਵਤਾਰ ਸਿੰਘ ਤਾਰੀ,ਉਘੇ ਫਿਲਮ ਪ੍ਰੋਡਿਊਸਰ/ ਡਾਇਰੈਕਟਰ ਕਵੀ ਰਾਜ਼, ਮਨਜੀਤ ਸਿੰਘ ਵਿਰਕ, ਮੂਨ ਸਟੂਡੀਓ ਦੇ ਮਾਲਕ ਗੁਰਿੰਦਰ ਸਿੰਘ ਪੁਰੇਵਾਲ ਅਤੇ ਨਾਮਵਰ ਹਾਕੀ ਖਿਡਾਰੀ ਕੈਮ ਗਿੱਲ ਆਦਿ ਦਾ ਧੰਨਵਾਦ ਹੈ, ਜਿਹਨਾਂ ਹਾਕੀ ਨੂੰ ਪ੍ਰਮੋਟ ਕਰਨ ਲਈ ਇਸ ਮੇਲੇ ਦੇ ਪ੍ਰਬੰਧਕਾਂ ਨੂੰ ਸਹਿਯੋਗ ਦਿੱਤਾ।


ਵੈਸਟ ਕੋਸਟ ਕਿੰਗਜ਼, ਸਰੀ (ਕੈਨੇਡਾ)- ਟੂਰਨਾਮੈਂਟ ਦੀ ਜੇਤੂ ਟੀਮ

ਤਸਵੀਰਾਂ- ਦੇਸ਼ ਦੁਆਬਾ




ਅਮੋਲਕ ਸਿੰਘ ਗਾਖਲ ਅਤੇ ਕਸ਼ਮੀਰ ਸਿੰਘ ਧੁੱਗਾ


ਕੈਮ ਗਿੱਲ, ਕਵੀ ਰਾਜ ਸਿੰਘ, ਅਵਤਾਰ ਸਿੰਘ ਤਾਰੀ, ਕਸ਼ਮੀਰ ਸਿੰਘ ਧੁੱਗਾ ਅਤੇ ਮਨਜੀਤ ਸਿੰਘ ਵਿਰਕ


ਧੁੱਗਾ ਬ੍ਰਦਰਜ਼






ਐਵਾਰਡ ਪ੍ਰਦਾਨ ਕਰਦੇ ਹੋਏ



# ਅਮਰਜੀਤ ਸਿੰਘ ਦੁਲਾਈ ਦੀ ਯਾਦ ਵਿਚ ਕਰਵਾਇਆ 8ਵਾਂ ਫੀਲਡ ਹਾਕੀ ਟੂਰਨਾਮੈਂਟ ਸਫਲਤਾ ਪੂਰਵਕ ਸੰਪੰਨ

## ਇਸ ਮੌਕੇ ਭੱਜੀ ਗਿੱਲ (ਕਾਂਟੀਨੈਂਟਲ, ਟਰੱਕ, ਟਰੇਲਰ ਰਿਪੇਅਰ ਐਂਡ ਟਾਇਰ ਸਰਵਿਸ) ਆਪਣੇ ਦੋਸਤਾਂ ਨਾਲ, ਇਸ ਮੌਕੇ "ਦੇਸ਼ ਦੁਆਬਾ" ਵੱਲੋਂ ਲਈਆਂ ਗਈਆਂ ਯਾਦਗਾਰੀ ਤਸਵੀਰਾਂ




ਭੱਜੀ ਗਿੱਲ (ਮਾਲਕ ਕਾਂਟੀਨੈਂਟਲ, ਟਰੱਕ, ਟਰੇਲਰ ਰਿਪੇਅਰ ਐਂਡ ਟਾਇਰ ਸਰਵਿਸ)



ਭੱਜੀ ਗਿੱਲ, 1980 ਦੇ ਗੋਲਡ ਮੈਡਲਿਸਟ ਸ. ਸੁਰਿੰਦਰ ਸਿੰਘ ਸੋਢੀ ਹਾਕੀ ਉਲੰਪੀਅਨ, ਦੀਪਾ, ਕੁਲਵੰਤ, ਤੇਜਾ ਅਤੇ ਮਨੀ ਨਾਲ।




ਭੱਜੀ ਗਿੱਲ ਅਤੇ ਮਨੀ



ਭੱਜੀ ਗਿੱਲ (ਮਾਲਕ ਕਾਂਟੀਨੈਂਟਲ, ਟਰੱਕ, ਟਰੇਲਰ ਰਿਪੇਅਰ ਐਂਡ ਟਾਇਰ ਸਰਵਿਸ) ਆਪਣੇ ਦੋਸਤਾਂ ਨਾਲ




ਭੱਜੀ ਗਿੱਲ ਨਾਲ ਖੜ੍ਹੇ ਹਨ ਸੋਨੂੰ, ਟੋਨੀ, ਦੀਪਾ ਅਤੇ ਕੁਲਵੰਤ।




ਕੁਲਵੰਤ ਸਿੰਘ ਅਤੇ ਦੀਪਾ ਰੁੜਕਾ ਕਲਾਂ



ਵੈਸਟ ਕੋਸਟ ਕਿੰਗਜ਼, ਸਰੀ (ਕੈਨੇਡਾ), ਦੀ ਟੀਮ
ਪ੍ਰੇਮ ਕੁਮਾਰ ਚੁੰਬਰ (ਸੰਪਾਦਕ ਦੇਸ਼ ਦੁਆਬਾ) ਦੇ ਨਾਲ।


**Continental Truck, Trailer Repair & Tire Service**
**42400 Boyce Road, Unite F, Fremont (California) 94538**

**Bhajji Gill**
**(510) 277-6315**

# ਗਠਬੰਧਨ ਸਰਕਾਰਾਂ ਅਤੇ ਸਿਆਸੀ ਦਲ

**ਸੱਤਾ ਦੀ ਚਾਬੀ, ਚੋਣਾਂ ਰਾਹੀਂ ਹੱਥ ਨਾ ਆਉਣ ਕਾਰਨ, ਪਿਛਲੇ ਦਰਵਾਜੇ ਰਾਹੀਂ ਸੱਤਾ ਪ੍ਰਾਪਤੀ ਦੇ ਯਤਨ, ਸਿਆਸੀ ਪਾਰਟੀਆਂ ਵਲੋਂ ਵੱਡੀ ਪੱਧਰ ਉਤੇ ਕੀਤੇ ਜਾਣ ਲੱਗੇ ਹਨ। ਸੱਤਾ ਦੀ ਮਲਾਈ ਦੀ ਬਾਂਦਰ ਵੰਡ ਲਈ ਖੁਲ੍ਹੇ ਯੁੱਧ ਦੇ ਦੌਰ ਵਿੱਚ ਸੇਵਾ ਅਤੇ ਨੈਤਿਕਤਾ ਦੇ ਜੁਮਲਿਆਂ ਦਾ ਕੋਈ ਅਰਥ ਹੀ ਨਹੀਂ ਰਿਹਾ। ਪਿਛਲੇ ਦਿਨੀਂ ਕਰਨਾਟਕ ਵਿੱਚ ਭਾਜਪਾ ਵਿਧਾਨ ਸਭਾ ਵਿੱਚ ਵੱਡੀ ਪਾਰਟੀ ਬਣੀ, ਆਪਸੀ ਵਿਰੋਧੀ ਹੁੰਦਿਆਂ ਵੀ ਕਾਂਗਰਸ ਅਤੇ ਜੇ ਡੀ ਐਸ ਨੇ ਗਠਬੰਧਨ ਸਰਕਾਰ ਬਨਾਉਣ ਲਈ ਰਸਤਾ ਸਾਫ ਕੀਤਾ, ਪਰ ਕੇਂਦਰ ਸਰਕਾਰ ਦੇ ਇਸ਼ਾਰੇ ਉਤੇ ਕਰਨਾਟਕ ਦੇ ਰਾਜਪਾਲ ਨੇ ਭਾਜਪਾ ਨੂੰ ਸਰਕਾਰ ਬਨਾਉਣ ਦਾ ਸੱਦਾ ਦਿੱਤਾ ਜਦਕਿ ਗੋਆ ਅਤੇ ਮਣੀਪੁਰ ਮਾਮਲਿਆਂ ਵਿੱਚ ਵੱਡੀ ਪਾਰਟੀ ਕਾਂਗਰਸ ਨੂੰ ਅੱਖੋ-ਪਰੋਖੇ ਕਰਦਿਆਂ ਗੱਠਬੰਧਨ ਨੂੰ ਸਰਕਾਰ ਬਨਾਉਣ ਦਾ ਮੌਕਾ ਦਿੱਤਾ ਗਿਆ ਸੀ। ਜੇ ਡੀ ਐਸ ਅਤੇ ਕਾਂਗਰਸ ਦੇ ਗਠਬੰਧਨ ਨੂੰ ਭਾਜਪਾ ਵਲੋਂ ਅਨੈਤਿਕ ਕਰਾਰ ਦਿੱਤਾ ਜਾ ਰਿਹਾ ਹੈ। ਪਰ ਕੁਝ ਲੋਕ ਸਵਾਲ ਕਰਦੇ ਹਨ ਕਿ ਜੰਮੂ-ਕਸ਼ਮੀਰ ਵਿੱਚ ਭਾਜਪਾ-ਜੀ ਡੀ ਪੀ ਦਾ ਗਠਬੰਧਨ ਕਿਵੇਂ ਨੈਤਿਕ ਅਤੇ ਜਾਇਜ਼ ਹੈ?**



ਗੁਰਮੀਤ ਸਿੰਘ ਪਲਾਹੀ
91-98158-02070

ਭਾਰਤੀ ਲੋਕਾਂ ਨੇ ਵੱਡੀ ਸੰਖਿਆ ਵਿੱਚ ਗੱਠ ਜੋੜ, ਗਠਬੰਧਨ, ਗਰੁੱਪਬੰਦੀ, ਸਿਆਸੀ ਮੇਲ -ਮਿਲਾਪ ਦੇ ਵੱਖੋ-ਵੱਖਰੇ ਜੋੜ ਦੇਖੇ ਹਨ। ਦਲਿਤ ਪੱਖੀ ਰੰਗ, ਮਜ਼ਦੂਰਾਂ ਪੱਖੀ ਰੰਗ, ਨਕਲੀ ਧਰਮ ਨਿਰਪੱਖਤਾ, ਮੰਡਲਵਾਦ, ਘੱਟ ਗਿਣਤੀਆਂ ਵਿਰੋਧੀ ਰੰਗ, ਫਿਰਕੂਵਾਦ ਜਿਹੇ ਬਹੁਤ ਸਾਰੇ ਰੰਗਾਂ ਅਤੇ ਝੂਠੇ ਨਾਹਰਿਆਂ ਨੂੰ ਭਾਰਤੀਆਂ ਦੇਖਿਆ ਵੀ ਹੈ, ਸੁਣਿਆ ਵੀ ਹੈ ਅਤੇ ਭੋਗਿਆ ਵੀ ਹੈ।

ਕਾਂਗਰਸ ਰਾਹੀਂ ਵਿਕਾਸ, ਜੈ ਜਵਾਨ-ਜੈ ਕਿਸਾਨ, ਰਾਜਿਆਂ ਦੇ ਪ੍ਰਿਵੀਪਰਸ ਖਤਮ ਕਰਨਾ, ਬੈਂਕਾਂ ਦਾ ਰਾਸ਼ਟਰੀਕਰਨ, ਗਰੀਬੀ ਹਟਾਉ ਸਮਾਜਵਾਦ ਬਚਾਉ, ਇੰਦਰਾ ਹਟਾਉ ਦੇਸ਼ ਬਚਾਉ, ਵੱਛੇ ਅਤੇ ਗਾਂ ਲਈ ਵੋਟ, ਸਵੱਛ ਭਾਰਤ ਅਭਿਐਨ, ਭ੍ਰਿਸ਼ਟਾਚਾਰ ਨਹੀਂ ਚੱਲੇਗਾ ਦਾ ਨਾਹਰਾ, ਬੋਫਰਸ ਦਾ ਦਲਾਲ ਕੌਣ ਹੈ, ਬੱਚਾ-ਬੱਚਾ ਰਾਮ ਕਾ ਜਨਮ ਭੂਮੀ ਕੇ ਨਾਮ ਕਾ, ਜਾਤ ਪਰ ਨਾ ਪਾਤ ਪਰ ਮੋਹਰ ਲਗੇਗੀ ਹਾਥ ਪਰ, ਸਭ ਕੋ ਦੇਖਾ ਵਾਰੋ-ਵਾਰੀ ਅੱਬਕੀ ਵਾਰੀ ਅਟਲ ਬਿਹਾਰੀ, ਕਾਂਗਰਸ ਕਾ ਹਾਥ ਆਮ ਆਦਮੀ ਕੇ ਸਾਥ, ਅਬ ਕੀ ਵਾਰ ਮੋਦੀ ਸਰਕਾਰ , ਸਭ ਕਾ ਸਾਥ ਸਭ ਕਾ ਵਿਕਾਸ, ਕਾਂਗਰਸ ਮੁਕਤ ਭਾਰਤ ਜਿਹੇ ਨਾਹਰੇ ਭਾਰਤੀ ਜਨਤਾ ਨੂੰ ਪਰੋਸੇ ਗਏ ਹਨ। ਅਤੇ ਹੁਣ ਨਵਾਂ ਨਾਹਰਾ ਹੈ ਮੋਦੀ ਮੁਕਤ ਭਾਰਤ ਦਾ।

ਸੰਸਦੀ ਰਾਜਨੀਤੀ, ਪਾਰਟੀ ਤੰਤਰ ਤੋਂ ਬਿਨਾਂ ਠੀਕ ਢੰਗ ਨਾਲ ਚੱਲ ਨਹੀਂ ਸਕਦੀ। ਭਾਰਤੀ ਪਾਰਟੀ ਤੰਤਰ ਦਾ ਆਪਣਾ ਖਾਸਾ ਹੈ। ਸ਼ੁਰੂ 'ਚ ਸੱਤਾ ਦੇ ਖਿਡਾਰੀਆਂ ਦੀ ਵੱਡੀ ਟੀਮ ਸੀ। ਸਮੇਂ ਦੇ ਨਾਲ ਛੋਟੀਆਂ ਸਿਆਸੀ ਟੀਮਾਂ ਵੀ ਮੈਦਾਨ 'ਚ ਆਉਂਦੀਆਂ ਗਈਆਂ। ਖੇਤਰੀ ਪਾਰਟੀਆਂ ਦਾ ਬੋਲ-ਬਾਲਾ ਵੀ ਹੋਇਆ। ਹੁਣ ਸੱਤਾ ਦੇ ਮੈਦਾਨ ਵਿੱਚ ਦੋ ਵੱਡੀਆਂ ਧਿਰਾਂ ਦਿਸਦੀਆਂ ਹਨ, ਇੱਕ ਯੂ.ਪੀ.ਏ ਅਤੇ ਇੱਕ ਐਨ ਡੀ ਏ, ਅਤੇ ਮੁੱਖ ਖਿਡਾਰੀ ਵੀ ਇਹੋ ਹਨ। ਦੋਹਾਂ ਖੇਮਿਆਂ 'ਚ ਆਪੋ-ਆਪਣੇ ਹਿੱਤਾਂ ਦੀ ਰਾਖੀ ਲਈ ਕੁਝ ਰਾਸ਼ਟਰੀ, ਕੁਝ ਸੂਬਾਈ, ਕੁਝ ਖੇਤਰੀ ਪਾਰਟੀਆਂ ਜੁੜਦੀਆਂ ਟੁੱਟਦੀਆਂ ਰਹਿੰਦੀਆਂ ਹਨ। ਵਿਸ਼ਵ ਦੇ ਸਭ ਤੋਂ ਵੱਡੇ ਲੋਕਤੰਤਰ ਵਿੱਚ ਇਹਨਾ ਨੇਤਾਵਾਂ ਦੀ ਸਰਪ੍ਰਸਤੀ 'ਚ ਅਪਰਾਧੀਕਰਨ, ਭ੍ਰਿਸ਼ਟਾਚਾਰ, ਫਿਰਕੂਵਾਦ, ਜਾਤੀਵਾਦ ਅਤੇ ਹਿੰਸਾ ਨੇ ਪੈਰ ਪਸਾਰੇ ਹਨ ਅਤੇ ਇਹਨਾ ਪੰਜ ਬੁਰਾਈਆਂ ਨੇ ਦੇਸ਼ ਦੀ ਏਕਤਾ ਲਈ ਗੰਭੀਰ ਖਤਰਾ ਪੈਦਾ ਕੀਤਾ ਹੋਇਆ ਹੈ।

ਸੱਤਾ ਦੀ ਚਾਬੀ, ਚੋਣਾਂ ਰਾਹੀਂ ਹੱਥ ਨਾ ਆਉਣ ਕਾਰਨ, ਪਿਛਲੇ ਦਰਵਾਜੇ ਰਾਹੀਂ ਸੱਤਾ ਪ੍ਰਾਪਤੀ ਦੇ ਯਤਨ, ਸਿਆਸੀ ਪਾਰਟੀਆਂ ਵਲੋਂ ਵੱਡੀ ਪੱਧਰ ਉਤੇ ਕੀਤੇ ਜਾਣ ਲੱਗੇ ਹਨ। ਸੱਤਾ ਦੀ ਮਲਾਈ ਦੀ ਬਾਂਦਰ ਵੰਡ ਲਈ ਖੁਲ੍ਹੇ ਯੁੱਧ ਦੇ ਦੌਰ ਵਿੱਚ ਸੇਵਾ ਅਤੇ ਨੈਤਿਕਤਾ ਦੇ ਜੁਮਲਿਆਂ ਦਾ ਕੋਈ ਅਰਥ ਹੀ ਨਹੀਂ ਰਿਹਾ। ਪਿਛਲੇ ਦਿਨੀਂ ਕਰਨਾਟਕ ਵਿੱਚ ਭਾਜਪਾ ਵਿਧਾਨ ਸਭਾ ਵਿੱਚ ਵੱਡੀ ਪਾਰਟੀ ਬਣੀ, ਆਪਸੀ ਵਿਰੋਧੀ ਹੁੰਦਿਆਂ ਵੀ ਕਾਂਗਰਸ ਅਤੇ ਜੇ ਡੀ ਐਸ ਨੇ ਗਠਬੰਧਨ ਸਰਕਾਰ ਬਨਾਉਣ ਲਈ ਰਸਤਾ ਸਾਫ ਕੀਤਾ, ਪਰ ਕੇਂਦਰ ਸਰਕਾਰ ਦੇ ਇਸ਼ਾਰੇ ਉਤੇ ਕਰਨਾਟਕ ਦੇ ਰਾਜਪਾਲ ਨੇ ਭਾਜਪਾ ਨੂੰ ਸਰਕਾਰ ਬਨਾਉਣ ਦਾ ਸੱਦਾ ਦਿੱਤਾ ਜਦਕਿ ਗੋਆ ਅਤੇ ਮਣੀਪੁਰ ਮਾਮਲਿਆਂ ਵਿੱਚ ਵੱਡੀ ਪਾਰਟੀ ਕਾਂਗਰਸ ਨੂੰ ਅੱਖੋ-ਪਰੋਖੇ ਕਰਦਿਆਂ ਗੱਠਬੰਧਨ ਨੂੰ ਸਰਕਾਰ ਬਨਾਉਣ ਦਾ ਮੌਕਾ ਦਿੱਤਾ ਗਿਆ ਸੀ। ਜੇ ਡੀ ਐਸ ਅਤੇ ਕਾਂਗਰਸ ਦੇ ਗਠਬੰਧਨ ਨੂੰ ਭਾਜਪਾ ਵਲੋਂ ਅਨੈਤਿਕ ਕਰਾਰ ਦਿੱਤਾ ਜਾ ਰਿਹਾ ਹੈ। ਪਰ ਕੁਝ ਲੋਕ ਸਵਾਲ ਕਰਦੇ ਹਨ ਕਿ ਜੰਮੂ-ਕਸ਼ਮੀਰ ਵਿੱਚ ਭਾਜਪਾ-ਜੀ ਡੀ ਪੀ ਦਾ ਗਠਬੰਧਨ ਕਿਵੇਂ ਨੈਤਿਕ ਅਤੇ ਜਾਇਜ਼ ਹੈ?

ਭਾਜਪਾ ਵਲੋਂ ਵਿਰੋਧੀ ਧਿਰ ਨੂੰ ਕਰਨਾਟਕ ਵਿੱਚ ਨੁਕਰੇ ਲਾਉਣ ਅਤੇ ਉਸਨੂੰ ਖਤਮ ਕਰਨ ਦਾ ਹਰ ਹੀਲਾ-ਵਸੀਲਾ ਵਰਤਣ ਦੇ ਵਿਰੋਧ 'ਚ ਪੱਛਮੀ ਬੰਗਾਲ ਦੀ ਮਮਤਾ ਬੈਨਰਜੀ, ਬਸਪਾ ਮੁੱਖੀ ਮਾਇਆਵਤੀ, ਮਾਕਪਾ ਦੇ ਸੀਤਾ ਰਾਮ ਯੇਚੁਰੀ, ਯੂ.ਪੀ. ਦੇ ਅਖਿਲੇਸ਼ ਯਾਦਵ, ਬਿਹਾਰ ਦੇ ਤੇਜਸਵੀ ਯਾਦਵ, ਸ਼ਰਦ ਪਵਾਰ ਐਮ ਕੇ ਸਟਾਲਿਨ, ਅਰਵਿੰਦ ਕੇਜਰੀਵਾਲ ਆਦਿ ਦੀਆਂ ਜਿਹੋ-ਜਿਹੀਆਂ ਟਿਪਣੀਆਂ ਸਾਹਮਣੇ ਆਈਆਂ ਹਨ, ਉਹ ਵਿਰੋਧੀ ਪਾਰਟੀਆਂ ਨੂੰ ਇੱਕਠੇ ਹੋਣ ਦਾ ਸੰਕੇਤ ਦੇ ਰਹੀਆਂ ਹਨ। ਕਰਨਾਟਕ ਦੇ ਮੁਖਮੰਤਰੀ ਐਚ ਡੀ ਕੁਮਾਰਾ ਸਵਾਮੀ ਜੋ ਸਾਬਕਾ ਪ੍ਰਧਾਨ ਮੰਤਰੀ ਐਚ ਡੀ ਦੇਵਗੌੜਾ ਦੇ ਸਪੁੱਤਰ ਹਨ, ਨੇ ਮੁੱਖਮੰਤਰੀ ਦੇ ਸਹੁੰ ਚੁੱਕ ਸਮਾਗਮ 'ਚ ਵਿਰੋਧੀ ਧਿਰਾਂ ਦੇ ਆਗੂਆਂ ਨੂੰ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ। ਕਰਨਾਟਕ ਦੇ ਘਟਨਾਕਰਮ ਨੇ ਵਿਰੋਧੀ ਧਿਰ ਵਿੱਚ ਉਤਸ਼ਾਹ ਭਰਿਆ ਹੈ।

ਮੋਦੀ ਸਰਕਾਰ ਦੇ ਚਾਰ ਸਾਲ ਦੇ ਭਾਜਪਾ ਦਾ ਜੇਤੂ ਰੱਥ ਨਾ ਸਿਰਫ ਅੱਗੇ ਵੱਧਦਾ ਗਿਆ, ਬਲਕਿ ਮੋਦੀ-ਸ਼ਾਹ ਜੋੜੀ ਨੇ ਕਈ ਥਾਂ ਵਿਰੋਧੀ ਹਾਲਤਾਂ ਨੂੰ ਵੀ ਆਪਣੇ ਹੱਕ 'ਚ ਕੀਤਾ। ਬਿਹਾਰ, ਗੋਆ, ਮਨੀਪੁਰ ਇਸ ਦੀਆਂ ਉਦਾਹਰਨਾਂ ਹਨ। ਪਰੰਤੂ ਕਰਨਾਟਕ ਵਿੱਚਲੀ ਕਾਂਗਰਸ ਦੀ ਪਹਿਲਕਦਮੀ ਨੇ ਸਮੁੱਚੀ ਵਿਰੋਧੀ ਧਿਰ ਨੂੰ ਇਹ ਸੰਦੇਸ਼ ਦਿੱਤਾ ਹੈ ਕਿ ਉਹ ਇੱਕ ਜੁੱਟ ਹੋਕੇ ਭਾਜਪਾ ਨੂੰ ਟੱਕਰ ਦੇ ਸਕਦੀ ਹੈ। 2018 ਦੇ ਆਰੰਭ 'ਚ ਉਤਰ ਪ੍ਰਦੇਸ਼ ਵਿੱਚ ਗੋਰਖਪੁਰ ਅਤੇ ਫੂਲਪੁਰ ਲੋਕ ਸਭਾ ਹਲਕਿਆਂ 'ਚ ਹੋਈਆਂ ਜ਼ਿਮਨੀ ਚੋਣਾਂ 'ਚ ਭਾਜਪਾ ਨੂੰ ਹਰਾਇਆ ਗਿਆ ਸੀ। ਹੁਣ 2019 ਲੋਕ ਸਭਾ ਚੋਣਾਂ ਤੋਂ ਪਹਿਲਾਂ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛਤੀਸਗੜ੍ਹ ਵਿੱਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਜੇਕਰ ਇਹਨਾ ਚੋਣਾਂ 'ਚ ਵਿਰੋਧੀ ਧਿਰ ਘੱਟੋ-ਘੱਟ ਪ੍ਰੋਗਰਾਮਾਂ ਦੇ ਤਹਿਤ ਇੱਕਮੁੱਠ ਹੋ ਕੇ ਚੋਣਾਂ ਤੋਂ ਪਹਿਲਾਂ ਹੀ ਗਠਬੰਧਨ ਕਰਦੀਆਂ ਹਨ ਤਾਂ ਮੋਦੀ ਮੁਕਤ ਭਾਰਤ ਕਰਨ ਵਲ ਪਹਿਲਕਦਮੀ ਹੋ ਸਕਦੀ ਹੈ। ਭਾਵੇਂ ਕਰਨਾਟਕ ਨੇ ਵਿਰੋਧੀ ਧਿਰ ਨੂੰ ਇੱਕਠੇ ਹੋਣ ਲਈ ਉਤਸ਼ਾਹਤ ਕੀਤਾ ਹੈ, ਪਰ ਉਸਦੀ ਏਕਤਾ ਦੇ ਰਾਹ ਵਿੱਚ ਰੋੜੇ ਘੱਟ ਨਹੀਂ ਹਨ। ਹਰ ਪਾਰਟੀ ਨੇ ਆਪਣੀ ਤਾਕਤ ਨੂੰ ਵੱਧ ਕਰਕੇ ਦਿਖਾਉਣਾ ਹੈ ਅਤੇ ਵੱਧ ਸੀਟਾਂ ਦੀ ਮੰਗ ਕਰਨੀ ਹੈ। ਖੇਤਰੀ ਪਾਰਟੀਆਂ ਨੇ ਆਪਣੇ ਮੁੱਦੇ ਚੁਕਣੇ ਹਨ, ਜਿਹੜੇ ਕਈ ਹਾਲਤਾਂ ਵਿੱਚ ਰਾਸ਼ਟਰੀ ਨੀਤੀ ਦੇ ਮੇਚ ਦੇ ਨਹੀਂ ਹੋਣਗੇ, ਇਹੋ ਜਿਹੀਆਂ ਅਸਾਵੀਆਂ ਹਾਲਤਾਂ 'ਚ ਗਠਬੰਧਨ ਕਿਵੇਂ ਹੋਵੇਗਾ ਤੇ ਕਿਵੇਂ ਨਿਭੇਗਾ? ਮੌਜੂਦਾ ਭਾਜਪਾ ਸਰਕਾਰ ਨੇ ਸ਼ਿਵ ਸੈਨਾ ਨਾਲ ਗਠਬੰਧਨ ਕੀਤਾ ਹੋਇਆ ਹੈ। ਉਥੇ ਨਿੱਤ ਨਵੇਂ ਮਸਲੇ ਤਾਂ ਖੜੇ ਰਹਿੰਦੇ ਹੀ ਹਨ, ਸ਼ਿਵ ਸੈਨਾ ਵਲੋਂ ਭਾਜਪਾ ਦਾ ਵਿਰੋਧ ਵੀ ਕੀਤਾ ਜਾਂਦਾ ਹੈ।

ਭਾਜਪਾ ਨਾਲ ਜੁੜੀ ਚੰਦਰ ਬਾਬੂ ਨਾਇਡੂ ਦੀ ਖੇਤਰੀ ਪਾਰਟੀ ਨੇ ਭਾਜਪਾ ਨਾਲੋਂ ਆਪਣਾ ਨਾਤਾ ਤੋੜ ਲਿਆ ਅਤੇ ਕਰਨਾਟਕ ਵਿੱਚ ਵਿਰੋਧੀ ਧਿਰ ਨੂੰ ਵੋਟਾਂ ਪਾਈਆਂ। ਮੌਜੂਦਾ ਹਾਲਤਾਂ ਵਿੱਚ ਕਾਂਗਰਸ-ਜੀ ਡੀ ਐਸ, ਸਪਾ-ਬਸਪਾ ਗਠਬੰਧਨ ਦਾ ਸਿਲਸਿਲਾ ਸ਼ੁਰੂ ਹੋ ਚੁੱਕਾ ਹੈ। ਮਮਤਾ ਬੈਨਰਜੀ ਇਸ ਹੱਕ ਵਿੱਚ ਹੈ ਕਿ ਰਾਸ਼ਟਰੀ ਗੱਠਜੋੜ ਦੀ ਵਿਜਾਏ ਸੂਬਾ ਪੱਧਰ ਤੇ ਗੱਠਜੋੜ ਹੋਵੇ। ਟੀ ਆਰ ਐਸ, ਟੀ ਡੀ ਪੀ, ਆਰ ਜੇ ਡੀ, ਸਪਾ, ਬਸਪਾ, ਜੀ ਡੀ ਐਸ ਅਤੇ ਟੀ ਐਮ ਸੀ ਇਸ ਲਈ ਤਿਆਰ ਵੀ ਹਨ। ਇਹਨਾ ਸਾਰੇ ਸਿਆਸੀ ਨੇਤਾਵਾਂ ਸਾਹਮਣੇ ਮੁੱਖ ਮੁੱਦਾ ਭਾਜਪਾ ਕੋਲੋਂ ਆਉਣ ਵਾਲੀਆਂ ਰਾਜਸਥਾਨ, ਛਤੀਸਗੜ੍ਹ, ਮੱਧ ਪ੍ਰਦੇਸ਼ ਚੋਣਾਂ 'ਚ ਰਾਜਸੱਤਾ ਖੋਹਣ ਦਾ ਹੈ। ਜੇਕਰ ਉਹ ਇਸ 'ਚ ਕਾਮਯਾਬ ਹੋ ਜਾਂਦੀਆਂ ਹਨ ਤਾਂ 2019 'ਚ ਮੋਦੀ ਮੁਕਤ ਭਾਰਤ ਦਾ ਉਹਨਾ ਦਾ ਸੁਪਨਾ ਸਾਕਾਰ ਹੋ ਜਾਏਗਾ।

ਬਿਨ੍ਹਾਂ ਸ਼ੱਕ ਹਾਕਮ ਅਤੇ ਵਿਰੋਧੀ ਪਾਰਟੀਆਂ ਦੇ ਦੋਨਾਂ ਗਰੁੱਪਾਂ ਵਿੱਚ ਸਿਆਸੀ ਸਿਧਾਤਾਂ ਅਤੇ ਵਿਵਹਾਰ ਵਿੱਚ ਦੋਗਲਾਪਨ ਹੈ। ਉਹਨਾ ਦੀ ਕਹਿਣੀ ਅਤੇ ਕਰਨੀ ਵਿੱਚ ਵੱਡਾ ਫਰਕ ਹੈ। ਉਹ ਸੰਵਿਧਾਨ ਦੀ ਸਹੁੰ ਚੁੱਕਦੇ ਹਨ। ਧਰਮ ਨਿਰਪੱਖ ਰਹਿਣ ਦੀ ਗੱਲ ਕਹਿੰਦੇ ਹਨ ਅਤੇ ਫਿਰਕੂਵਾਦ ਅਤੇ ਜਾਤੀਵਾਦ ਦਾ ਪ੍ਰਚਾਰ ਕਰਦੇ ਹਨ ਤਾਂ ਕਿ ਖਾਸ ਫਿਰਕੇ ਦੀਆਂ ਵੋਟਾਂ ਹਥਿਆ ਸਕਣ।

ਇਹੋ ਦੋਗਲਾਪਨ ਗਠਬੰਧਨ ਦੀ ਰਾਜਨੀਤੀ ਵਿੱਚ ਵੀ ਵੇਖਣ ਨੂੰ ਮਿਲ ਰਿਹਾ ਹੈ, ਜਿਥੇ ਗਠਬੰਧਨ ਅਸੂਲਾਂ ਅਧਾਰਤ ਨਹੀਂ, ਗੱਦੀ ਹਥਿਆਉਣ ਜਾਂ ਗੱਦੀ ਉਤੇ ਕਾਬਜ਼ ਰਹਿਣ ਖਾਤਰ ਕੀਤਾ ਜਾਂਦਾ ਹੈ। ਰਾਜਸੱਤਾ ਹਥਿਆਉਣ ਅਤੇ ਕਾਇਮ ਰੱਖਣ ਦੀ ਨੇਤਾਵਾਂ ਦੀ ਭੁੱਖ ਨੇ ਚੁਣੇ ਨੁਮਾਇੰਦਿਆਂ ਦੀ ਖਰੀਦੋ ਫਰੋਖਤ, ਅਪਹਰਣ, ਧਮਕੀ ਅਤੇ ਨਜ਼ਰਬੰਦ ਦਾ ਜੋ ਦੌਰ ਚਾਲੂ ਕੀਤਾ ਹੈ, ਉਹ ਭਾਰਤੀ ਲੋਕਤੰਤਰ ਉਤੇ ਧੱਬਾ ਸਾਬਤ ਹੋ ਰਿਹਾ ਹੈ।

ਲੋਕਤੰਤਰ ਅਤੇ ਸੰਵਿਧਾਨ ਨੂੰ ਸੁਰੱਖਿਅਤ ਰੱਖਣ ਲਈ, ਦੇਸ਼ ਵਿੱਚ ਸਾਫ-ਸੁਥਰੀ ਰਾਜਨੀਤਕ ਧਿਰ ਦੀ ਲੋੜ ਹੈ, ਭਾਵੇਂ ਉਹ ਗਠਬੰਧਨ ਹੀ ਕਿਉਂ ਨਾ ਹੋਵੇ, ਜਿਹੜਾ ਜਾਤੀਵਾਦ, ਧਰਮ ਤੋਂ ਉਪਰ ਉਠਕੇ ਲੋਕ ਹਿੱਤ ਵਿੱਚ ਕੰਮ ਕਰੇ, ਜਿਹੜਾ ਹਰ ਭਾਰਤੀ ਲਈ ਗੁਣਵੱਤਾ ਵਾਲਾ ਜੀਵਨ ਪ੍ਰਦਾਨ ਕਰੇ।

# ਜਲ ਪ੍ਰਦੂਸ਼ਣ ਅਤੇ ਜਲ ਸੋਮਿਆਂ ਦੀ ਮੰਦੀ ਹੋਣੀ



ਵਿਜੈ ਬੰਬੇਲੀ
91-94634-39075

ਬਿਆਸ ਦਰਿਆ ਵਿੱਚ ਖੰਡ ਮਿੱਲ ਦਾ ਜ਼ਹਿਰੀਲਾ ਪਦਾਰਥ ਵਗਣ ਅਤੇ ਹਜ਼ਾਰਾਂ ਮੱਛੀਆਂ ਤੇ ਜਲ ਜੀਵ ਮਰਨ ਦੀ ਘਟਨਾ ਨੇ ਇੱਕ ਤਰ੍ਹਾਂ ਨਾਲ ਸਰਕਾਰ ਅਤੇ ਪ੍ਰਸ਼ਾਸਨ ਦੀ ਨਾਅਹਿਲੀਅਤ ਹੀ ਜ਼ਾਹਿਰ ਕੀਤੀ ਹੈ। ਨੇਮਾਂ ਵੱਲ ਧਿਆਨ ਨਾ ਦੇਣ ਕਾਰਨ ਹੀ ਗਾਹੇ-ਬਗਾਹੇ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ। ਸਿਤਮਜ਼ਰੀਫ਼ੀ ਇਹ ਵੀ ਹੈ ਕਿ ਕੁਝ ਦਿਨਾਂ ਦੀ ਹਲਚਲ ਪਿੱਛੋਂ ਪਰਨਾਲਾ ਉੱਥੇ ਦਾ ਉੱਥੇ ਹੀ ਰਹਿੰਦਾ ਹੈ। ਇਹ ਘਟਨਾ ਚਿਤਾਵਨੀ ਹੈ ਕਿ ਜੇ ਹੁਣ ਵੀ ਇਸ ਤੋਂ ਸਬਕ ਲੈ ਕੇ ਜਲ ਪ੍ਰਦੂਸ਼ਣ ਬਾਰੇ ਕੋਈ ਬੰਨ੍ਹ-ਸੁਬ ਨਾ ਕੀਤਾ ਤਾਂ ਆਉਣ ਵਾਲਾ ਸਮਾਂ ਬਹੁਤ ਭਿਅੰਕਰ ਰੂਪ ਅਖ਼ਤਿਆਰ ਕਰ ਕੇ ਟੱਕਰੇਗਾ।

ਪੰਜਾਬ ਦੇ ਹਾਲਾਤ ਹੁਣ ਇਹ ਹਨ ਕਿ ਸਤਲੁਜ ਦਰਿਆ ਬੁਰੀ ਤਰ੍ਹਾਂ ਪ੍ਰਦੂਸ਼ਿਤ ਹੋ ਚੁੱਕਿਆ ਹੈ। ਸ਼ਹਿਰਾਂ ਅਤੇ ਸਨਅਤੀ ਖੇਤਰਾਂ ਦੇ ਗੰਦੇ ਨਾਲਿਆਂ ਦਾ ਪਾਣੀ ਬਿਨਾਂ ਸੋਧੇ ਇਸ ਵਿਚ ਪੈਂਦਾ ਹੈ। ਸਤਲੁਜ ਭਾਖੜਾ ਡੈਮ ਤੋਂ ਮੈਦਾਨੀ ਇਲਾਕੇ ਵਿਚ ਦਾਖ਼ਲ ਹੁੰਦਾ ਹੈ ਅਤੇ ਇਹ ਪਾਕਿਸਤਾਨ ਵਿਚ ਜਾਣ ਤੋਂ ਪਹਿਲਾਂ ਰਾਹ ਦੇ ਮੈਦਾਨ ਵਿਚੋਂ ਤਕਰੀਬਨ 277 ਕਿਲੋਮੀਟਰ ਦੂਰੀ ਤੈਅ ਕਰਦਾ ਹੈ। ਨੰਗਲ ਟਾਊਨਸ਼ਿਪ, ਨਯਾ ਨੰਗਲ, ਆਨੰਦਪੁਰ ਸਾਹਿਬ, ਰੋਪੜ, ਨਵਾਂਸ਼ਹਿਰ, ਫਿਲੌਰ, ਲੁਧਿਆਣਾ, ਫਗਵਾੜਾ, ਜਲੰਧਰ, ਹੁਸ਼ਿਆਰਪੁਰ, ਕਪੂਰਥਲਾ ਤੇ ਸੁਲਤਾਨਪੁਰ ਲੋਧੀ ਦਾ ਘਰੇਲੂ ਅਤੇ ਸਨਅਤੀ ਪਾਣੀ ਆਖ਼ਿਰ ਸਿੱਧਾ ਜਾਂ ਨਾਲਿਆਂ ਰਾਹੀਂ ਸਤਲੁਜ ਵਿਚ ਪੈਂਦਾ ਹੈ। ਇਸ ਪਾਣੀ ਨੂੰ ਦਰਿਆ ਵਿਚ ਡਿੱਗਣ ਤੋਂ ਪਹਿਲਾਂ ਸੋਧਿਆ ਜਾਂ ਸਾਫ ਨਹੀਂ ਕੀਤਾ ਜਾਂਦਾ। ਪ੍ਰਦੂਸ਼ਿਤ ਕਰਨ ਵਾਲੇ ਨਾਲਿਆਂ ਵਿਚ ਬੁੱਢਾ ਨਾਲਾ, ਪੂਰਬੀ ਵੇਈਂ ਅਤੇ ਪੱਛਮੀ ਵੇਈਂ ਸ਼ਾਮਲ ਹਨ। ਇਕ ਅਧਿਐਨ ਦਰਸਾਉਂਦਾ ਹੈ ਕਿ ਫ਼ੈਕਟਰੀਆਂ ਸਭ ਤੋਂ ਵੱਧ ਜਲ ਦੂਸ਼ਿਤ ਕਰਦੀਆਂ ਹਨ। ਉਹ ਪਾਣੀ ਨੂੰ ਬਿਨਾਂ ਸੋਧੇ ਹੀ ਬਾਹਰ ਛੱਡ ਦਿੰਦੀਆਂ ਹਨ। ਬਨਸਪਤੀ ਤੇਲ, ਰੰਗਾਈ, ਬੀਅਰ ਅਤੇ ਉੱਨ ਦੀਆਂ ਫ਼ੈਕਟਰੀਆਂ 100 ਕਿਲੋ ਮਾਲ ਬਣਾਉਣ ਪਿੱਛੋਂ ਕ੍ਰਮਵਾਰ 400, 500, 750 ਅਤੇ 800 ਲਿਟਰ ਗੰਧਲਾ ਤੇ ਜ਼ਹਿਰੀਲਾ ਪਾਣੀ ਛੱਡਦੀਆਂ ਹਨ।

ਪੰਜਾਬ ਦੇ ਕਈ ਉਦਯੋਗਿਕ ਨਗਰਾਂ ਦੇ ਧਰਤੀ ਹੇਠਲੇ ਪਾਣੀ ਦੇ ਸੈਂਪਲਾਂ ਦਾ ਅਧਿਐਨ ਕਰਨ ਤੋਂ ਪਤਾ ਲੱਗਦਾ ਹੈ ਕਿ ਪਾਣੀ ਕਿੰਨਾ ਹਾਨੀਕਾਰਕ ਹੋ ਗਿਆ ਹੈ। ਸਾਈਕਲ ਸਨਅਤ ਨੇੜਲੇ ਜਲ ਸੈਂਪਲਾਂ ਵਿਚ ਸਾਇਆਕਸਾਈਡ ਦੀ ਮਾਤਰਾ ਵਧ ਨਿੱਕਲੀ ਹੈ। ਬੁੱਢੇ ਨਾਲੇ ਦੇ ਸੈਂਪਲਾਂ ਵਿਚੋਂ ਜ਼ਹਿਰੀਲੀਆਂ ਧਾਤਾਂ ਦੇ ਅੰਸ਼ ਨਿਰਧਾਰਿਤ ਮਾਤਰਾ ਨਾਲੋਂ ਕਈ ਗੁਣਾ ਵੱਧ ਮਿਲੇ ਹਨ। ਬੁੱਢੇ ਨਾਲੇ ਦੇ ਪਾਣੀ ਦੇ ਸੈਂਪਲ ਵਿਚ ਆਕਸੀਜਨ ਦੀ ਮਾਤਰਾ ਵੀ ਘੱਟ ਮਿਲੀ ਹੈ। ਹਮੀਰਾ ਡਿਸਟਲਰੀ ਵਿਚੋਂ ਨਿੱਕਲ ਕੇ ਪਾਣੀ ਵਿਚ ਮਿਲਣ ਵਾਲੇ ਦੂਸ਼ਿਤ ਪਦਾਰਥਾਂ ਕਾਰਣ ਇਨ੍ਹਾਂ ਇਲਾਕਿਆਂ ਦਾ ਜਲ ਵੀ ਦੂਸ਼ਿਤ ਹੋ ਰਿਹਾ ਹੈ। ਲੁਧਿਆਣਾ, ਜਲੰਧਰ, ਫਗਵਾੜਾ, ਗੋਰਾਇਆ, ਰਾਜਪੁਰਾ ਅਤੇ ਗੋਬਿੰਦਗੜ੍ਹ ਆਦਿ ਦੇ ਕਾਰਖਾਨਿਆਂ ਵਿਚੋਂ ਨਿੱਕਲ ਕੇ ਪਾਣੀ ਨੂੰ ਦੂਸ਼ਿਤ ਕਰਨ ਵਾਲੇ ਪਦਾਰਥਾਂ ਦੀ ਮਾਤਰਾ ਵਧਦੀ ਜਾ ਰਹੀ ਹੈ।



ਹਰੇ ਇਨ-ਕਲਾਬ ਲਈ ਮਾਰੀ ਟਪੂਸੀ ਨੇ ਵੀ ਜਲ ਪ੍ਰਦੂਸ਼ਣ ਲਈ ਕਹਿਰ ਢਾਹਿਆ ਹੈ। ਅੰਧਾ-ਧੁੰਦ ਵਰਤੇ ਜਾ ਰਹੇ ਬਨਾਉਟੀ ਖਾਦ-ਪਦਾਰਥਾਂ, ਨਦੀਨਨਾਸ਼ਕਾਂ ਤੇ ਕੀਟਨਾਸ਼ਕਾਂ ਵਿਚਲੇ ਜ਼ਹਿਰੀ ਰਸਾਇਣ ਮਿੱਟੀ ਤੇ ਜਲ ਸ੍ਰੋਤਾਂ ਨੂੰ ਪ੍ਰਦੂਸ਼ਿਤ ਕਰਦੇ ਹਨ। ਮੀਂਹ ਨਾਲ ਇਹ ਜ਼ਮੀਨ, ਜਲ ਵਹਿਣਾ ਅਤੇ ਜਲ ਕੁੰਡਾਂ ’ਚ ਜਾ ਕੇ ਉਨ੍ਹਾਂ ਨੂੰ ਪਲੀਤ ਕਰਦੇ ਹਨ। ਮੀਂਹ ਦਾ ਪਾਣੀ ਜ਼ਮੀਨ ਵਿਚ ਰਿਸਣ ਨਾਲ ਵਿਸ਼ੈਲੇ ਤੱਤ ਭੂ-ਜਲ ਵਿਚ ਚਲੇ ਜਾਂਦੇ ਹਨ। ਘੱਟ ਗਹਿਰਾਈ ਤੋਂ ਪਾਣੀ ਖਿੱਚਣ ਨਾਲ ਆਰਸਨਿਕ ਅਤੇ ਦੂਸਰੇ ਮਾਰੂ ਤੱਤ ਪੀਣ ਵਾਲੇ ਪਾਣੀ ਰਾਹੀਂ ਅਸਾਧ ਰੋਗ ਲਾ ਦਿੰਦੇ ਹਨ। ਆਰਸਨਿਕ (ਸੰਖੀਏ ਵਾਲੇ) ਤੱਤਾਂ ਦੀ ਜ਼ਿਆਦਾ ਵਰਤੋਂ ਨਾਲ ਕੈਂਸਰ ਰੋਗ ਤੋਂ ਬਿਨਾਂ ਫੇਫੜਿਆਂ ਤੇ ਚਮੜੀ ਰੋਗ ਵੀ ਹੋ ਜਾਂਦੇ ਹਨ। ਆਰਸਨਿਕ ਤੱਤਾਂ ਨੂੰ ਧੀਮਾ ਜ਼ਹਿਰ ਕਿਹਾ ਜਾਂਦਾ ਹੈ। ਕੁਦਰਤੀ ਤੌਰ ’ਤੇ ਆਰਸਨਿਕ ਤੱਤ ਧਰਤੀ ਦੇ ਬਹੁਤ ਹੇਠਾਂ ਹੁੰਦੇ ਸਨ ਪਰ ਹੁਣ ਅਸੀਂ ਅਚੇਤ-ਸੁਚੇਤ ਇਨ੍ਹਾਂ ਨੂੰ ਉਪਰਲੀਆਂ ਤੱਗੀਆਂ ਜਾਂ ਜਲ-ਕੁੰਡਾਂ ’ਚ ਧੱਕ ਰਹੇ ਹਾਂ। ਸ਼ਰਾਬ ਦੇ ਕਾਰਖਾਨਿਆਂ ਵਿਚੋਂ ਨਿਕਲੀ ਤਰਲ ਗੰਦਗੀ ਅਤੇ ਰੋੜ੍ਹ ਨੂੰ ਲਾਹਣ ਦਾ ਨਾਂ ਦਿੱਤਾ ਗਿਆ ਹੈ। ਇਹ ਵਿਹੁਲਾ ਬਦਬੂਦਾਰ ਪਦਾਰਥ ਹੈ। ਇਸ ਗੰਦਗੀ ਨੂੰ ਬਾਹਰ ਸੁੱਟਣ ਤੋਂ ਪਹਿਲਾਂ ਤਾਜ਼ਾ ਪਾਣੀ ਨਾਲ ਸੋਧਣਾ ਜ਼ਰੂਰੀ ਹੁੰਦਾ ਹੈ। ਇਹ ਕਾਰਜ ਬਹੁਤ ਜ਼ਿਆਦਾ ਮਿਕਦਾਰ ਵਿਚ ਪਾਣੀ ਦੀ ਖ਼ਪਤ ਮੰਗਦਾ ਹੈ ਪਰ ਕਿੰਨੇ ਕੁ ਕਾਰਖਾਨੇ ਇਨ੍ਹਾਂ ਨੇਮਾਂ ਦੀ ਪਾਲਣਾ ਕਰ ਰਹੇ ਹਨ? ਸਾਧਾਰਨ ਜਿਹੀ ਡਿਸਟਲਿਰੀ ਜਿਹੜੀ ਪ੍ਰਤੀ ਦਿਨ 40,000 ਲਿਟਰ ਸ਼ਰਾਬ ਬਣਾਉਂਦੀ ਹੈ, ਵਿਹੁਲੇ ਲਾਹਣ ਦੀ 4 ਤੋਂ 6 ਲੱਖ ਲਿਟਰ ਮਾਤਰਾ ਨਾਲ ਹੀ ਪੈਦਾ ਕਰ ਦਿੰਦੀ ਹੈ। ਇਹੀ ਹਾਲ ਕਾਗਜ਼ ਮਿੱਲਾਂ ਦਾ ਹੈ।

ਪਾਣੀ ਦੀ ਬੱਚਤ ਲਈ ਹੁਣ ਜੀਵੀ-ਸੋਧਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਵਾਤਾਵਰਨੀ ਸੁਰੱਖਿਆ ਅਧਿਨਿਯਮ (ਜੀਵੀ ਆਕਸੀਜਨ ਮੰਗ) ਇਸ ਰੋੜ੍ਹ ਨੂੰ ਪਾਣੀ ਵਿਚ ਰੋੜ੍ਹਨ ਲਈ 30 ਮਿਲੀਗ੍ਰਾਮ ਪ੍ਰਤੀ ਲਿਟਰ ਅਤੇ ਜ਼ਮੀਨੀ ਰੋੜ੍ਹ ਲਈ 100 ਮਿਲੀਗ੍ਰਾਮ ਪ੍ਰਤੀ ਲਿਟਰ ਦੀ ਆਗਿਆ ਦਿੰਦੀ ਹੈ ਪਰ ਸਾਡੇ ਕਾਰਖਾਨੇ ਇਹ ਮਾਤਰਾ 50,000 ਮਿਲੀਗ੍ਰਾਮ ਪ੍ਰਤੀ ਲਿਟਰ ਭਿਆਨਕ ਦਰ ਨਾਲ ਡੋਲ੍ਹ ਰਹੇ ਹਨ। ਇਸੇ ਤਰ੍ਹਾਂ ’ਰਸਾਇਣੀ ਆਕਸੀਜਨ ਮੰਗ’ ਦੀ ਆਗਿਆ 250 ਮਿਲੀਗ੍ਰਾਮ ਪ੍ਰਤੀ ਲਿਟਰ ਹੈ। ਪਤਾ ਇਨ੍ਹਾਂ ਕਾਰਖਾਨਿਆਂ ਦੀ ਰੋੜ੍ਹ ਦਰ ਕੀ ਹੈ? 85,000 ਮਿਲੀਗ੍ਰਾਮ ਪ੍ਰਤੀ ਲਿਟਰ। ਇਹ ਕਾਰਖਾਨੇ ਫਿਰ ਵੀ ਚੱਲ ਰਹੇ ਹਨ। ਇਸੇ ਬਿਪਤਾ ਨੂੰ ਦੇਖ ਕੇ ਹੀ ਕਿਸੇ ਈਕਾਲੋਜੀ ਮਾਹਿਰ ਨੇ ਕਿਹਾ ਸੀ, “ਇਨ੍ਹਾਂ ਕਾਰਖ਼ਾਨੇਦਾਰਾਂ ਨੂੰ ਵਸਤਾਂ ਬਣਾਉਣ ਦੇ ਲਾਈਸੈਂਸ ਤਾਂ ਸਰਕਾਰਾਂ ਨੇ ਦਿੱਤੇ ਹੋਏ ਹਨ ਪਰ ਇਨ੍ਹਾਂ ਨੂੰ ਮਨੁੱਖੀ ਤੇ ਪਸ਼ੂ ਜੀਵਨ ਨਸ਼ਟ ਕਰਨ ਦੇ ਲਾਈਸੈਂਸ ਕਿਸ ਦਿੱਤੇ ਹਨ?” ਪਾਣੀ ਨੂੰ ਬਹੁਤ ਸਾਰੇ ਪਦਾਰਥ ਦੂਸ਼ਿਤ ਕਰਦੇ ਹਨ ਪਰ ਮੁੱਖ ਰੂਪ ਵਿਚ ਪੈਟਰੋਲੀਅਮ ਪਦਾਰਥ, ਕੀਟਨਾਸ਼ਕ ਤੇ ਨਦੀਨਨਾਸ਼ਕ ਦਵਾਈਆਂ, ਪਾਰਾ, ਕੇਮੀਅਮ, ਆਰਸਨਿਕ, ਕਈ ਪ੍ਰਕਾਰ ਦੀਆਂ ਖਾਦਾਂ, ਪਰਮਾਣੂ ਤੇ ਮਨੁੱਖੀ ਰਹਿੰਦ-ਖੂੰਹਦ, ਡਾਈਆਂ, ਸਾਬਣ, ਡਿਟਰਜੈਂਟ, ਮਲ ਤਿਆਗ ਅਤੇ ਕੂੜਾ ਕੱਚਰਾ ਆਦਿ ਦਾ ਵਰਣਨ ਕੀਤਾ ਜਾ ਸਕਦਾ ਹੈ। ਪਾਰਾ, ਕੇਮੀਅਮ ਅਤੇ ਆਰਸਨਿਕ ਤਾਂ ਬਹੁਤ ਹੀ ਜ਼ਹਿਰੀਲੇ ਅੰਸ਼ ਹਨ ਜੋ ਜਲ ਪ੍ਰਦੂਸ਼ਤ ਕਰਦੇ ਹਨ ਅਤੇ ਕਾਰਖਾਨਿਆਂ ਦੀ ਨੁਕਸਾਨਦੇਹ ਰਹਿੰਦ-ਖੂੰਹਦ ਵਜੋਂ ਪਾਣੀ ਵਿਚ ਆ ਰਲਦੇ ਹਨ। ਮੀਂਹ ਪੈਣ ਨਾਲ ਖਾਦਾਂ ਵਿਚਲੇ ਜ਼ਹਿਰੀਲੇ ਅਤੇ ਮਾਰੂ ਤੱਤ ਜਲ ਸੋਮਿਆਂ ਵਿਚ ਰਲ ਜਾਂਦੇ ਹਨ। ਵੱਡੇ ਸ਼ਹਿਰਾਂ ਦਾ ਮਨੁੱਖੀ ਮਲ-ਮੂਤਰ ਤੇ ਕੂੜੇ ਕਰਕਟ ਸਮੇਤ ਸਮੁੱਚੀ ਰਹਿੰਦ-ਖੂੰਹਦ ਜਲ ਪ੍ਰਦੂਸ਼ਣ ਦਾ ਕਾਰਨ ਬਣਦੀ ਹੈ।

ਵਿਹੁਲਾ ਕਚਰੇ ਤੋਂ ਪੈਦਾ ਹੋਇਆ ਵਾਤਾਵਰਨ ਸੰਕਟ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰ ਰਿਹਾ ਹੈ। ਗੰਦਗੀ ਪਹਿਲਾਂ ਵੀ ਦਰਿਆਵਾਂ, ਝੀਲਾਂ ਤੇ ਸਾਗਰਾਂ ਵਿਚ ਰਲਦੀ ਸੀ ਪਰ ਉਹ ਗੰਦਗੀ ਰਵਾਇਤੀ ਅਤੇ ਘੱਟ ਮਾਤਰਾ ਵਿਚ ਹੁੰਦੀ ਸੀ, ਉਸ ਵਿਚ ਬਹੁਤ ਘੱਟ ਜ਼ਹਿਰੀ ਅੰਸ਼ ਹੁੰਦੇ ਸਨ। ਕੁਦਰਤੀ ਕਾਰਕ ਇਸ ਗੰਦਗੀ ਨੂੰ ਸਮੇਟਣ, ਗਾ.ਲਣ ਅਤੇ ਮੁੜ-ਚੱਕਰ ਵਿਚ ਲਿਆਉਣ ਦੇ ਸਮਰੱਥ ਹੁੰਦੇ ਸਨ। ਹੁਣ ਰਹਿੰਦ-ਖੂੰਹਦ

(ਬਾਕੀ ਅਗਲੇ ਸਫੇ ‘ਤੇ)

# ਘੱਟ ਗਿਣਤੀਓ ਸਾਵਧਾਨ ਹੋ ਜਾਓ



ਸੋਹਣ ਲਾਲ ਸਾਂਪਲਾ
0049-1521-831-169

ਭਾਰਤ ਵਿਚ ਸਮਰਾਟ ਅਸ਼ੋਕ ਨੇ ਆਪਣੇ ਸਮੇਂ ਬੋਧੀ ਕਾਲ ਵਿਚ 24 ਥਾਵਾਂ ਉਪਰ ਬਹੁਤ ਬੜੀਆਂ ਯੂਨੀਵਰਸਿਟੀਆਂ ਬਣਾਈਆਂ ਸਨ। ਇਹ ਦੁਨੀਆਂ ਦਾ ਅੱਜ ਤੱਕ ਦਾ ਰਿਕਾਰਡ ਹੈ ਕਿ ਕਿਸੇ ਰਾਜਾ ਨੇ ਇੰਨੀ ਤਾਦਾਦ ਵਿਚ ਵਿਦਿਅਕ ਅਦਾਰੇ ਬਣਾਏ ਹੋਣ। 84 ਹਜ਼ਾਰ ਦੇ ਕਰੀਬ ਬੁੱਧ ਵਿਹਾਰ ਬਣਾਏ, ਜਿਸ ਵਿਚ ਬਾਬਰੀ ਮਸਜਿਦ ਵੀ ਇਕ ਹੈ। ਪਹਿਲਾਂ ਇਹ ਬੁੱਧ ਵਿਹਾਰ ਹੀ ਸੀ। ਬੁੱਧ ਵਿਹਾਰਾਂ ਨੂੰ ਤੋੜ ਕੇ ਆਪਣੇ ਹਿਸਾਬ ਨਾਲ ਸਮੇਂ-ਸਮੇਂ ਬਦਲਾਉਂਦੇ ਰਹੇ। ਪਰ ਖੁਦਾਈ ਸਮੇਂ ਜਮੀਨ ਥੱਲੋਂ ਅੱਜ ਵੀ ਬੁੱਧ ਦੀਆਂ ਮੂਰਤੀਆਂ ਅਤੇ ਸੋਨੇ ਦੀਆਂ ਮੋਹਰਾਂ ਮਿਲਦੀਆਂ ਰਹੀਆਂ ਹਨ। ਉਸ ਸਮੇਂ ਇੰਨੇ ਜ਼ਿਆਦਾ ਪੜ੍ਹੇ-ਲਿਖੇ ਲੋਕ ਹੁੰਦੇ ਸਨ ਕਿ ਉਹਨਾਂ ਨੇ ਭਾਰਤ ਭਰ ਵਿਚ ਪੱਥਰਾਂ ਅਤੇ ਪਹਾੜਾਂ ਉਪਰ ਲੇਖ ਲਿਖਵਾ ਦਿੱਤੇ ਸਨ ਕਿ ਲੋਕ ਕਿਹੜੇ ਤੌਰ-ਤਰੀਕੇ ਨਾਲ ਰਹਿਣ-ਸਹਿਣ। ਇਸੇ ਹੀ ਸਮੇਂ ਵਿਚ ਵਿਗਿਆਨ ਨੇ ਇੰਨੀ ਤਰੱਕੀ ਕਰ ਲਈ ਸੀ ਕਿ ਅੱਜ ਵਿਗਿਆਨੀ ਲੋਕ ਵੀ ਉਸ ਵੇਲੇ ਦੀਆਂ ਚੀਜ਼ਾਂ ਨੂੰ ਦੇਖ ਕੇ ਹੈਰਾਨ ਰਹਿ ਜਾਂਦੇ ਹਨ। ਜਿਵੇਂ ਕਿ ਦਿੱਲੀ ਦਾ ਕੁਤਬ ਮਿਨਾਰ ਸਾਹਮਣੇ ਇਕ ਲੋਹੇ ਦੀ ਅਸ਼ੋਕ ਲਾਟ ਖੜ੍ਹੀ ਨੂੰ 2400 ਸਾਲ ਹੋ ਗਏ ਹਨ, ਹਾਲੇ ਤੱਕ ਵੀ ਉਸ ਨੂੰ ਜੰਗ ਨਹੀਂ ਲੱਗੀ। ਸਮਰਾਟ ਅਸ਼ੋਕ ਨੇ ਭਾਰਤ ਵਿਚ ਹੀ ਨਹੀਂ ਯੂਨਾਨ, ਇਰਾਕ, ਇਰਾਨ, ਸ਼੍ਰੀਲੰਕਾ ਆਦਿ ਵਿਚ ਵੀ ਨਰ-ਨਾਰੀਆਂ ਤੇ ਜਾਨਵਰਾਂ ਲਈ ਹਸਪਤਾਲ ਬਣਾਏ। ਜਿੰਨੇ ਵੀ ਉਸ ਸਮੇਂ ਵਿਦਿਆਰਥੀ ਜਾਂ ਯਾਤਰੀ ਆਏ ਸਭ ਦੇ ਸਭ ਬੋਧੀ ਸਾਹਿਤ, ਮੈਡੀਕਲ ਅਤੇ ਇੰਜੀਨੀਅਰਿੰਗ ਪੜ੍ਹਨ ਆਏ ਅਤੇ ਆਪਣੇ ਨਾਲ ਬੋਧੀ ਸਭਿਆਚਾਰ ਲੈ ਗਏ। ਬੁੱਧ ਧੰਮ ਜਿੱਥੇ ਵੀ ਗਿਆ ਉਸ ਦੇਸ਼ ਨੇ ਬਹੁਤ ਤਰੱਕੀ ਕੀਤੀ ਅਤੇ ਕਈ ਥਾਈਂ ਤਾਂ ਪਹਾੜ ਕੱਟ ਕੇ ਤਥਾਗਤ ਬੁੱਧ ਦੀਆਂ ਅਲੱਗ ਅਲੱਗ ਸਾਈਜ਼ ਦੀਆਂ ਮੂਰਤੀਆਂ ਵੀ ਬਣਾਈਆਂ। ਜਪਾਨ ਵਿਚ ਤਾਂ ਇਕ ਭਿਖਸ਼ੂ ਨੇ ਪਹਾੜ ਕੱਟ ਕੇ ਇਕ ਸ਼ਹਿਰ ਵੀ ਵਸਾ ਦਿੱਤਾ। ਉਸੇ ਸ਼ਹਿਰ ਦੀ ਯੂਨੀਵਰਸਿਟੀ ਵਿਚ ਡਾ. ਅੰਬੇਡਕਰ ਜੀ ਦਾ ਸਟੈਚੂ ਅਤੇ ਬੋਧੀ ਦਰਖਤ ਲਗਾਇਆ ਗਿਆ ਹੈ। ਇਸੇ ਹੀ ਤਰ੍ਹਾਂ ਚੀਨ ਵਿਚ ਰਾਜਾ ਤਾਉਨ ਬੰਸ ਸਮੇਂ ਇਕ ਭਿਖਸ਼ੂ ਨੇ ਲਾਲ ਬਲੂਆ ਚਟਾਨ ਕੱਟ ਕੇ ਦੋ ਨਦੀਆਂ ਦੇ ਸੰਗਮ ਵਿਖੇ ਤਥਾਗਤ ਬੁੱਧ ਦੀ ਮੂਰਤੀ ਬਣਾਈ। ਜਿਸ ਨੂੰ 90 ਸਾਲ ਲੱਗੇ, ਜਿਸ ਦੀ ਉਚਾਈ 233 ਫੁੱਟ ਹੈ।

ਇਹ ਮੂਰਤੀ ਇਸ ਤਕਨੀਕ ਨਾਲ ਬਣਾਈ ਗਈ ਕਿ 2008 ਦੇ ਆਏ ਭੂਚਾਲ ਵਿਚ ਇਯ ਮੂਰਤੀ ਉਪਰ ਕੋਈ ਵੀ ਅਸਰ ਨਹੀਂ ਹੋਇਆ। ਉਥੇ ਲੋਕ ਇਸਨੂੰ ਬਹੁਤ ਪਵਿੱਤਰ ਸਥਾਨ ਮੰਨਦੇ ਹਨ। ਜਦੋਂ ਭਾਰਤ ਵਿਚ ਮਨੂੰ ਸਿਮ੍ਰਤੀ ਬ੍ਰਾਹਮਣ ਰਾਜ ਆਇਆ ਤਾਂ ਸਰਵਸਤੀ ਪੂਜਣ ਵਾਲੀਆਂ ਸਭ ਤੋਂ ਪਹਲਿਾਂ ਪੜ੍ਹਨ-ਲਿਖਣ ਉਪਰ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ। ਨਾਲੰਦਾ ਯੂਨੀਵਰਸਿਟੀ ਦੀ ਲਾਇਬ੍ਰੇਰੀ ਸਾੜ ਦਿੱਤੀ ਗਈ। ਤਿੰਨ ਮਹੀਨੇ ਤੱਕ ਅੱਗ ਬੁਝੀ ਨਹੀਂ। ਇਸਨੇ ਆਪਣੇ ਹਿਸਾਬ ਨਾਲ ਬਣਾਏ ਕਾਨੂੰਨ ਲਾਗੂ ਕਰਕੇ ਚਾਰ ਵਰਣਾਂ ਵਿਚ ਇਨਸਾਨਾਂ ਨੂੰ ਵੰਡ ਦਿੱਤਾ ਅਤੇ ਜਾਤਾਂ-ਪਾਤਾਂ ਦਾ ਖਿਲਾਰਾ ਵੀ ਪਾ ਦਿੱਤਾ, ਜਿਸ ਨਾਲ ਅਛੂਤ ਅਤੇ ਔਰਤਾਂ ਗੁਲਾਮੀ ਦੀ ਜ਼ਿੰਦਗੀ ਜਿਊਣ ਲਈ ਮਜਬੂਰ ਹੋ ਗਈਆਂ। ਇਹਨਾਂ ਦੇ ਘਰ ਵੀ ਪਿੰਡੋਂ ਬਾਹਰ ਕਰ ਦਿੱਤੇ ਗਏ, ਗਧੇ ਅਤੇ ਸੂਰ ਇਹਨਾਂ ਦੀ ਜਾਗੀਰ ਸੀ। ਸਭ ਹੱਕ ਖੋਹ ਲਏ ਗਏ। ਨਰਕ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਕਰ ਦਿੱਤੇ ਗਏ। ਸ਼ਲੋਕ ਜਾਂ ਪਾਠ ਸੁਣ ਲੈਣ ਉਪਰੰਤ ਜੀਭ ਕੱਟ ਲਈ ਜਾਂਦੀ ਅਤੇ ਕੰਨਾਂ ਵਿਚ ਸਿੱਕਾ ਢਾਲ ਕੇ ਪਾਇਆ ਜਾਂਦਾ ਰਿਹਾ। ਰੱਬ ਦੀ ਭਗਤੀ ਕਰਨ ਬਦਲੇ ਸ਼ੂਦਰ ਰਿਸ਼ੀਮ ਭੁੰਗ ਦਾ ਸ੍ਰੀਰਾਮ ਨੇ ਤਲਵਾਰ ਨਾਲ ਸਿਰ ਵੱਢ ਦਿੱਤਾ ਸੀ। ਬ੍ਰਾਹਮਣਾਂ ਨੂੰ ਦੇਖ ਕੇ ਸ਼ੂਦਰਾਂ ਨੂੰ ਪਰ੍ਹੇ ਹਟਣਾ ਪੈਂਦਾ ਸੀ। ਸ਼ੂਦਰਾਂ ਦੀਆਂ ਔਰਤਾਂ ਨੂੰ ਉਚ ਜਾਤੀਆਂ ਨੂੰ ਖੁਸ਼ ਰੱਖਣ ਲਈ ਆਪਣੀਆਂ ਛਾਤੀਆਂ ਨੂੰ ਨੰਗਾ ਰੱਖਣਾ ਪੈਂਦਾ ਸੀ। ਭਾਰਤ ਦੇ ਸੂਬਾ ਕੇਰਲ ਵਿਚ 19ਵੀਂ ਸਦੀ ਵਿਚ ਤਰਾਵਨ ਕੋਰ ਦੇ ਰਾਜਾ ਵੱਲੋਂ ਸ਼ੂਦਰ ਔਰਤਾਂ ਦੀਆਂ ਛਾਤੀਆਂ ਦੇ ਸਾਈਜ਼ ਮੁਤਾਬਕ ਟੈਕਸ ਲਗਾਇਆ ਸੀ। ਇਸ ਟੈਕਸ ਤੋਂ ਬਚਣਲਈ ਇਕ ਤਰੀਕਾ ਸੀ ਕਿ ਛਾਤੀਆਂ ਨੰਗੀਆਂ ਰੱਖ ਕੇ ਘੁੰਮੋ-ਫਿਰੋ। ਹਾਲੇ ਵੀ ਬਹੁਤ ਸਾਰੇ ਪਿੰਡਾਂ ਵਿਚ ਉਚ ਜਾਤੀਆਂ ਦੇ ਘਰਾਂ ਮੂਹਰੇ ਲੰਘਣ ਸਮੇ ਚੱਪਲ ਉਤਾਰ ਕੇ ਸਿਰ ਉਪਰ ਜਾਂ ਕੱਛ ਵਿਚ ਲੈ ਕੇ ਚੱਲਣ ਦਾ ਰਿਵਾਜ ਹੈ। ਵਿਆਹ ਸਮੇਂ ਲਾੜ੍ਹਾ ਘੋੜੀ ਉਪਰ ਚੜ੍ਹ ਕੇ ਵਿਆਹੁਣ ਨਹੀਂ ਜਾ ਸਕਦਾ। ਹਾਲੇ ਵੀ ਇਹ ਘਟੀਆ ਪ੍ਰੰਪਰਾ ਚਾਲੂ ਹੈ। ਸ਼ੂਦਰਾਂ ਨੂੰ ਗਲ਼ ਵਿਚ ਮਿੱਟੀ ਦਾ ਕੁੰਜਾ ਅਤੇ ਲੱਕ ਨਾਲ ਝਾੜੂ ਬੰਨ੍ਹ ਕੇ ਘੁੰਮਣ ਫਿਰਨ ਦੀ ਇਜਾਜ਼ਤ ਸੀ। ਸ਼ੂਦਰਾਂ ਦਾ ਜਦੋਂ ਵਿਆਹ ਹੋਵੇ ਤਾਂ ਪਹਿਲੀ ਰਾਤ ਉਸ ਦੀ ਦੁਲਹਨ ਪਿੰਡ ਦੇ ਉਚ ਜਾਤੀ ਦੇ ਮਰਦ ਨਾਲ ਬਿਤਾਉਣੀ ਪੈਂਦੀ ਸੀ, ਆਦਿ।

ਭਾਰਤ ਵਿਚ ਬਹੁਤ ਸਾਰੇ ਕ੍ਰਾਂਤੀਕਾਰੀ ਮਹਾਂਪੁਰਸ਼ ਆਏ। ਉਹਨਾਂ ਇਹਨਾਂ ਦੇ ਕਾਲੇ ਕਾਨੂੰਨਾਂ ਦਾ ਡੱਟ ਕੇ ਵਿਰੋਧ ਕੀਤਾ ਤਾਂ ਕੁਝ ਠੱਲ੍ਹ ਪਈ ਪਰ ਜਦੋਂ ਭਾਰਤ ਵਿਚ ਅੰਗਰੇਜ਼ ਆਏ ਤਾਂ ਉਹਨਾਂ ਕੁਝ ਸਹੂਲਤਾਂ ਸ਼ੂਦਰਾਂ ਅਤੇ ਘੱਟ ਗਿਣਤੀਆਂ ਲਈ ਸਰਕਾਰੀ ਸਹੂਲਤਾਂ ਦਿੱਤੀਆਂ ਔਰਤਾਂ ਲਈ। 1833 ਵਿਚ ਲਾਰਡ ਮੈਕਾਲੇ ਨੇ ਸਕੂਲ ਖੋਲ੍ਹੇ। 3 ਜੁਲਾਈ 1857 ਨੂੰ ਜੋਤੀਬਾ ਫੂਲੇ ਜੀਨੇ ਵੀ ਕੁੜੀਆਂ ਦਾ ਸਕੂਲ ਖੋਲ੍ਹਿਆ, ਜਿਸ ਦੀ ਮੁੱਖ ਅਧਿਆਪਕਾ ਸਵਿੱਤਰੀ ਬਾਈ ਫੂਲੇ ਬਣੀ। 1829 ਵਿਚ ਸਤੀ ਪ੍ਰਥਾ, ਪਤੀ ਦੇ ਮਰਨ ਉਪਰੰਤ ਵਿਧਵਾ ਨੂੰ ਨਾਲ ਜਿੰਦਾ ਜਲਾ ਦਿੱਤਾ ਜਾਂਦਾ ਸੀ, ਰੋਕ ਲਗਾ ਦਿੱਤੀ। ਗਰੀਬ ਅਤੇ ਸ਼ੂਦਰ ਆਪਣੀ ਬਾਲਗ

ਬੇਟੀ ਲੂੰ ਮੰਦਰਾਂ ਵਿਚ ਦੇਵਦਾਸੀ ਦੇ ਰੂਪ ਵਿਚ ਦੇਣਾ ਪੈਂਦਾ ਸੀ, ਜਿਸ ਨਾਲ ਪੁਜਾਰੀ ਅਤੇ ਦੂਸਰੇ ਲੋਕ ਸਰੀਰਕ ਸ਼ੋਸ਼ਣ ਕਰਦੇ ਅਤੇ ਬੱਚਾ-ਬੱਚੀ ਹੋਣ ਤੇ ਲੜਕੀ ਨੂੰ ਬਾਹਰ ਕੱਢ ਦਿੰਦੇ ਸਨ। ਉਸ ਬੱਚੇ ਦਾ ਨਾਮ ਹਰੀਜਨ ਰੱਖਿਆ ਜਾਂਦਾ ਸੀ, ਪ੍ਰਥਾ ਨੂੰ ਅੰਗਰੇਜਾਂ ਨੇ ਖਤਮ ਕੀਤਾ। ਸਿਲਾ ਭੰਗ ਪ੍ਰਥਾ ਵੀ ਖਤਮ ਕੀਤੀ। 1835 ਵਿਚ ਛੋਟੀ ਜਾਤ ਦੇ ਲੋਕਾਂ ਦਾ ਪਹਿਲਾ ਬੱਚਾ ਗੰਗਾ ਨੂੰ ਦਾਨ ਕਰਨ ਦੀ ਪ੍ਰਥਾ ਸੀ, ਉਸ ਨੂੰ ਵੀ ਖਤਮ ਕੀਤਾ। 1930 ਵਿਚ ਮਨੁੱਖ ਦੀ ਬਲੀ ਉਪਰ ਰੋਕ ਲਗਾ ਦਿੱਤੀ ਗਈ। ਅੰਗਰੇਜ਼ਾਂ ਨੇ ਭਾਰਤ ਉਪਰ 150 ਸਾਲ ਦੇ ਕਰੀਬ ਰਾਜ ਕੀਤਾ। ਕਈ ਵਾਰ ਗੱਲਾਂ ਵਿਚੋਂ ਗੱਲ ਕਰਦੇ ਸਿਆਣੇ ਲੋਕ ਜਾਂ ਉਹਨਾਂ ਦੀਆਂ ਲਿਖਤਾਂ ਪੜ੍ਹ ਕੇ ਕਹਿੰਦੇ ਹਨ ਕਿ ਅੱਜ ਦੀ ਬ੍ਰਾਹਮਣ ਜਨਤਾ ਪਾਰਟੀ ਤੋਂ ਤਾਂ ਅੰਗਰੇਜ਼ ਹੀ ਚੰਗੇ ਸਨ। ਇਹਨਾਂ ਦੇ ਸਮਿਆਂ ਵਿਚ ਗਰੀਬਾਂ ਨੂੰ ਖਾਣ-ਭੀਣ ਸਭ ਸਸਤਾ ਵਗੈਰਾ ਮਿਲਾਵਟ ਤੋਂ ਮਿਲਦਾ ਸੀ। ਅੱਜ ਤਾਂ ਹਰ ਚੀਜ਼ ਵਿਚ ਮਿਲਾਵਟ, ਸਰਕਾਰੀ ਫਾਈਲਾਂ ਬਗੈਰ ਰਿਸ਼ਵਤ ਅੱਗੇ ਨਹੀਂ ਤੁਰਦੀਆਂ। ਬਲਾਤਕਾਰ, ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ। ਆਂਗਨਵਾੜੀ ਮੁਲਾਜ਼ਮ, ਸਫਾਈ ਮਜ਼ਦੂਰ, ਨਰਸਾਂ, ਮਾਸਟਰ, ਹੋਮ ਗਾਡੀਏ ਸੜਕਾਂ ਉਪਰ ਆਪਣੀਆਂ ਮੰਗਾਂ ਨੂੰ ਲੈ ਕੇ ਡੰਡੇ ਖਾ ਰਹੇ ਹਨ। ਬੇਰੁਜ਼ਗਾਰੀਦੂਰ ਕਰਨ ਲਈ ਸਰਕਾਰ ਜੁਮਲੇਬਾਜ਼. ਤੋਂ ਕੰਮ ਲੈ ਰਹੀ ਹੈ ਅਤੇ ਕਹਿ ਰਹੇ ਹਨ ਕਿ ਮੋਦੀ ਸਾਹਿਬ ਪਕੌੜੇ ਤਲ ਕੇ ਵੇਚੋ ਜਾਂ ਪਾਨ ਬੀੜੀ ਦੀ ਦੁਕਾਨ ਖੋਲ੍ਹੋ। ਹਾਂ ਕਾਂਗਰਸ ਸਰਕਾਰ ਵੇਲੇ ਚਾਹ ਵੇਚਣ ਵਾਲਾ ਮੋਦੀ ਜੀ ਪ੍ਰਧਾਨ ਮੰਤਰੀ ਬਣ ਗਿਆ।

ਆਰ. ਐਸ. ਐਸ. ਦੀ ਜਨਤਾ ਪਾਰਟੀ ਸਮੇਂ 25-30 ਸਾਲ ਦੀ ਪੜ੍ਹਾਇ. ਕਰਕੇ ਡਾਕਟਰ, ਵਕੀਲ, ਇੰਜੀਨੀਅਰ ਲੱਖਾਂ ਰੁਪਏ ਖਰਚ ਕਰਕੇ ਪਕੌੜੇ ਵੇਚਣ ਵਾਲੇ ਜ਼ਰੂਰ ਬਣਨਗੇ। 15 ਲੱਖ ਖਾਤੇ ਵਿਚ ਆਉਣਗੇ, ਸੁਪਨੇ ਬਣ ਗਏ। ਭਾਰਤ ਵਿਚ ਕਾਨੂੰਨ ਵਿਵਸਥਾ ਦਾ ਤਾਂ ਆਲਮ ਹੀ ਨਿਰਾਲਾ ਹੈ। ਇਹਨਾਂ ਆਪਣੇ ਹੀ ਚਹੇਤੇ ਗਵਰਨਰ, ਜੱਜ, ਚਾਂਸਲਰ ਸਾਰੇ ਬ੍ਰਾਹਮਣ ਹੀ ਲਗਾਏ ਹੋਏ ਹਨ, ਆਪਣੀ ਮਰਜੀ ਨਾਂਲ ਹੀ ਉਹਨਾਂ ਤੋਂ ਫੈਸਲੇ ਕਰਵਾ ਲੈਂਦੇ ਹਨ, ਜਿਵੇਂ ਪਿੱਛੇ ਜਿਹੇ ਵਿਧਾਨ ਸਭਾਵਾਂ ਵਿਚ ਜੋ ਹੋਇਆ, ਕਿਸੇ ਤੋਂ ਛੁਪਿਆ ਨਹੀਂ। ਇਹਨਾਂ ਦੇ ਰਾਜ ਵਿਚ ਮਹਾਨ ਹਸਤੀਆਂ ਦੇ ਯਾਦਗਾਰੀ ਬੁੱਤ ਸ਼ਰੇਆਮ ਤੋੜ ਕੇ ਫਰਾਰ ਹੋ ਜਾਂਦੇ ਹਨ। ਘੱਟ ਗਿਣਤੀਆਂ ਨੂੰ ਗਊ ਮਾਤਾ ਦੇ ਨਾਂ ਤੇ ਬੁਰੀ ਤਰ੍ਹਾਂ ਕੁੱਟਿਆ ਜਾ ਰਿਹਾ ਹੈ। ਬੜੇ-ਬੜੇ ਘੋਟਾਲੇ ਕਰਕੇ ਇਹਨਾਂ ਦੇ ਸਾਹਮਣੇ ਧਨਾਢ ਵਿਦੇਸ਼ਾਂ ਵਿਚ ਭੱਜ ਰਹੇ ਹਨ। ਜਿਵੇਂ ਕਿ ਵਿਜੇ ਮਾਲੀਆ, ਲਲਿਤ ਮੋਦੀ, ਸੁਸ਼ੀਲ ਮੋਦੀ, ਨੀਰਜ ਮੋਦੀ ਆਦਿ, ਕਾਨੂੰਨ ਵਿਚਾਰਾ ਹੱਥ ਜੋੜ ਕੇ ਖੜ੍ਹਾ ਹੈ।

ਸਿੱਖਿਆ ਇੰਨੀ ਮਹਿੰਗੀ ਕਰ ਦਿੱਤੀ ਕਿ ਗਰੀਬ ਆਦਮੀ ਦੀ ਪਹੁੰਚ ਤੋਂ ਬਾਹਰ ਹੋ ਗਈ। ਸਰਕਾਰੀ ਸਕੂਲ ਕੁਝ ਸੂਬਾਏ. ਸਰਕਾਰਾਂ ਬੰਦ ਕਰੀ ਜਾ ਰਹੀਆਂ ਹਨ। ਜੋ ਕੁਝ ਬਾਕੀ ਹਨ, ਉਥੇ ਵਿਤਕਰਾ ਹੋ ਰਿਹਾ ਹੈ, ਜਿਵੇਂ ਕਿ ਹਿਮਾਚਲ ਪ੍ਰਦੇਸ਼ ਦੇ ਸ਼ਿਮਲਾ, ਕੂਲੂ ਦੇ ਜੈਸਟਾ ਸਕੂਲ ਵਿਚ ਸ਼ਾਮ ਦਾ ਖਾਣਾ ਦੇਣ ਸਮੇਂ ਦਲਿਤਾਂ ਨੂੰ ਅਲੱਗ ਬਿਠਾਇਆ ਜਾਂਦਾ ਹੈ। ਬਿਹਾਰ ਦੇ ਕਈ ਸਕੂਲਾਂ ਦੀ ਹਾਲਤ ਨਿਊ ਇੰਡੀਆ ਦੀ ਰਿਪੋਰਟ ਮੁਤਾਬਕ ਛੱਪਰ ਦੇ ਇਕ ਬੇਨੀਆਪੁਰ ਦੇ ਕੋਲੂਹਾ ਸਰਕਾਰੀ ਸਕੂਲ ਵਿਚ ਛੋਟੀ ਜਾਤ ਦੇ ਬੱਚਿਆਂ ਦੇ ਸੈਕਸ਼ਨ ਵੀ ਅਲੱਗ ਅਤੇ ਰਜਿਸਟਰ ਵੀ ਅਲੱਗ ਤਾਂ ਕਿ ਉਚ ਜਾਤੀ ਦੇ ਬੱਚੇ ਪਤਿਤ ਨਾ ਹੋ ਜਾਣ। ਹਰੀਜਨ ਸ਼ਬਦ ਉਪਰ ਪਾਬੰਦੀ ਹੋਣ ਦੇ ਬਾਅਦ ਵੀ ਸਕੂਲ ਵਿਚ ਬੱਚੀਆਂ ਨੂੰ ਹਰੀਜਨ ਕਹਿ ਕੇ ਉਹਨਾਂ ਦਾ ਅਪਮਾਨ ਕੀਤਾ ਜਾਂਦਾ ਹੈ। ਰਾਜਸਥਾਨ ਦੀ ਬੀਬੀ ਮੁੱਖ ਮੰਤਰੀ ਸਰਕਰੀ ਸਕੂਲ ਬੰਦ ਕਰੀ ਜਾ ਰਹੀ ਹੈ।

ਮੱਧ ਪ੍ਰਦੇਸ਼ ਦੇ ਸਰਕਾਰੀ ਸਕੂਲਾਂ ਵਿਚ ਕਈ ਥਾਈਂ ਦਲਿਤ ਬੱਚੇ ਆਪਣੀ ਮਰਜੀ ਨਾਲ ਨਲਕੇ ਤੋਂ ਪਾਣੀ ਵੀ ਨਹੀਂ ਪੀ ਸਕਦੇ ਅਤੇ ਕਲਾਸ ਵਿਚ ਸਭ ਤੋਂ ਪਿੱਛੇ ਬਿਠਾਇਆ ਜਾਂਦਾ ਹੈ। ਪੰਜਾਬ ਵਿਚ ਵੀ ਕੈਪਟਨ ਸਰਕਾਰ ਨੇ ਕਈ ਸਰਕਾਰੀ ਸਕੂਲ ਬੰਦ ਕਰ ਦਿੱਤੇ ਹਨ ਅਤੇ ਹੋਰਨਾਂ ਤੋਂ ਇਲਾਵਾ ਪਟਿਆਲਾ ਜ਼ਿਲ੍ਹਾ ਮੁੱਖ ਮੰਤਰੀ ਦਾ ਹਲਕਾ ਸਰਕਾਰੀ ਸਕੂਲ ਟੌਹੜਾ ਵਿਖੇ ਦਸਵੀਂ ਕਲਾਸ ਦੀ ਹੋਣਹਾਰ ਬੱਚੀ ਵੀਰਪਾਲ ਕੌਰ ਨੂੰ ਚੂਹੜੀ ਕਹਿ ਕੇ ਅਧਿਆਪਕਾ ਨੇ ਬੇਇਜ਼ਤ ਕੀਤਾ ਅਤੇ ਕਿਹਾ ਕਿ ਤੂੰ ਪੜ੍ਹ ਲਿਖ ਕੇ ਕੀ ਕਰੇਂਗੀ।

ਇਹਨਾਂ ਅਧਿਆਪਕਾਂ ਦੀ ਪੜ੍ਹ-ਲਿਖ ਕੇ ਵੀ ਅੰਧ ਵਿਸ਼ਵਾਸੀ ਅਤੇ ਪਿਛਾਂਹ ਖਿੱਚੂ ਸੋਚ ਨਹੀਂ ਬਦਲੀ। ਇਹ ਦਿਮਾਗੀ ਤੌਰ ਤੇ ਬਿਮਾਰ ਲੋਕ? ਹੋਰ ਤਾਂ ਹੋਰ ਇਕ ਮਰਦ ਨੂੰ ਨੰਗਾ ਕਰਕੇ ਅਤੇ ਉਸਦੀ ਹੀ ਪਤਨੀ ਨੂੰ ਨੰਗੀ ਹਾਲਤ ਵਿਚ ਉਸੇ ਮਰਦ ਦੇ ਮੋਢੇ ਉਪਰ ਬਿਠਾ ਕੇ ਘੁੰਮਾਇਆ ਗਿਆ ਅਤੇ ਗੁਪਤ ਅੰਗਾਂ ਨਾਲ ਛੇੜਛਾੜ ਕਰਕੇ ਫੇਸਬੁੱਕ ਉਪਰ ਦਿਖਾਇਆ ਗਿਆ ਕਿਉਂਕਿ ਉਸ ਨੇ ਉਚ ਜਾਤੀ ਦੇ ਖੇਤਾਂ ਵਿਚ ਕੰਮ ਕਰਨ ਤੋਂ ਇਨਕਾਰ ਕਰ ਦਿੱਤਾ ਸੀ।

ਪ੍ਰਾਈਵੇਟ ਸਕੂਲ ਅਤੇ ਪ੍ਰਾਈਵੇਟ ਹਸਪਤਾਲ ਇੰਨੇ ਮਹਿੰਗੇ ਹਨ ਕਿ ਗਰੀਬ ਆਦਮੀ ਦਾ ਤਾਂ ਦੀਵਾਲਾ ਹੀ ਕੱਢ ਦਿੱਤਾ ਜਾਂਦਾ ਹੈ। ਹਰ ਸਾਲ ਸਕੂਲਾਂ ਦਾ ਦਾਖਲਾ ਫੀਸ, ਇਹ ਲੋਕ ਮਾਲਾਮਾਲ ਹੋ ਰਹੇ ਹਨ। ਸਰਕਾਰ ਨੂੰ ਇਹਨਾਂ ਸਕੂਲਾਂ ਅਤੇ ਹਸਪਤਾਲ ਨੂੰ ਬੰਦ ਕਰਨਾ ਚਾਹੀਦਾ ਹੈ। ਇਹਨਾਂ ਨੂੰ ਸਰਕਾਰ ਆਪਣੇ ਹੱਕਾਂ ਵਿਚ ਲਵੇ ਅਤੇ ਗਰੀਬਾਂ ਨੂੰ ਰਾਹਤ ਮਿਲੇ। ਇਹ ਤਾਂ ਹੀ ਹੋ ਸਕਦਾ ਹੈ ਜਦੋਂ ਘੱਟ ਗਿਣਤੀਆਂ ਇਕੱਠੇ ਹੋ ਕੇ ਹੰਭਲਾ ਮਾਰਨ ਜਿਵੇਂ 2 ਅਪ੍ਰੈਲ 2018 ਨੂੰ ਭਾਰਤ ਬੰਦ ਕਰ ਦਿੱਤਾ, ਚਾਹੇ ਕੁਝ ਸ਼ਹੀਦ ਵੀ ਹੋਏ ਪਰ ਸਰਕਾਰ ਹਿੱਲ ਗਈ।

ਇਸੇ ਤਰ੍ਹਾਂ ਹੀ ਭਾਰਤ ਦਾ ਸਾਂਝਾ ਗ੍ਰੰਥ ਡਾ. ਅੰਬੇਡਕਰ ਜੀ ਵੱਲੋਂ ਲਿਖਿਆ ਸੰਵਿਧਾਨ ਜੋ ਸਭ ਨੂੰ ਬਰਾਬਰਤਾ ਪ੍ਰਦਾਨ ਕਰਦਾ ਹੈ, ਸਹੀ ਅਰਥਾਂ ਵਿਚ ਲਾਗੂ ਕਰਵਾਈਏ। ਜਿਸ ਵਿਚ ਇੰਡੀਆ ਅੰਗਰੇਜੀ ਵਿਚ ਅਤੇ ਹਿੰਦੀ ਵਿਚ ਭਾਰਤ ਹੈ ਪਰ ਮਨੂੰਵਾਦੀ ਲੋਕ ਇਯ ਨੂੰ ਮੋਦੀ ਸਾਹਿਬ ਅਤੇ ਹੋਰ ਹਿੰਦੋਸਤਾਨ ਹੀ ਕਹਿ ਰਹੇ ਹਨ। ਕਸਮਾਂ ਸੰਵਿਧਾਨ ਦੀਆਂ ਖਾ ਰਹੇ ਹਨ, ਇਹ ਸੰਵਿਧਾਨ ਦੀ ਉਲੰਘਣਾ ਹੈ। ਇਹ ਲੇਖ ਕਿਸੇ ਨੂੰ ਚਿੜਾਉਣ ਜਾਂ ਹਾਨੀ ਪਹੁੰਚਾਉਣ ਲਈ ਨਹੀਂ ਬਲਕਿ ਪਾਠਕਾਂ ਦੀ ਜਾਣਕਾਰੀ ਵਿਚ ਵਾਧੇ ਲਈ ਲਿਖਿਆ ਹੈ।

**ਜੈ ਭੀਮ, ਜੈ ਭਾਰਤ**

# ਜੈ ਭੀਮ ਕੀ ਹੈ?

ਕੁਬਭ ਕੈਲਾਸ਼ ਚੀਕੀਕਰ, ਭੋਪਾਲ

ਜੈ ਭੀਮ, ਕਦੋਂ, ਕਿੱਥੇ, ਕਿਉਂ ਅਤੇ ਕਿਸਨੇ ਜੈ ਭੀਮ ਕਿਹਾ ਗਿਆ। ਆਓ ਜਾਣ ਲਈਏ। ਜੈ ਭੀਮ ਸ਼ਬਦ ਦੇ ਜਨਮਦਾਤਾ ਕੌਣ ਸਨ। ਜੈ ਭੀਮ ਅੱਜ ਬਹੁਜਨ ਏਕਤਾ ਦਾ ਪ੍ਰਤੀਕ ਬਣ ਚੁੱਕਾ ਹੈ। ਹਰ ਬਹੁਜਨ ਨੌਜਵਾਨ ਉਤਸ਼ਾਹ ਨਾਲ ਜੈ ਭੀਮ ਦੇ ਨਾਲ ਇਕ-ਦੂਜੇ ਦਾ ਸਵਾਗਤ ਕਰਦੇ ਹਨ। ਜੈ ਭੀਮ ਸ਼ਬਦ ਦੀ ਉਤਪੱਤੀ ਮਹਾਰਾਸ਼ਟਰ ਵਿਚ ਹੋਈ। ਇਸ ਜੈ ਭੀਮ ਸ਼ਬਦ ਦੇ ਜਨਕ ਬਾਬੂ ਹਰਦਾਸ ਐਲ. ਐਨ. ਸਨ ਜੋ 1921 ਵਿਚ ਬਾਬਾ ਸਾਹਿਬ ਡਾ. ਅੰਬੇਡਕਰ ਦੇ ਨਾਲ ਸਮਾਜਿਕ ਅੰਦੋਲਨ ਵਿਚ ਉਤਰੇ। ਬਾਬੂ ਹਰਦਾਸ ਦਾ ਪਰਿਵਾਰ ਪੜ੍ਹਿਆ-ਲਿਖਿਆ ਸੀ, ਪਿਤਾ ਲਕਸ਼ਮਣ ਉਰਕੁੜਾ ਨਾਗਰਾਲੇ ਰੇਲਵੇ ਵਿਭਾਗ ਵਿਚ ਬਾਬੂ ਸਨ। ਉਸ ਵਕਤ ਦੇਸ਼ ਵਿਚ ਵਰਣ ਵੰਡ ਅਤੇ ਜਾਤੀ ਭੇਦ ਦੇ ਕਾਰਨ ਭਿਆਨਕ ਸਮਾਜਿਕ ਅਤੇ ਆਰਥਿਕ ਅਸਮਾਨਤਾ ਫੈਲੀ ਹੋਈ ਸੀ। ਸੰਤ 1922 ਵਿਚ ਮਹਾਰਾਸ਼ਟਰ ਦੇ ਅਛੂਤ ਸੰਤ ਚੋਖਾਮੇਲਾ ਦੇ ਨਾਂ ਤੇ ਉਹਨਾਂ ਨੇ ਇਕ ਸਕੂਲ ਆਰੰਭ ਕੀਤਾ। 1924 ਵਿਚ ਉਹਨਾਂ ਨੇ ਇਕ ਪ੍ਰਿੰਟਿੰਗ ਪ੍ਰੈਸ ਖਰੀਦੀ ਅਤੇ ਸਮਾਜਿਕ ਜਾਗਰਤੀ ਦੇ ਲਈ ਮੰਡਈ ਮਹਾਤਮ ਨਾਂਮੀ ਕਿਤਾਬ ਜਾਗਰਤੀ ਦੇ ਲਈ ਲਿਖੀ ਸੀ, ਨਾਲ ਹੀ ਚੋਖਾਮੇਲਾ ਵਿਸ਼ੇਸ਼ ਅੰਕ ਵੀ ਨਿਕਲਿਆ ਸੀ। ਬਾਬਾ ਸਾਹਿਬ ਦੇ ਅੰਦੋਲਨਾਂ ਵਿਚ ਉਹਨਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। 1930 ਦੇ ਨਾਸਿਕ ਕਾਲਾਰਾਮ ਮੰਦਰ ਸੱਤਿਆਗ੍ਰਹਿ ਅਤੇ 1932 ਵਿਚ ਪੂਨਾ ਪੈਕਟ ਦੌਰਾਨ ਉਹਨਾਂ ਨੇ ਬਾਬਾ ਸਾਹਿਬ ਦੇ ਨਾਲ ਮਹੱਤਵਪੂਰਨ ਭੂਮਕਾ ਨਿਭਾਈ। ਜੈ ਭੀਮ ਦਾ ਸੰਬੋਧਨ ਪਹਿਲੀ ਵਾਰ ਉਹਨਾਂ ਦੇ ਮਨ ਵਿਚ ਇਕ ਮੁਸਲਿਮ ਵਿਅਕਤੀ ਨੂੰ ਦੇਖ ਕੇ ਆਇਆ। ਉਸ ਵਕਤ ਵਰਕਰਾਂ ਦੇ ਨਾਲ ਘੁੰਮਦੇ ਹੋਏ ਰਸਤੇ ਵਿਚ ਇਕ ਮੁਸਲਿਮ ਨੂੰ ਦੂਜੇ ਮੁਸਲਿਮ ਨਾਲ ਅਸਲਾਮ-ਅਲੇਕੁਮ ਕਹਿੰਦੇ ਹੋਏ ਸੁਣਿਆ। ਜਵਾਬ ਵਿਚ ਦੂਜੇ ਵਿਅਕਤੀ ਨੇ ਅਲੇਕੁਮ- ਸਲਾਮ ਕਿਹਾ। ਉਦੋਂ ਬਾਬੂ ਹਰਦਾਸ ਨੇ ਸੋਚਿਆ ਕਿ ਸਾਨੂੰ ਇਕ ਦੂਜੇ ਨੂੰ ਕੀ ਕਹਿਣਾ ਚਾਹੀਦਾ ਹੈ? ਉਹਨਾਂ ਨੇ ਵਰਕਰਾਂ ਨੂੰ ਕਿਹਾ, ਮੈਂ ਜੈ ਭੀਮ ਕਹਾਂਗਾ ਅਤੇ ਤੁਸੀਂ ਬਲ ਭੀਮ ਕਹੋ। ਉਸ ਵਕਤ ਤੋਂ ਇਹ ਸੰਬੋਧਨ ਆਰੰਭ ਹੋਇਆ ਪਰ ਬਾਅਦ ਵਿਚ ਬਲ ਭੀਮ ਗਾਇਬ ਹੋ ਗਿਆ, ਕੇਵਲ ਜੈ ਭੀਮ ਪ੍ਰਚੱਲਿਤ ਹੋ ਗਿਆ। 1933-32 ਵਿਚ ਬਾਬੂ ਹਰਦਾਸ ਨੇ ਸਮਤਾ ਸੈਨਿਕ ਦਲ ਨੂੰ ਜੈ ਭੀਮ ਦਾ ਨਾਅਰਾ ਨਾਗਪੁਰ ਵਿਚ ਦਿੱਤਾ। ਇਸ ਤਰ੍ਹਾਂ ਜਦੋਂ ਭੀਮ ਹਰ ਜਗ੍ਹਾ ਛਾ ਗਿਆ, ਬਾਅਦ ਵਿਚ ਡਾ. ਅੰਬੇਡਕਰ ਨੇ ਖੁਦ ਵੀ 1949 ਆਪਣੇ ਪੱਤਰਾਂ ਵਿਚ ਜੈ ਭੀਮ ਲਿਖਣਾ ਅਤੇ ਕਹਿਣਾ ਆਰੰਭ ਕਰ ਦਿੱਤਾ ਸੀ। 12 ਜਨਵਰੀ 1939 ਨੂੰ ਉਹਨਾਂ ਦਾ ਦੇਹਾਂਤ ਹੋ ਗਿਆ। ਉਸ ਦਿਨ ਉਹਨਾਂ ਨੂੰ ਸ਼ਰਧਾਂਜਲੀ ਦਿੰਦੇ ਵਕਤ ਬਾਬਾ ਸਾਹਿਬ ਨੇ ਕਿਹਾ ਸੀ, ਬਾਬੂ ਹਰਦਾਸ ਦੇ ਰੂਪ ਵਿਚ ਮੇਰਾ ਸੱਜਾ ਹੱਥ ਚਲਾ ਗਿਆ।

# ਹੁੜਦੰਗੀ ਸਿਆਸੀ ਮਾਹੌਲ ਜਮਹੂਰੀਅਤ ਲਈ ਖ਼ਤਰਾ: ਆਰਚਬਿਸ਼ਪ

**ਨਵੀਂ ਦਿੱਲੀ-** ਦਿੱਲੀ ਦੇ ਆਰਚਬਿਸ਼ਪ ਅਨਿਲ ਕਾਉਟੋ ਨੇ ਆਖਿਆ ਕਿ ਦੇਸ਼ ਦਾ 'ਹੁੜਦੰਗੀ ਸਿਆਸੀ ਮਾਹੌਲ' ਭਾਰਤ ਦੇ ਸੰਵਿਧਾਨਕ ਅਸੂਲਾਂ ਤੇ ਧਰਮ ਨਿਰਪੱਖ ਤਾਣੇ ਬਾਣੇ ਲਈ ਖ਼ਤਰਾ ਪੈਦਾ ਕਰ ਰਿਹਾ ਹੈ। ਨਾਲ ਹੀ ਉਨ੍ਹਾਂ ਸ਼ਰਧਾਲੂਆਂ ਨੂੰ ਪ੍ਰਾਰਥਨਾ ਮੁਹਿੰਮ ਸ਼ੁਰੂ ਕਰਨ ਦਾ ਅਪੀਲ ਕੀਤੀ ਹੈ। ਮੋਹਤਰਮ ਕਾਉਟੋ ਨੇ 12 ਮਈ ਨੂੰ ਹੋਈਆਂ ਕਰਨਾਟਕ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਦਿੱਲੀ ਦੇ ਆਰਚਡਾਇਓਸਿਸ ਦੇ ਸਾਰੇ ਪਾਦਰੀਆਂ ਤੇ ਧਾਰਮਿਕ ਸੰਸਥਾਵਾਂ ਨੂੰ ਇਕ ਪੱਤਰ ਲਿਖਿਆ ਸੀ। ਪੱਤਰ ਵਿੱਚ ਉਨ੍ਹਾਂ ਲਿਖਿਆ ''ਅਸੀਂ ਹੁੜਦੰਗੀ ਸਿਆਸੀ ਮਾਹੌਲ ਦੇਖ ਰਹੇ ਹਾਂ ਜੋ ਸਾਡੇ ਦੇਸ਼ ਦੇ ਸੰਵਿਧਾਨ ਦੇ ਜਮਹੂਰੀ ਅਸੂਲਾਂ ਤੇ ਧਰਮ ਨਿਰਪੱਖ ਤਾਣੇ ਬਾਣੇ ਲਈ ਖ਼ਤਰਾ ਬਣਦਾ ਜਾ ਰਿਹਾ ਹੈ।

ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਇਸ ਪੱਤਰ 'ਤੇ ਪ੍ਰਤੀਕਿਰਿਆ ਕਰਦਿਆਂ ਕਿਹਾ ਕਿ ਭਾਰਤ ਧਰਮ ਜਾਂ ਫਿਰਕੇ ਦੇ ਆਧਾਰ 'ਤੇ ਕਿਸੇ ਨਾਲ ਕੋਈ ਵਿਤਕਰਾ ਨਹੀਂ ਕਰਦਾ ਤੇ ਇਸ ਤਰ੍ਹਾਂ ਦੀਆਂ ਗੱਲਾਂ ਨੂੰ ਦੇਸ਼ ਵਿੱਚ ਕਦੇ ਵੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਅਗਲੇ ਸਾਲ ਹੋਣ ਵਾਲੀਆਂ ਆਮ ਚੋਣਾਂ ਦਾ ਜ਼ਿਕਰ ਕਰਦਿਆਂ ਸ੍ਰੀ ਕਾਉਟੋ ਨੇ 13 ਮਈ ਤੋਂ ਮਾਤਾ ਫ਼ਾਤਿਮਾ ਦੀ ਦਿਵ-ਦਰਸ਼ਨ ਸਾਲਗਿਰ੍ਹਾ ਮੌਕੇ ਦੇਸ਼ ਭਰ ਵਿੱਚ ਪ੍ਰਾਰਥਨਾ ਮੁਹਿੰਮ ਸ਼ੁਰੂ ਕਰਨ ਲਈ ਕਿਹਾ ਸੀ। ਕੇਂਦਰੀ ਸਭਿਆਚਾਰ ਤੇ ਸੈਰਸਪਾਟਾ ਮੰਤਰੀ ਕੇ ਜੇ ਅਲਫੌਂਸ ਨੇ ਆਰਚਬਿਸ਼ਪ ਦੀਆਂ ਟਿੱਪਣੀਆਂ ਨੂੰ 'ਗ਼ੈਰਵਾਜਬ' ਕਰਾਰ ਦਿੰਦਿਆਂ ਕਿਹਾ ਕਿ ਧਾਰਮਿਕ ਹਸਤੀਆਂ ਨੂੰ ਸਿਆਸਤ ਤੋਂ ਲਾਂਭੇ ਰਹਿਣਾ ਚਾਹੀਦਾ ਹੈ। ਵਿਸ਼ਵ ਹਿੰਦੂ ਪ੍ਰੀਸ਼ਦ ਦੇ ਵਰਕਿੰਗ ਪ੍ਰਧਾਨ ਅਲੋਕ ਕੁਮਾਰ ਨੇ ਆਰਚਬਿਸ਼ਪ ਦੇ ਪੱਤਰ ਨੂੰ ਭਾਰਤ ਦੀ ਧਰਮ ਨਿਰਪੱਖਤਾ 'ਤੇ ਸਿੱਧਾ ਹਮਲਾ ਕਰਾਰ ਦਿੱਤਾ ਹੈ ਤੇ ਭਾਰਤ ਨੂੰ ਧਰਮ ਦੇ ਅਧਾਰ 'ਤੇ ਵੰਡਣ ਲਈ ਵੈਟੀਕਨ 'ਤੇ ਦਖ਼ਲ ਦੇਣ ਦਾ ਦੋਸ਼ ਲਾਇਆ ਹੈ।



ਉਨ੍ਹਾਂ ਕਿਹਾ '' ਇਹ ਬਿਸ਼ਪ ਪੋਪ ਵੱਲੋਂ ਨਿਯੁਕਤ ਕੀਤੇ ਜਾਂਦੇ ਹਨ ਤੇ ਉਨ੍ਹਾਂ ਦੀ ਜਵਾਬਦੇਹੀ ਭਾਰਤ ਪ੍ਰਤੀ ਨਹੀਂ ਸਗੋਂ ਪੋਪ ਪ੍ਰਤੀ ਹੈ।'' ਸ੍ਰੀ ਕਾਉਟੋ ਨੇ ਕਿਹਾਂ ਕਿ ਇਸ ਪੱਤਰ ਦਾ ਨਰਿੰਦਰ ਮੋਦੀ ਸਰਕਾਰ ਨਾਲ ਕੋਈ ਲਾਗਾਤੇਗਾ ਨਹੀਂ ਹੈ।

# ਜਲ ਪ੍ਰਦੂਸ਼ਣ ਅਤੇ ਜਲ ਸੋਮਿਆਂ ਦੀ ਮੰਦੀ ਹੋਣੀ

**(ਸਫਾ 15 ਦੀ ਬਾਕੀ)**

ਵਿਚ ਸਿੰਥੈਟਿਕ ਪਦਾਰਥ ਬਹੁਤ ਹੁੰਦੇ ਹਨ। ਕੁਦਰਤੀ ਕਾਰਜ ਇਨ੍ਹਾਂ ਨਾ-ਮੁਰਾਦ ਵਸਤਾਂ ਨੂੰ ਕਾਬੂ ਰੱਖਣ ਦੀ ਯੋਗਤਾ ਨਹੀਂ ਰੱਖਦੇ। ਹੁਣ ਪਾਰਾ, ਪਲਾਸਟਿਕ ਅਤੇ ਪੈਟਰੋਲੀਅਮ ਪਦਾਰਥਾਂ ਦਾ ਰਹਿੰਦ-ਖੂੰਹਦ ਕਿਵੇਂ ਗ਼ਲੇਗਾ ਭਲਾ?

ਹਰ ਭਾਰਤੀ ਪਰਿਵਾਰ ਹਰ ਰੋਜ਼ ਔਸਤਨ ਅੱਧੀ ਟੋਕਰੀ ਗੰਦਗੀ ਪੈਦਾ ਕਰਦਾ ਹੈ। ਇਸ ਵਿਚ ਮਲ-ਮੂਤਰ ਤੋਂ ਇਲਾਵਾ ਰਹਿੰਦ-ਖੂੰਹਦ, ਘਰਾਂ ਦੀ ਗੰਦਗੀ ਆਦਿ ਸ਼ਾਮਲ ਹਨ। ਕਰੀਬ 20 ਕਰੋੜ ਪਰਿਵਾਰ ਹਰ ਰੋਜ਼ 10 ਕਰੋੜ ਟੋਕਰੀਆਂ ਗੰਦਗੀ ਪੈਦਾ ਕਰ ਰਹੇ ਹਾਂ। ਇੱਕ ਸਾਲ ਵਿਚ ਗੰਦਗੀ ਦੇ 40 ਅਰਬ ਟੋਕਰੇ ਢੇਰਾਂ ਉੱਪਰ ਪੁੱਜ ਜਾਂਦੇ ਹਨ। ਇਹ ਕਚਰਾ ਆਪਣੀਆਂ ਨਿਸ਼ਚਿਤ ਥਾਵਾਂ ਉੱਤੇ ਨਹੀਂ ਪੁੱਜਦਾ ਸਗੋਂ ਜਿੱਥੇ ਜੀ ਚਗਹੇ, ਖਿਲਾਰ ਦਿੱਤਾ ਜਾਂਦਾ ਹੈ। ਬਹੁਤ ਵਾਰੀ ਇਹ ਦਰਿਆਵਾਂ, ਝੀਲਾਂ ਜਾਂ ਫਿਰ ਸਾਗਰਾਂ ਦਾ ਹਿੱਸਾ ਬਣ ਜਾਂਦਾ ਹੈ। ਇਸ ਗੰਦਗੀ ਕਾਰਨ ਗੰਗਾ ਮਲੀਨ ਹੋ ਚੁੱਕੀ ਹੈ ਅਤੇ ਮੂਸੀ ਨਦੀ (ਹੈਦਰਾਬਾਦ) ਆਖ਼ਰੀ ਸਾਹ ਲੈ ਰਹੀ ਹੈ। ਸ੍ਰੀਨਗਰ ਦੀ ਆਰਥਿਕ ਸਾਹਰਗ ਡੱਲ ਝੀਲ ਵੀ ਮਰਨ ਕਿਨਾਰੇ ਹੈ। ਮਨੀਪੁਰ ਦੀ ਲੋਕਤਾਰ ਝੀਲ ਦਾ ਵੀ ਇਹੋ ਹਸ਼ਰ ਹੋ ਰਿਹਾ ਹੈ। ਇਸ ਵਿਚ ਇੰਨੀ ਬਨਸਪਤੀ ਉੱਗ ਚੁੱਕੀ ਹੈ ਕਿ ਆਸਾਨੀ ਨਾਲ ਝੀਲ ਅੰਦਰ ਤੁਰਿਆ-ਫਿਰਿਆ ਜਾ ਸਕਦੇ ਹੈ। ਉੜੀਸਾ ਦੀ ਝਿਲਕਾ ਝੀਲ ਨੂੰ ਖ਼ਤਰਾ ਪੈਦਾ ਹੋ ਗਿਆ ਚੁੱਕਿਆ ਹੈ, ਹਾਲਾਂਕਿ ਉੱਥੇ ਬਹੁਤ ਮਹ-ੱਤਵਪੂਰਨ 'ਨੇਵਲ ਬੇਸ' ਹੈ।

ਪਵਿੱਤਰ ਮੰਨੇ ਜਾਂਦੇ ਗੰਗਾ, ਜਮਨਾ, ਕਾਵੇਰੀ ਤੇ ਗੋਦਾਵਰੀ ਦਰਿਆਵਾਂ ਦਾ ਜਲ ਪ੍ਰਦੂਸ਼ਿਤ ਹੋ ਚੁੱਕਿਆ ਹੈ। ਗੰਗਾ ਦੇ ਕੰਢੇ ਉੱਪਰ 98 ਸ਼ਹਿਰ ਤੇ ਕਸਬੇ ਹਨ। ਇਸ ਦੀ 2,525 ਕਿਲੋਮੀਟਰ ਦੀ ਲੰਬਾਈ ਵਿਚ ਤਕਰੀਬਨ 29 ਅਰਬ ਘਣ ਮੀਟਰ ਗੰਦਾ ਪਾਣੀ ਹਰ ਰੋਜ਼ ਡਿਗਦਾ ਹੈ। ਕੇਵਲ 16 ਸ਼ਹਿਰ ਅਜਿਹੇ ਹਨ ਜਿਨ੍ਹਾਂ ਕੋਲ ਸੀਵਰ ਵਰਗੀ ਵਿਵਸਥਾ ਹੈ, ਬਾਕੀ 82 ਨਗਰਾਂ ਦਾ ਮਲ-ਮੂਤਰ ਤੇ ਕਚਰਾ ਇਸ ਵਿਚ ਸੁੱਟਿਆ ਜਾ ਰਿਹਾ ਹੈ। ਕਿੰਨਾ ਸਿਤਮ ਹੈ, ਜਿਹੜੇ ਲੋਕ ਪਾਣੀਆਂ ਕੰਢੇ ਧੂਫ਼-ਬੱਤੀ ਕਰਦੇ ਹਨ, ਦੀਵੇ ਬਾਲਦੇ ਹਨ, ਉਹ ਵੀ ਜਲ ਸੋਮਿਆਂ 'ਚ ਗੰਦ ਉਲੱਦੀ ਜਾਂਦੇ ਹਨ।

ਮੁੱਕਦੀ ਗੱਲ, ਸਾਡਾ ਭਵਿੱਖ ਪਦਾਰਥਵਾਦੀ ਸਹੂਲਤਾਂ ਅਤੇ ਸਿਆਸਤ ਦੇ ਤੱਕੜ ਵਿਚ ਨਹੀਂ ਸਗੋਂ ਭੌਤਿਕ ਤੱਕੜ ਵਿਚ ਲਟਕਦਾ ਹੈ ਅਤੇ ਚੌਗਿਰਦੇ ਨਾਲ ਜੁੜਿਆ ਹੋਇਆ ਹੈ। ਆਉਣ ਵਾਲੇ ਸਮੇਂ ਵਿਚ ਕੀ ਹੋਵੇਗਾ? ਇਸ ਦਾ ਨਿਤਾਰਾ ਇਸ ਗੱਲ ਉੱਪਰ ਨਿਰਭਰ ਹੈ ਕਿ ਅਸੀਂ ਕੁਦਰਤ ਦੀ ਸੰਭਾਲ ਕਿੰਨੀ ਕੁ ਕੀਤੀ ਹੈ।

# ਤੂੜੀ ਵਾਲੇ ਕੋਠੇ ਅੰਦਰਲੀ ਕੋਕ - ਪਰਸ਼ੋਤਮ ਲਾਲ ਸਰੋਏ



ਡਾ. ਦਵਿੰਦਰ ਮੰਡ
91-99145-65255

ਮੇਰੇ ਲਈ ਪਰਸ਼ੋਤਮ ਸਰੋਏ ਦਾ ਅਕਸ਼ ਇਹੋ ਜਿਹਾ ਹੈ ਜਿਵੇਂ ਮੈਂ ਪੱਕੀ ਹੋਈ ਮੱਕੀ ਦੇ ਖੇਤ ਵਿੱਚ ਵੜ ਗਿਆ ਹੋਵਾਂ। ਆਹ ਪੱਕੀ, ਆਹ ਕੱਚੀ ਦੇਖਦਾ ਹੋਇਆ ਛੱਲੀਆਂ ਦੇ ਉੱਪਰਲੇ ਵਾਲਾਂ ਦੇ ਝਾਟੇ ਵਿੱਚ 'ਉਲਝਣ' ਬਣ ਕੇ ਰਹਿ ਗਿਆ ਹੋਵਾਂ। ਅੰਦਰੋਂ ਸੱਚਾ ਸੁੱਚਾ, ਦੂਜੇ ਦੀ ਗੱਲ ਨਾ ਸੁਣਨ ਵਾਲਾ, ਰਚਨਾ ਦਾ ਖ਼ਿਲਾਰਾ ਪਾ ਕੇ ਬਹਿਣ ਵਾਲਾ। ਪਰਸ਼ੋਤਮ ਸਚਮੁਚ ਸਾਹਿਤ ਦਾ ਸ਼ੁਦਾਈ ਹੈ। ਜਦੋਂ ਤੁਸੀਂ ਉਹਦੇ ਚਿਹਰੇ ਵੱਲ ਜਾਂ ਉਹਦੀ ਰਚਨਾ ਵੱਲ ਝਾਤੀ ਮਾਰਦੇ ਹੋ ਤਾਂ ਇਕਦਮ ਤੁਸੀਂ ਉੱਤਰ ਦੱਖਣ ਦਿਸ਼ਾਵਾਂ ਦੀ ਕਲਪਨਾ ਕਰਨ ਲੱਗ ਪੈਂਦੇ ਹੋ। ਤੁਸੀਂ ਇਹ ਸੋਚ ਵੀ ਨਹੀਂ ਸਕਦੇ ਕਿ ਆਹ ਸਾਹਮਣੇ ਬੈਠੀ ਸ਼ਖ਼ਸੀਅਤ ਇਹੋ ਜਿਹੀ ਰਚਨਾ ਵੀ ਕਰ ਸਕਦੀ ਹੈ। ਦੇਸੀ ਜਿਹਾ ਸਾਫ਼-ਸੁਥਰਾ, ਸਤਰੰਗੀ ਹਾਸਾ ਹੱਸਣ ਵਾਲਾ ਤੇ ਦੂਜਿਆਂ ਦੇ ਕੰਮ ਆਉਂਣ ਵਾਲਾ ਪਰਸ਼ੋਤਮ ਤੁਹਾਨੂੰ ਇਹ ਕਦੇ ਨਹੀਂ ਚਿਤਾਰੇਗਾ ਕਿ ਮੈਂ ਤੁਹਾਡੇ ਲਈ ਆਹ ਕੀਤਾ, ਔਹ ਕੀਤਾ। ਤੁਸੀਂ ਉਹਨੂੰ ਕੋਈ ਕੰਮ ਕਹਿ ਦਿੱਤਾ ਤਾਂ ਉਹ ਇੱਕ ਧੁਨ ਦਾ ਪੱਕਾ ਤੁਹਾਡਾ ਕੰਮ ਕਰਕੇ ਹੀ ਸਾਹ ਲਵੇਗਾ। ਮੇਰੇ ਘਰ ਜਿੰਨੀ ਵਾਰ ਵੀ ਪਰਸ਼ੋਤਮ ਆਇਆ ਹੈ ਮੈਂ ਉਹਦੇ ਆਉਣ ਤੋਂ ਪਹਿਲਾਂ ਇਹੀ ਮਹਿਸੂਸ ਕਰਦਾ ਹਾਂ ਕਿ ਆਉਂਦਿਆਂ ਪਰਸ਼ੋਤਮ ਕਹੇਗਾ ਕਿ ''ਮੰਡ ਸਾਹਬ! ਸਾਇਕਲ ਦੇ ਕੁੱਤੇ ਮਰ ਗਏ, ਚੈਨ ਉਤਰ ਗਈ ਸੀ। ਮੂਹਰੇ ਕੁੱਤਾ ਆ ਗਿਆ..... ਮੇਰੇ ਰਗੜਾਂ ਲੱਗ ਗਈਆਂ..... ਹੈਗਾ ਕੱਪੜੇ ਧੋਣ ਵਾਲਾ ਸਾਬਣ? ਹੱਥ ਲਿਬੜ ਗਏ ਸਾਰੇ.....'' ਜਦੋਂ ਮੈਂ ਉਹਨੂੰ ਕਹਿੰਦਾ ਹਾਂ ਕਿ ''ਭੁੱਖ ਤਾਂਹਨੀਂ ਲੱਗੀ?''

''ਨਹੀਂ ਨਹੀਂ ਮੈਂ ਛੱਲੀਆਂ ਖਾ ਲਈਆਂ ਤਿੰਨ ਚਾਰ ਦੁਕਾਨ ਤੋਂ ਭੂਕਣੇ ਜਿਹੇ ਲੈ ਕੇ ਖਾ ਲਏ..... ਚਾਹ ਪੀ ਲਾਂ ਗੇ..... ਦੱਬ ਕੇ ਖੰਡ ਪਾ ਕੇ .....।'' ਫਿਰ ਉਹ ਉੱਚੀ-ਉੱਚੀ ਹੱਸ ਪੈਂਦਾ ਹੈ। ''ਤੁਹਾਡੇ ਪਿੰਡ ਦਾ ਮੰਤਰੀ ਕਿੱਦਾਂ?'' ਜਦੋਂ ਪਿੰਡ ਦੇ ਮੰਤਰੀ ਬਾਰੇ ਪੁੱਛਦਾ ਹਾਂ ਤਾਂ ਤੋੜ ਕੇ ਕਹਿੰਦਾ ਹੈ ਕਿ ''ਮੇਰੀ ਉਹਦੇ ਨਾਲ ਕਦੇ ਨਾ ਬਣੀ..... ਮੈਂ ਬਥੇਰਾ ਉਹਦੇ ਖਲਾਫ਼ ਲਿਖਦਾ ਰਿਹੈ..... ਮੈਨੂੰ ਦੇਖ ਕੇ ਡਰ ਜਾਂਦਾ ਸੀ ਉਹ ..... ਹੁਣ ਮੁੰਡਾ ਉਹਦਾ ..... ਉਹ ਹੈ ਤਾਂ ਚੰਗਾ ਪਰ ਸੁਸਤ ਆ .....।'' ਪਰਸ਼ੋਤਮ ਦਾ ਜੱਦੀ ਪਿੰਡ ਜਲੰਧਰ ਜ਼ਿਲ੍ਹੇ ਵਿਚ ਧਾਲੀਵਾਲ ਕਾਦੀਆਂ ਆ। ਪਿਤਾ ਸ੍ਰੀ ਪ੍ਰੀਤਮ ਦਾਸ ਅਤੇ ਮਾਤਾ ਧੰਨ ਕੌਰ ਦੇ ਘਰ 1973 ਨੂੰ ਜਨਮਿਆਂ। ਡੀ. ਏ. ਵੀ ਕਾਲਜ ਜਲੰਧਰ ਤੋਂ ਬੀ. ਏ. ਦੀ ਪੜ੍ਹਾਈ ਕੀਤੀ। ਕੰਪਿਊਟਰ ਨਾਲ ਜੁੜਿਆ ਡਿਪਲੋਮਾ ਪੀ ਜੀ ਡੀ ਸੀ ਏ ਵੀ ਕੀਤਾ। ਫਿਰ ਡਿਪਲੋਮਾ ਇੰਨ ਕੰਪਿਊਟਰ ਇੰਨ ਆਫ਼ਿਸ ਮੈਨੇਜਮੈਂਟ (ਡੀ. ਸੀ. ਓ.) ਕੀਤਾ ਅਤੇ ਐਮ. ਸੀ. ਏ. ਦੀ ਪੜ੍ਹਾਈ ਵਿਚੋਂ ਹੀ ਛੱਡਣੀ ਪਈ। ਕਮਜ਼ੋਰ ਆਰਥਿਕ ਹਾਲਤ ਕਾਰਣ ਜੀਵਨ 'ਚ ਕਈ ਮੁਸੀਬਤਾਂ ਦਾ ਸਾਹਮਣਾ ਕਰਦਾ ਹੋਇਆ ਉਹ ਅੱਗੇ ਹੀ ਵਧਦਾ ਰਿਹਾ। ਚੌਦਾਂ ਪੰਦਰਾਂ ਪੁਸਤਕਾਂ ਦਾ ਰਚੇਤਾ ਪਰਸ਼ੋਤਮ ਇਨਸਾਨੀਅਤ ਨੂੰ ਆਪਣੀਆਂ ਰਚਨਾਵਾਂ ਦਾ ਕੇਂਦਰ ਬਿੰਦੂ ਸਮਝਦਾ ਹੈ। ਧਾਰਮਿਕ ਤੇ ਧਾਰਮਿਕ ਪ੍ਰਵਿਰਤੀ ਅਤੇ ਅਗਾਂਹ ਵਧੂ ਸੋਚ ਦੇ ਲੋਕਾਂ ਦਾ ਆਪ ਉੱਪਰ ਬੜਾ ਪ੍ਰਭਾਵ ਹੈ। ਡਾ. ਬੀ. ਆਰ. ਅੰਬੇਡਕਰ ਨੂੰ ਆਪਣਾ ਆਦਰਸ਼ ਮੰਨਣ ਵਾਲਾ ਪਰਸ਼ੋਤਮ ਝੱਟ ਹੀ ਮੂੰਹੋਂ ਆਪਣੇ ਨਾਲ ਹੋਈਆਂ ਧੱਕੇਸ਼ਾਹੀਆਂ ਦੀਆਂ ਗੱਲਾਂ ਉਗਲ ਦਿੰਦਾ ਹੈ। ਜਲੰਧਰ ਵਿਚ ਕਿਤੇ ਵੀ ਕਵੀ ਦਰਬਾਰ ਹੁੰਦਾ ਹੋਵੇ ਸਰੋਏ ਝੱਟ ਪਹੁੰਚ ਜਾਂਦਾ ਹੈ। ਭਾਵੇਂ ਉਹ ਉੱਥੇ ਕਵਿਤਾ ਬੋਲ ਕੇ ਆਇਆ ਹੋਵੇ ਕਈ ਵਾਰ ਕਵੀ ਦਰਬਾਰ ਦੀਆਂ ਗੱਲਾਂ ਸੁਣਾਉਂਦਾ ਕਹਿਣ ਲੱਗਦਾ ਹੈ, ''ਹੀ.. ਹੀ.. ਹੀ.. ਮੰਡ ਸੈਹਬ! ਮੈਂ ਪਰਸੋਂ ਫਲਾਣੇ ਕਵੀ ਦਰਬਾਰ 'ਤੇ ਗਿਆ..... ਹੀ.. ਹੀ.. ਬਾਹਲੀ ਠੰਢ ਸੀ ..... ਪਤਾ ਕੀ ਹੋਇਆ? ਪਹੁੰਚਿਆ ਮੈਂ ਸਭ ਤੋਂ ਪਹਿਲਾਂ ਸਾਂ ਪਰ ਹੀ.. ਹੀ.. ਕਰਤਾ ਧਰਤਾ ਕਹਿਣ ਲੱਗਾ, ''ਤੂੰ ਦਲਿਤ ਆਂ ਤੇਰੀ ਵਾਰੀ ਬਾਅਦ 'ਚ ਆਊ .....। ਪਰਸ਼ੋਤਮ ਇਹ ਗੱਲ ਹਾਸੇ 'ਚ ਤਾਂ ਕਹਿ ਗਿਆ ਪਰ ਮੇਰੇ ਅੰਦਰੋਂ ਜਿਵੇਂ ਕੁਝ ਟੁੱਟ ਗਿਆ ਹੋਵੇ, ਪਿਘਲ ਪਿਘਲ ਹੇਠਾਂ ਨੂੰ ਜਾ ਰਿਹਾ ਹੋਵੇ। ''ਕੀ ਸੱਚੀ..... ਏਦਾਂ ਕਿਹਾ.....? '' ਮੈਂ ਮਾਨਸਿਕ ਤੌਰ 'ਤੇ ਬੇਤਰਤੀਬਾ ਹੋ ਜਾਂਦਾ ਹਾਂ।

''ਐ ਇਡਾ ਧਾਰਮਿਕ ਬੰਦਾ..... ਸੱਚੀਂ ਗੰਭੀਰ ਸੀ ਉਹ.....।'' ਮੈਂ ਹੋਰ ਗੰਭੀਰ ਹੋ ਗਿਆ ਸਾਂ।

''ਆਹੋ ਆਹੋ ਮੰਡ ਸੈਹਬ! ਉਹਨੂੰ ਇਹ ਗੱਲਾਂ ਸੋਭਦੀਆਂ..... ਪਰਸ਼ੋਤਮ ਚਾਹ ਦਾ ਕੱਪ ਚੁੱਕਦਾ ਕਹਿ ਜਾਂਦਾ ਹੈ। ਕੁਛ ਦੇਰ ਸ਼ਾਂਤ ਮਾਹੌਲ ਤੋਂ ਬਾਅਦ ਮਟਰੀ ਚੁੱਕਦਾ ਪਰਸ਼ੋਤਮ ਫਿਰ ਕਹਿੰਦਾ ਹੈ, ''ਦੇਖੋ ਪ੍ਰਫ਼ੈਸਰ ਸੈਹਬ! ਮੈਂ ਤਾਂ ਕਿਸੇ ਨੂੰ ਕਦੇ ਕੁਸ਼ ਨਹੀਂ ਕਹਿੰਦਾ..... ਚੁੱਪਚਾਪ ਪਿੱਛੇ ਜਾ ਬਹਿੰਦਾ ਹਾਂ..... ਕਵੀ ਦਰਬਾਰਾਂ 'ਚ।'' ਜਦੋਂ ਕਦੇ ਕੰਪਿਊਟਰ ਠੀਕ ਕਰਨਾ ਹੋਵੇ ਤਾਂ ਮੈਂ ਜਾਂਦਾ ਹਾਂ ਜੇ ..... ਰਚਨਾਵਾਂ ਟੈਪ ਕਰਨੀਆਂ ਹੋਣ ਤਾਂ ਮੈਂ .....

''ਸੇਵਾਫਲ ਕੋਈ ਦਿੰਦਾ?'' ਜਦੋਂ ਮੈਂ ਪੁੱਛਦਾ ਹਾਂ ਤਾਂ ਹੱਸਦਾ ਪਰਸ਼ੋਤਮ ਕਹਿਣ ਲੱਗਦਾ ਗੱਲਾਂ 'ਚ ਹੀ ਰਜਾ ਦਿੰਦਾ..... ਇਕ ਦਿਨ ਦਿੱਤੇ ਸੀ ਵੀਹ ਰੁਪਏ..... ਲਫ਼ਾਫ਼ੇ 'ਚ ਪਾ ਕੇ.....'' ਫਿਰ ਸਰੋਏ ਠਹਾਕਾ ਮਾਰ ਕੇ ਹੱਸਦਾ ਹੈ।

''ਕਿਹੜੀ ਕਵਿਤਾ ਲਿਖੀ ਅੱਜਕੱਲ੍ਹ?'' ਜਦੋਂ ਮੈਂ ਇਹ ਕਹਿੰਦਾ ਹਾਂ ਤਾਂ ਝੱਟ ਕਮੀਜ਼ ਦੀ ਮੂਹਰਲੀ ਜੇਬ੍ਹ 'ਚੋਂ ਕਾਗ਼ਜ਼ ਕੱਢ ਕਹਿਣ ਲੱਗਾ, ''ਆਹ ਨਿਬੰਧ ਲਿਖਿਆ ਜੇ ਜਮੀਰ ਜਾਗ ਪੈਣ ਤਾਂ'' ਫਿਰ ਉਹ ਇੱਕੋ ਸਾਹੇ ਪੜ੍ਹਨ ਲੱਗਦਾ ਹੈ। ਪਰਸ਼ੋਤਮ ਦੀਆਂ ਬਹੁਤ ਸਾਰੀਆਂ ਰਚਨਾਵਾਂ ਜ਼ਿੰਦਗੀ ਦਾ ਸੱਚ ਬਿਆਨਦੀਆਂ ਹਨ। ਇਸ ਦੀਆਂ ਕਈ ਸਤਰਾਂ ਜੀਵਨ 'ਚ ਰਾਹ ਦਸੇਰਾ ਸਾਬਤ ਹੁੰਦੀਆਂ ਹਨ। ਜਿਵੇਂ

ਕੂੜਾ ਬਣੇ ਜਿਸ ਘਰ ਦੀ ਸ਼ਾਨ,
ਜ਼ਿੰਦਗੀ ਘੜੀ ਪਲ ਦੀ ਮਹਿਮਾਨ।

ਜਾਂ

ਆਓ ਅਕਲਾਂ ਵਾਲਿਓ, ਆਓ ਕਲਮਾਂ ਵਾਲਿਓ,
ਕੁਝ ਐਸਾ ਲਿਖ ਦੇਈਏ ਤੇ ਬਦਲ ਦੇਈਏ ਇਤਿਹਾਸ,
ਚਿਰਾਂ ਤੋਂ ਲਾਈ ਬੈਠਾ ਸਾਰਾ ਮੁਲਕ ਸਾਡੇ 'ਤੇ ਆਸ।

ਜਾਂ

ਜੇ ਵੱਖਰਾ ਪੰਥ ਚਲਾਉਣ ਦੀ ਗੱਲ ਚੱਲੀ,
ਤਦ ਇਨਸਾਨੀਅਤ ਦਾ ਪੰਥ ਸੁਝਾਵਾਂਗਾ ਮੈਂ
.................................
ਬੰਦੇ ਬਣ ਜਾਓ ਸਮਾਜ ਦਿਓ ਲੁੱਟ ਖੋਰੋ,
ਪਹਿਲਾਂ ਪਿਆਰ ਨਾਲ ਗੱਲ ਸਮਝਾਵਾਂਗਾ ਮੈਂ,
ਜੇ ਫਿਰ ਵੀ ਵਿੰਗੇ ਰਹੇ ਕੁੱਤੇ ਦੀ ਪੂਛ ਵਾਂਗਰ,
ਜੁੱਤੀ ਕਲਮ ਨਾਲ ਬੜੀ ਹੀ ਬਾਹਵਾਂਗਾ ਮੈਂ।

ਜਾਂ

ਕਿਉਂ ਕਰ ਰਹੇ ਓ ਢੋਂਗ ਸ਼ਰਾਧਾਂ ਦਾ ਤੁਸੀਂ,
ਜੀਵਿਤਾਂ ਦੇ ਮੂੰਹ ਵਿੱਚ ਪਾਣੀ ਤਾਂ ਪਾ ਨਾ ਸਕੇ।

ਜਾਂ

ਗੱਲ ਕਰਾਂ ਯਾਰੋ ਮੈਂ ਤਾਂ, ਬੰਦੇ ਨੂੰ ਕੀਤੇ, ਬੰਦੇ ਦੇ ਮਖੌਲ ਦਾ,
ਜਿਉਂਦਿਆਂ ਦੇ ਡੰਗ ਮਾਰੇ, ਮਰਿਆਂ ਦੇ ਪਿੱਛੋਂ ਇਹੋ,
ਅਸਥੀਆਂ ਬਹਾਨੇ ਸਿਵਿਆਂ ਦੀ ਰਾਖ ਜਾ ਫਰੋਲਦਾ।

ਜਾਂ

ਸੌ ਤੱਕ ਭਾਅ ਪੁੱਜਿਆ ਪਿਆਜ ਦਾ,
ਭੁੱਲ ਗਿਆ ਚੇਤਾ ਬੰਦੇ ਦੇ ਲਿਹਾਜ ਦਾ।
.................................
ਦਾਲਾਂ ਵੀ ਤਾਂ ਰੰਗ ਆਪਣਾ ਦਿਖਾਉਂਦੀਆਂ,
ਲੈਣ ਗਏ ਬੰਦੇ ਦੇ ਕੱਪੜੇ ਲਹਾਉਂਦੀਆਂ।

ਵਿਦਵਾਨ ਮਿੱਤਰ ਡਾ. ਰਾਮ ਮੂਰਤੀ ਪਰਸ਼ੋਤਮ ਨੂੰ ਸਿਹਤਮੰਦ ਸਮਾਜ ਦੀ ਸਿਰਜਣਾ ਦਾ ਸੁਪਨਸਾਜ ਆਖਦਾ ਹੈ। ਢੇਰਾਂ ਦੇ ਢੇਰ ਵਿਸ਼ਿਆਂ 'ਤੇ ਲਿਖਣ ਵਾਲਾ ਪਰਸ਼ੋਤਮ ਕਾਫ਼ੀ ਪ੍ਰਤਿਭਾਸ਼ਾਲੀ ਹੈ। ਚਲੰਤ ਮਾਮਲਿਆਂ 'ਤੇ ਤੁਰੰਤ ਰਚਨਾ ਕਰਕੇ ਤੁਹਾਡੇ ਮੂਹਰੇ ਆ ਖੜ੍ਹਦਾ ਹੈ। ਗੁਰਬਤ ਮਾਰੇ ਲੋਕਾਂ ਦੀ ਗੁਰਬਤ ਦਾ ਪਰਸ਼ੋਤਮ ਨੂੰ ਨਿੱਜੀ ਅਨੁਭਵ ਹੈ। ਉਹਨਾਂ ਦੀਆਂ ਦੁੱਖ-ਤਕਲੀਫ਼ਾਂ 'ਤੇ ਖੁੱਲ੍ਹ ਕੇ ਲਿਖਣਾ, ਡੇਰਿਆਂ 'ਤੇ ਜਾ ਕੇ ਬਾਬਿਆਂ ਨੂੰ ਪੂਜਣਾ ਪਰਸ਼ੋਤਮ ਨੂੰ ਤੰਗ ਪ੍ਰੇਸ਼ਾਨ ਕਰਦਾ ਹੈ। ਅਕਸਰ ਕਹਿੰਦਾ ਹੈ, ''ਇਹਨਾਂ ਗੁਰਬਤ ਦੇ ਮਾਰਿਆਂ ਨੇ ਇੰਝ ਹੀ ਰੁਲਦੇ ਰਹਿਣੈ ਜਦੋਂ ਤੱਕ ਹੱਥੀਂ ਕੰਮ ਨਹੀਂ ਕਰਦੇ.....।''

ਪਰਸ਼ੋਤਮ ਜਦੋਂ ਦੋਗਾਣਾ ਲਿਖ ਲੈਂਦਾ ਹੈ ਤਾਂ ਸਾਰੀ ਰਾਤ ਮੂੰਹ 'ਚ ਉਹਦੀਆਂ ਤਰਜਾਂ ਹੀ ਬਣਾਉਂਦਾ ਰਹਿੰਦਾ ਹੈ ਫਿਰ ਸਵਖ਼ਤੇ ਹੀ ਜਦੋਂ ਮੇਰੇ ਵਰਗਾ ਸੱਦ ਲੈਂਦਾ ਹੈ ਤਾਂ ਤੁਰੰਤ ਚਮਕੀਲੇ ਦੇ ਜਾਂ ਮੁਹੰਮਦ ਸਦੀਕ ਦੀ ਕਿਸੇ ਤਰਜ 'ਤੇ ਗਾਉਂਣ ਲੱਗਦਾ ਹੈ। ਉਹਦੇ ਗਲ ਦੀ ਘੰਡੀ ਕਦੇ ਉਪਰ ਹੁੰਦੀ ਹੈ ਤੇ ਕਦੇ ਥੱਲੇ ਨੂੰ। ਕਦੇ ਉਹ ਕੁੜੀਆਂ ਦੀ ਆਵਾਜ਼ 'ਚ ਹਨੀਪ੍ਰੀਤ ਦੀ ਭਾਵਨਾ ਪੇਸ਼ ਕਰਦਾ ਹੈ ਤੇ ਕਦੇ ਰਾਮ ਰਹੀਮ ਦੀ। ਬੇਸ਼ੱਕ ਮੈਂ ਅੱਗਿਓਂ ਹੱਸੀ ਜਾਨੈਂ ਪਰ ਸਰੋਏ ਨੂੰ ਇਸ ਦਾ ਕੋਈ ਫ਼ਰਕ ਨਹੀਂ ਪੈਂਦਾ ਉਹ ਤਾਂ ਆਪਣਾ ਗੀਤ ਪੂਰਾ ਕਰਕੇ ਹੀ ਸਾਹ ਲਵੇਗਾ। ਪਰਸ਼ੋਤਮ ਨੇ ਲਗਭਗ ਹਰ ਵਿਸ਼ੇ ਉੱਪਰ ਗੰਭੀਰਤਾ ਨਾਲ ਲਿਖਿਆ ਹੈ। ਭਰੂਣ ਹੱਤਿਆ, ਰਿਸ਼ਬਤਖੋਰੀ, ਆਰਥਿਕ ਲੁੱਟ-ਖਸੁੱਟ, ਡੇਰਾਵਾਦ ਅਤੇ ਕਿਸਾਨੀ ਜੀਵਨ ਦੀ ਤਰਾਸਦੀ ਆਦਿ ਵਿਸ਼ਿਆਂ ਉੱਪਰ ਉਸਨੇ ਬੜੀ ਸਿੱਦਤ ਨਾਲ ਲਿਖਿਆ ਹੈ। ਇਹਦੀਆਂ ਰਖੀਆਂ ਪੁਸਤਕਾਂ ਦਾ ਭਾਰ ਇਹਦੇ ਆਪਣੇ ਭਾਰ ਤੋਂ ਜ਼ਿਆਦਾ ਹੈ। ਮਾਤਾ - ਪਿਤਾ ਦੀ ਮੌਤ ਨੇ ਪਰਸ਼ੋਤਮ ਨੂੰ ਇਕੱਲਾ ਕਰ ਦਿੱਤਾ। ਭਾਵੇਂ ਹੋਰ ਵੀ ਇਹਦੇ ਭਰਾ ਹਨ ਪਰ ਆਪੋ ਆਪਣੇ ਘਰੀਂ ਵਿਆਹੇ ਵਰ੍ਹੇ। ਇੱਕ ਭਰਾ ਨਾਲ ਰਹਿੰਦਾ ਪਰਸ਼ੋਤਮ ਮੈਨੂੰ ਕਈ ਵਾਰ ਕਹਿ ਚੁੱਕਾ ਹੈ ਕਿ ਮੇਰੇ ਕੋਲ ਖੇਤ ਵੀ ਆ, ਮਿਹਨਤ ਨਾਲ ਪੈਸਾ ਧੇਲਾ ਵੀ ਕਮਾ ਲੈਂਦਾ..... ਹੁਣ ਇਕੱਲਤਾ ਤੋਂ ਉਕਤਾ ਗਿਐਂ..... ਦੇਖਿਓ ਕਿਤੇ ਰਿਸ਼ਤਾ ਲੋੜਵੰਦ ਹੋਵੇ ..... ਮੈਨੂੰ ਪਰਸ਼ੋਤਮ ਦੀ ਗੰਭੀਰਤਾ ਦੇਖ ਕੇ ਖ਼ੁੱਦ ਗੰਭੀਰ ਹੋਣਾ ਪੈਂਦਾ।

''ਦੇਖੂ ਕਿਤੇ ਮੈਂ ਫ਼ਿਕਰ ਨਾ ਕਰ'' ਮੈਂ ਇਹ ਵਾਕ ਕਈ ਘਰ ਕਹਿ ਚੁੱਕਾ ਹਾਂ। ਮੈਨੂੰ ਇਹ ਵੀ ਪਤਾ ਪਰਸ਼ੋਤਮ ਨੇ ਪਤਾ ਨਹੀਂ ਮੇਰੇ ਲਾਰਿਆਂ 'ਤੇ ਕਦੋਂ ਕਾਵਿ ਰਚਨਾ ਕਰਕੇ ਕਿਸੇ ਪਰਚੇ 'ਚ ਛਪਾ ਦੇਣੀ।

ਮੇਰੀ ਪਰਸ਼ੋਤਮ ਨਾਲ ਕਈ ਸਾਲਾਂ ਤੋਂ ਸਾਂਝ ਹੈ। ਉਹ ਮੈਨੂੰ ਮੇਰਾ 'ਕਸ਼ਟ ਨਿਵਾਰਕ' ਲੱਗਦਾ। ਦਰਅਸਲ ਜਦੋਂ ਮੈਂ ਕੋਈ ਰਚਨਾ ਸਿਰਜਦਾ ਹਾਂ ਤਾਂ ਉਸ ਰਚਨਾ ਨੂੰ ਮੈਂ ਤੁਰੰਤ ਟਾਇਪ ਹੋਈ ਵੇਖਣੀ ਚਾਹੁੰਦਾ ਹਾਂ। ਤੁਰੰਤ ਪਰਸ਼ੋਤਮ ਨੂੰ ਈ-ਮੇਲ 'ਤੇ ਭੇਜ ਦਿੰਦਾ ਹਾਂ। ਘੰਟੇ ਅੱਧੇ ਘੰਟੇ ਤੱਕ ਉਹ ਰਚਨਾ ਟਾਇਪ ਹੋ ਮੇਰੇ ਕੋਲ ਪਹੁੰਚ ਜਾਂਦੀ ਹੈ। ਪਰੂਫ਼ ਆਦਿ ਪੜ੍ਹਨ ਤੋਂ ਬਾਅਦ ਇਕ ਦਮ ਸੁੰਦਰ ਢੰਗ ਨਾਲ ਕੀਤੀ ਟਾਇਪ ਰਚਨਾ ਪੜ੍ਹਦਿਆਂ ਮੈਨੂੰ ਬੜਾ ਸੁਆਦ ਆਉਂਦਾ ਹੈ।

ਬਚਪਨ ਦਾ ਮੈਨੂੰ ਉਹ ਸੁਆਦ ਕਦੇ ਨਹੀਂ ਭੁੱਲਦਾ ਜਦੋਂ ਕੁੱਕੜ ਪਿੰਡ ਮੇਰੀ ਮਾਸੀ ਦਾ ਵਿਆਹ ਸੀ। ਨਾਨਾ-ਨਾਨੀ, ਮਾਮਾ-ਮਾਮੀ ਇੰਗਲੈਂਡ ਵਿੱਚ, ਵਿਆਹ ਤਾਂ ਤਕੜਾ ਹੋਣਾ ਸੀ। ਹਵੇਲੀ 'ਚ ਤੂੜੀ ਵਾਲੇ ਕਮਰੇ 'ਚ ਕੋਕ ਦੀਆਂ ਬੋਤਲਾਂ ਦੇ ਕਈ ਡਾਲੇ ਲਿਆ ਰੱਖੇ ਸਨ। ਮੈਂ ਤੇ ਮਾਮੇ ਦੇ ਨੌਕਰ ਲੱਗੇ ਤਾਰੂ ਨੇ ਕਈ ਬੋਤਲਾਂ ਕੱਢ ਕੇ ਤੂੜੀ ਵਿਚ ਲੁਕੋ ਦਿੱਤੀਆਂ। ਵਿਆਹ ਤੋਂ ਬਾਅਦ ਤੂੜੀ ਵਿੱਚੋਂ ਕੱਢ-ਕੱਢ ਉਹ ਬੋਤਲਾਂ ਅਸੀਂ ਕਈ ਦਿਨ ਪੀਂਦੇ ਰਹੇ। ਭਾਵੇਂ ਤੱਤੀਆਂ ਹੀ ਹੁੰਦੀਆਂ ਸਨ ਪਰ ਜੋ ਸੁਆਦ ਆਉਂਦਾ ਸੀ ਉਹ ਕਦੇ ਨਾ ਭੁੱਲਦਾ। ਆਪਣੀ ਸਿਰਜਨਾ ਤੇ ਉੱਤੋਂ ਪਰਸ਼ੋਤਮ ਵੱਲੋਂ ਸੁਲਝੇ ਢੰਗ ਨਾਲ ਕੀਤੀ ਟਾਇਪ ਸੱਚਮੁਚ ਪੜ੍ਹਨ 'ਤੇ ਉਹੋ ਜਿਹਾ ਸੁਆਦ ਦਿੰਦੀ ਰਹੀ ਹੈ। ਦੇਰ ਤੋਂ ਗੱਲਾਂ ਕਰਦਿਆਂ ਅਚਾਨਕ ਪਰਸ਼ੋਤਮ ਚੌਂਕ ਪੈਂਦਾ ਹੈ, ''ਚੰਗਾ ਮੈਂ ਚੱਲਦਾ ਜਨਤਾ ਸੰਸਾਰ ਵਾਲਾ ਵਿਗ ਮੈਨੂੰ ਯਾਦ ਕਰਦਾ..... ।'' ਫਿਰ ਉਹ ਬਾਹਰੋਂ ਆਪਣੇ ਸਾਇਕਲ ਨਾਲ ਟੰਗੇ ਆਪਣੇ ਪੁਸਤਕਾਂ ਦਾ ਰੰਗ-ਬਿਰੰਗਾ ਕੈਲੰਡਰ ਮੈਨੂੰ ਦੇ ਕੇ ਔਹ ਜਾਂਦਾ ਹੈ।



## ਪੰਜਾਬੀ ਡਿਊਟ ਗੀਤ
## ਸੁਣਿਆਂ ਮੈਂ ਕੁੜੀਏ ਤੂੰ ਵਰ ਭਾਲਦੀ

ਮੁੰਡਾ:- ਸੁਣਿਆ ਮੈਂ ਕੁੜੀਏ ਤੂੰ ਵਰ ਭਾਲਦੀ,
ਏਥੇ ਸਾਨੂੰ ਵੀ ਤਾਂ ਰਿਸ਼ਤੇ ਦੀ ਲੋੜ,
ਘਰ ਵਿੱਚ ਘਾਟ (ਤੋਟ) ਨਹੀਂਓ ਕਿਸੇ ਗੱਲ ਦੀ,
ਬਸ ਇੱਕ ਤੇਰੀ ਚੰਨੀਏ ਨੀ ਥੋੜ..
ਸੁਣਿਆਂ ਮੈਂ ਕੁੜੀਏ ਤੂੰ ਵਰ ਭਾਲਦੀ......।

ਕੁੜੀ:- ਦੱਸ ਦੇ ਤੂੰ ਆਪਣੀ ਕਮਾਈ ਮੁੰਡਿਆ,
ਕੁਝ ਵੀ ਨਾ ਮੈਥੋਂ ਤੂੰ ਲੁਕਾਈਂ ਮੁੰਡਿਆ..
ਬੈਂਕ ਵਾਲਾ ਖ਼ਾਤਾ ਤੇਰਾ ਭਰਿਆ ਜੇ ਹੋਊ,
ਤਦ ਬਣੂ ਚੰਨਾਂ ਆਪਣਾ ਵੇ ਜੋੜ..
ਛਿੱਲੜਾਂ ਦੇ ਵਾਲਾ ਮੈਂ ਤਾਂ ਵਰ ਭਾਲਦੀ,
ਹੋਵੇ ਗੁੰਡਾ ਜਾਂ ਮਵਾਲੀ ਭਾਵੇਂ ਚੋਰ..

ਮੁੰਡਾ:- ਸੁਣਿਆ ਮੈਂ ਕੁੜੀਏ ਤੂੰ ਵਰ ਭਾਲਦੀ,
ਚੰਨੋਂ ਸਾਨੂੰ ਵੀ ਤਾਂ ਰਿਸ਼ਤੇ ਦੀ ਲੋੜ।
ਮਿਹਨਤ ਮੈਂ ਕਰਾਂ ਹੱਡ ਭੰਨ ਚੰਨੀਏ,
ਝੂਠ ਨਾ ਕੋਈ ਆਖਾਂ ਸੱਚ ਮੰਨ ਚੰਨੀਏ,
ਦਸਾਂ ਨਹੁੰਆਂ ਵਾਲੀ ਮੈਂ ਤਾਂ ਕਰਦਾ ਕਿਰਤ,
ਰਿਹਾ ਵਿਹਲਾ ਨਾ, ਮੈਂ ਲਾਈ ਰੱਖਾਂ ਦੌੜ..
ਸੁਣਿਆਂ ਮੈਂ ਕੁੜੀਏ ਤੂੰ ਵਰ ਭਾਲਦੀ......।

ਕੁੜੀ:- ਮੁੰਡਿਆ ਵਿਦੇਸ਼ੀ ਮੈਂ ਤਾਂ ਲੱਭਦੀ ਹਾਂ ਲਾੜਾ,
ਜਹਾਜ਼ ਵਾਲੇ ਝੂਟਿਆਂ ਦਾ ਵੱਖਰਾ ਨਜ਼ਾਰਾ,
ਏਜ ਦਾ ਫ਼ਰਕ ਵੀ ਨਾ ਦੇਖਣਾ ਮੈਂ ਕੋਈ,
ਭਾਵੇਂ ਜਵਾਨ ਭਾਵੇਂ ਹੋਵੇ ਬੁੱਢਾ ਠੇਰ।
ਛਿੱਲੜਾਂ ਦੇ ਵਾਲਾ ਮੈਂ ਤਾਂ ਵਰ ਭਾਲਦੀ,
ਹੋਵੇ ਗੁੰਡਾ ਜਾਂ ਮਵਾਲੀ ਭਾਵੇਂ ਚੋਰ..

ਮੁੰਡਾ:- ਪਰਸ਼ੋਤਮ ਹੈ ਲੱਭਦਾ, ਸੁਚੱਜੀ ਕੋਈ ਨਾਰ ਨੀ,
ਚਾਹੀਦੀ ਨਾ ਉਹਨੂੰ, ਕੋਈ ਮਨ ਤੋਂ ਬੀਮਾਰ ਨੀ,
ਕਰੇ ਜੋ ਇੱਜ਼ਤ ਜੋ ਪਛਾਣੇ ਸੱਚ ਤਾਈਂ,
ਨਹੀਂਓ ਚਾਹੀਦੀ ਜੋ ਕਰੇ ਝੁੱਗਾ ਚੌੜ..
ਸੁਣਿਆਂ ਮੈਂ ਕੁੜੀਏ ਤੂੰ ਵਰ ਭਾਲਦੀ......।

ਕੁੜੀ:- 80 ਸਾਲਾ ਮੁੰਡਾ ਇੰਗਲੈਂਡ ਵਿੱਚੋਂ ਆਇਆ,
ਲੈ ਜੂੰ ਇੰਗਲੈਂਡ, ਇਹ ਸੁਨੇਹਾ ਵੀ ਘਲਾਇਆ,
ਲੈ ਕੇ ਲਾਵਾਂ ਉਸ ਇੰਗਲੈਂਡ ਵਾਲੇ ਮੁੰਡੇ ਨਾਲ,
ਜਾਣਾ ਇੰਗਲੈਂਡ ਵੱਲ ਦੌੜ।
ਛਿੱਲੜਾਂ ਦੇ ਵਾਲਾ ਮੈਂ ਤਾਂ ਵਰ ਭਾਲਦੀ,
ਹੋਵੇ ਗੁੰਡਾ ਜਾਂ ਮਵਾਲੀ ਭਾਵੇਂ ਚੋਰ..

ਮੁੰਡਾ:-ਵਿਦੇਸ਼ ਲਾੜੇ ਅੱਧ ਵਿਚਕਾਰ ਛੱਡ ਜਾਂਦੇ ਨੇ,
ਦੇ ਕੇ ਉਹ ਤਲਾਕ, ਦੂਜਾ ਵਿਆਹ ਕਰਵਾਉਂਦੇ ਨੇ,
ਨਿੱਤ ਅਖ਼ਬਾਰਾਂ ਵਿੱਚ ਸੁਰਖੀ (ਖ਼ਬਰ) ਇਹ ਲੱਗੀ,
ਕਰ ਏਸ ਗੱਲ ਉੱਤੇ ਜਰਾ ਗੌਰ..
ਸੁਣਿਆਂ ਮੈਂ ਕੁੜੀਏ ਤੂੰ ਵਰ ਭਾਲਦੀ......।

ਕੁੜੀ:- ਤੇਰੇ ਨਾਲ ਸਰੋਏ ਮੇਰੀ ਗਲਣੀ ਨਹੀਂ ਦਾਲ ਵੇ,
ਧਾਲੀਵਾਲ ਡਾਲਰਾਂ 'ਤੇ ਸੁੱਟਦੀ ਮੈਂ ਲਾਲ ਵੇ,
ਖਾਣ ਦੀ ਰੀਝ ਵੇ ਕਨੇਡਾ ਵਾਲਾ ਖਾਣਾ,
ਚਾਹੇ ਲੱਗ ਜਾਣ ਮੱਖਣਾ ਮਰੋੜ..
ਛਿੱਲੜਾਂ ਦੇ ਵਾਲਾ ਮੈਂ ਤਾਂ ਵਰ ਭਾਲਦੀ,
ਹੋਵੇ ਗੁੰਡਾ ਜਾਂ ਮਵਾਲੀ ਭਾਵੇਂ ਚੋਰ..

**- ਪਰਸ਼ੋਤਮ ਲਾਲ ਸਰੋਏ**

## ਬਾਬਾ ਜੀ ਸੱਸ ਕੁਪੱਤੀ - *ਡਿਊਟ ਗੀਤ*

ਔਰਤ :-ਜਾਦੂਗਰਨੀ ਖਸਮਾਂਖਾਣੀ, ਬੋਲੇ ਬਿਨਾਂ ਨਾ ਗਾਲ਼,
ਬਾਬਾ ਜੀ ਸੱਸ ਕੁਪੱਤੀ, ਜੋ ਨਿੱਤ ਲੜਦੀ ਮੇਰੇ ਨਾਲ..
ਬਾਬਾ :-ਢਾਅ ਨਾ ਹੌਸਲਾ ਰੱਖ ਦਲੇਰੀ (2) ਉਸਦੀ ਕੀ ਮਜਾਲ,
ਨੱਕ ਨਾਲ ਲਕੀਰਾਂ ਕੱਢੂ ਉਹ, ਤੂੰ ਰਲ ਜਾ ਮੇਰੇ ਨਾਲ।
ਉਹ ਨੱਕ ਨਾਲ ਲਕੀਰਾਂ ਕੱਢੂ, ਤੂੰ ਰਲ ਜਾ ਮੇਰੇ ਨਾਲ।
ਔਰਤ:- ਮੂੰਹ ਵਿੱਚ ਰਹਿੰਦੀ ਬੁੜ-ਬੁੜ ਕਰਦੀ, ਅਵਾ-ਤਵਾ ਉਹ ਕਹਿੰਦੀ,
ਹਰ ਵੇਲੇ ਉਹ ਲੜਨ ਨੂੰ ਪੈਂਦੀ, ਖਾਜ ਜ਼ੀਭ 'ਤੇ ਰਹਿੰਦੀ,
ਨਾ ਪਾਈਆ ਨਾ ਕਿੱਲੋ ਵਿੱਚ, ਕੁਇੰਟਲ ਵਿੱਚ ਦੇਵੇ ਗਾਲ।
ਬਾਬਾ ਜੀ ਸੱਸ ਕੁਪੱਤੀ, ਜੋ ਨਿੱਤ ਲੜਦੀ ਮੇਰੇ ਨਾਲ..
ਬਾਬਾ:- ਕਰ ਦਊਂ ਇਹਦਾ ਉਆਏ, ਬੀਬੀ ਪੰਜ ਚੌਂਕੀਆਂ ਭਰ ਨੀ,
ਪਰਸ਼ੋਤਮ ਬੜਾ ਈ ਕਰਨੀ ਵਾਲਾ, ਚਰਨ ਇਹਦੇ ਆ ਫੜ੍ਹ ਨੀ,
ਖੀਰ ਦੇ ਵਾਂਗਰ ਮਿੱਠੀ ਹੋ, ਉਹ ਰਹੂਗੀ ਤੇਰੇ ਨਾਲ।
ਨੱਕ ਨਾਲ ਲਕੀਰਾਂ ਕੱਢੂ ਉਹ, ਤੂੰ ਰਲ ਜਾ ਮੇਰੇ ਨਾਲ..
ਔਰਤ:- ਸਰੋਏ ਮੈਂ ਤੇਰੀ ਚੇਲੀ ਬਣਕੇ, ਵਿੱਚ ਡੇਰੇ ਦੇ ਰਹਿਣਾ,
ਹੁਣ ਬੁੜੀ ਦਾ ਬਾਬਾ ਜੀ, ਮੈਂ ਰੋਹਬ ਰਤਾ ਨੀ ਸਹਿਣਾ,
ਜਿੱਥੇ ਜਾਣ ਨੂੰ ਕਹੋਗੇ ਬਾਬਾ, ਰਹੂੰਗੀ ਤੇਰੇ ਨਾਲ।
ਬਾਬਾ ਜੀ ਸੱਸ ਕੁਪੱਤੀ, ਜੋ ਨਿੱਤ ਲੜਦੀ ਮੇਰੇ ਨਾਲ..
ਬਾਬਾ:- ਤੈਨੂੰ ਆਪਣੇ ਡੇਰੇ ਦੀ, ਮੈਂ ਰੱਖੂ ਬਣਾ ਕੇ ਰਾਣੀ,
ਸੱਸ ਤੇਰੀ 'ਤੇ ਛੱਡੂਗਾ, ਕੋਈ ਮੋਹਣੀ ਅਤੇ ਮਸਾਣੀ,
ਫ਼ਿਕਰ ਕਰੀਂ ਨਾ ਉਹਦਾ ਬੜਾ, ਮੈਂ ਕਰ ਦਊਂ ਮੰਦੜਾ ਹਾਲ।
ਨੱਕ ਨਾਲ ਲਕੀਰਾਂ ਕੱਢੂ ਉਹ, ਤੂੰ ਰਲ ਮੇਰੇ ਨਾਲ..
ਔਰਤ:- ਘਰਵਾਲਾ ਮੇਰਾ ਚਾਰ ਸਾਲਾਂ ਦੇ, ਬਾਅਦ ਸੀ ਬਾਹਰੋਂ ਆਇਆ,
ਝੂਠੀਆਂ ਲੂਤੀਆਂ ਕੇ, ਉਸਨੂੰ ਮੇਰੇ ਨਾਲ ਲੜਾਇਆ,
ਉਸਨੂੰ ਆਪਣੇ ਵੱਸ 'ਚ ਕੀਤਾ, ਬੁਣ ਕੋਈ ਉਲਟਾ ਜਾਲ।
ਬਾਬਾ ਜੀ ਸੱਸ ਕੁਪੱਤੀ, ਜੋ ਨਿੱਤ ਲੜਦੀ ਮੇਰੇ ਨਾਲ..
ਬਾਬਾ:- ਧਾਲੀਵਾਲ 'ਤੇ ਰੱਖ ਭਰੋਸਾ, ਕਸ਼ਟ ਤੇਰੇ ਉਹ ਕੱਟੂ,
ਐਸਾ ਮੰਤਰ ਮਾਰੂ ਬੁੜੀ 'ਤੇ, ਪੈਰ ਤੇਰੇ ਉਹ ਚੱਟੂ,
ਜੇ ਤੂੰ ਚੇਲੀ ਬਣ ਜਾਏਂ, ਤੈਨੂੰ ਕਰ ਦੇਊਂ ਨਦਰ ਨਿਹਾਲ।
ਨੱਕ ਨਾਲ ਲਕੀਰਾਂ ਕੱਢੂ ਉਹ, ਤੂੰ ਰਲ ਮੇਰੇ ਨਾਲ।
ਔਰਤ:- ਬਾਬਾ ਜੀ ਸੱਸ ਕੁਪੱਤੀ, ਜੋ ਨਿੱਤ ਲੜਦੀ ਮੇਰੇ ਨਾਲ..
ਬਾਬਾ:- ਨੱਕ ਨਾਲ ਲਕੀਰਾਂ ਕੱਢੂ ਉਹ, ਤੂੰ ਰਲ ਜਾ ਮੇਰੇ ਨਾਲ..
ਔਰਤ:- ਬਾਬਾ ਜੀ ਸੱਸ ਕੁਪੱਤੀ, ਜੋ ਨਿੱਤ ਲੜਦੀ ਮੇਰੇ ਨਾਲ..
ਬਾਬਾ:- ਨੱਕ ਨਾਲ ਲਕੀਰਾਂ ਕੱਢੂ ਉਹ, ਤੂੰ ਰਲ ਜਾ ਮੇਰੇ ਨਾਲ..

**- ਪਰਸ਼ੋਤਮ ਲਾਲ ਸਰੋਏ**

## ਗੁਰਪੁਰਬ ਦਿਹਾੜੇ 'ਤੇ ਵਿਸ਼ੇਸ਼

# ਪ੍ਰਕਾਸ਼ ਸ੍ਰੀ ਗੁਰੂ ਅਮਰਦਾਸ ਜੀ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਗੁਰੂ ਨਾਨਕ ਦੇਵ ਜੀ ਦਾ ਸੰਕਲਪ, ਮਨੋਰਥ ਸਮਾਜ ਵਿਚ ਬਰਾਬਰਤਾ ਲਿਆਉਣ ਲਈ 'ਸਿੱਖ ਪੰਥ' ਕਾਇਮ ਕਰਨਾ ਸੀ। ਪ੍ਰਚੱਲਿਤ ਝੂਠੇ ਕਰਮਕਾਂਡ, ਰੀਤੀ-ਰਿਵਾਜ਼, ਰਸਮਾਂ ਦਾ ਖੰਡਨ ਕਰਕੇ ਉਹਨਾਂ ਨੂੰ ਖਤਮ ਕੀਤਾ। ਆਤਮਕ ਸਿੱਖਿਆ ਨਾਲ ਸਮਾਜ ਸੁਧਾਰ ਦੇ ਕਾਜ ਆਰੰਭੇ। ਅਧਿਆਤਮਕਤਾ ਦਾ ਰਾਹ ਦਰਸਾਇਆ। ਗੁਰੂ ਅੰਗਦ ਦੇਵ ਸਾਹਿਬ ਜੀ ਨੇ ਇਸ ਨਵੇਂ ਉਭਰੇ ਪੰਥ ਨੂੰ ਬੜੀ ਦ੍ਰਿੜਤਾ ਨਾਲ ਚਲਾਈ ਰੱਖਣ ਦਾ ਬੀੜਾ ਚੁੱਕੀ ਰੱਖਿਆ। ਦਸਾਂ ਗੁਰੂਆਂ ਦੀ ਨਿਰੰਤਰ ਇਕੋ ਜੋਤ ਨੇ ਇਸ ਲਹਿਰ ਦਾ ਪ੍ਰਸਾਰ ਕੀਤਾ ਅਤੇ ਇਸਨੂੰ ਥਿੜਕਣ ਨਹੀਂ ਦਿੱਤਾ। ਗੁਰੂ ਕਾਲ ਨੇ ਮੁਕਤੀ ਦਾ ਨਵਾਂ ਅਰਥ ਦਿੱਤਾ। ਮੁਕਤੀ ਨੂੰ ਮਨੁੱਖਤਾ ਦੀ ਸੇਵਾ ਨਾਲ ਜੋੜ ਦਿੱਤਾ। ਸਿੱਖ ਗੁਰੂਆਂ ਨੇ ਬੇਗਰਜ਼ ਸੇਵਾ ਤੇ ਜ਼ੋਰ ਦਿੱਤਾ। ਇਯੇ ਆਸ਼ੇ ਨੂੰ ਅੱਗੇ ਵਧਾਉਣ ਲਈ ਤੀਸਰੇ ਗੁਰੂ ਅਮਰਦਾਸ ਸਾਹਿਬ ਜੀ ਦਾ ਆਗਮਨ ਪਿੰਡ ਬਾਸਰਕੇ ਗਿਲਾਂ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਵਿਸਾਖ ਸੁਦੀ 14 ਜਾਂ 8 ਜੇਠ ਸੰਮਤ 1536 ਮੁਤਾਬਕ 5 ਮਈ 1479 ਨੂੰ ਪਿਤਾ ਤੇਜ ਭਾਨ ਭੱਲਾ ਮਾਤਾ ਸੁਲੱਖਣੀ ਦੇ ਗ੍ਰਹਿ ਵਿਖੇ ਹੋਇਆ। ਉਹਨਾਂ ਦੇ ਮਾਤਾ-ਪਿਤਾ ਬੜੇ ਧਾਰਮਿਕ ਵਿਚਾਰਾਂ ਵਾਲੇ ਸਨ। ਗੁਰੂ ਜੀ ਦਾ ਵਿਆਹ ਰਾਮ ਕੌਰ ਜੀ ਨਾਲ ਹੋਇਆ। ਦੋ ਸਾਹਿਬਜਾਦੇ ਬਾਬਾ ਮੋਹਨ ਸਿੰਘ ਤੇ ਬਾਬਾ ਮੋਹਰੀ ਜੀ, ਦੋ ਸਪੁੱਤਰੀਆਂ ਬੀਬੀ ਦਾਨੀ ਅਤੇ ਬੀਬੀ ਭਾਨੀ ਜੀ ਸਨ।

ਗੁਰੂ ਜੀ ਬਚਪਨ ਤੋਂ ਹੀ ਧਾਰਮਿਕ ਵਿਚਾਰਾਂ ਦੇ ਸਨ। ਉਹ ਤੀਰਥ ਯਾਤਰਾ ਲਈ ਹਰ ਸਾਲ ਗੰਗਾ ਹਰਿਦੁਆਰ ਜਾਇਆ ਕਰਦੇ ਸਨ। ਉਹਨਾਂ ਦੇ ਦਿਲ ਵਿਚ ਸੱਚੇ ਗੁਰੂ ਦੀ ਤਲਾਸ਼ ਸੀ। ਇਕ ਦਿਨ ਗੁਰੂ ਅਮਰਦਾਸ ਜੀ ਨੇ ਬੀਬੀ ਅਮਰੋ ਦੇ ਮੁਖ ਤੋਂ ਬਾਣੀ ਦੇ ਸ਼ਬਦ ਸਰਵਣ ਕੀਤੇ, ਜਿਸਦਾ ਉਹਨਾਂ ਦੇ ਮਨ 'ਤੇ ਡੂੰਘਾ ਪ੍ਰਭਾਵ ਪਿਆ। ਗੁਰੂ ਦਰਸ਼ਨਾਂ ਦੀ ਤਾਂਘ ਉਹਨਾਂ ਨੂੰ ਖਡੂਰ ਸਾਹਿਬ ਖਿੱਚ ਲਿਆਈ। ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਕੇ ਉਹਨਾ ਜਾਣ ਲਿਆ ਕਿ ਮੈਨੂੰ ਆਪਣਾ ਅਧਿਆਤਮਕ ਰਾਹ ਦਸੇਰਾ ਗੁਰੂ ਮਿਲ ਗਿਆ ਹੈ। ਉਹਨਾਂ ਨੇ ਗੁਰੂ ਅੰਗਦ ਦੇਵ ਜੀ ਨੂੰ ਆਪਣਾ ਗੁਰੂ ਧਾਰ ਲਿਆ, ਜਦ ਉਹਨਾਂ ਦੀ ਉਮਰ 6 ਦਹਾਕੇ ਤੋਂ ਪਾਰ ਸੀ। ਉਹ ਗੁਰੂ ਦੀ ਸੰਗਤ ਦੀ ਨਿਸ਼ਕਾਮ ਸੇਵਾ ਵਿਚ ਜੁਟ ਗਏ ਅਤੇ ਖਡੂਰ ਸਾਹਿਬ ਨੂੰ ਹੀ ਟਿਕਾਣਾ ਬਣਾ ਲਿਆ। ਉਹਨਾਂ ਨੇ ਹੁਕਮ ਮੰਨਣਾ ਤੇ ਸੇਵਾ ਕਰਨ ਵਿਚ ਕੋਈ ਕਸਰ ਨਾ ਛੱਡੀ। ਉਹਨਾਂ ਨੇ ਲੱਗਭੱਗ 12 ਸਾਲ ਗੁਰੂ ਦੀ ਸੇਵਾ ਤਨ ਮਨ ਨਾਲ ਕੀਤੀ। ਉਹ ਹਰ ਰੋਜ਼ ਪ੍ਰਭਾਤ ਵੇਲੇ ਬਿਆਸ ਨਦੀ ਤੋਂ ਗੁਰੂ ਸਾਹਿਬ ਜੀ ਦੇ ਇਸ਼ਨਾਨ ਲਈ ਜਲ ਭਰ ਲਿਆਉਂਦੇ। ਲੰਗਰਾਂ ਵਿਚ ਵੀ ਪਾਣੀ ਦੀ ਸੇਵਾ ਕਰਦੇ ਰਹਿੰਦੇ, ਲੱਕੜੀਆਂ ਲਿਆ ਕੇ ਲੰਗਰਾਂ ਵਿਚ ਪਹੁੰਚਾਉਂਦੇ। ਕਈ ਲੋਕ ਉਹਨਾਂ ਦਾ ਮਖੌਲ ਵੀ ਉਡਾਉਂਦੇ ਪਰ ਉਹ ਹਮੇਸ਼ਾ ਗੁਰੂ ਜੀ ਦੇ ਸਤਿਕਾਰ ਵਿਚ ਰਹੇ। ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਸੇਵਾ ਅਤੇ ਗੁਰਬਾਣੀ ਦਾ ਜਾਪ ਕਰਦੇ ਰਹਿੰਦੇ। ਗੁਰੂ ਪ੍ਰਤੀ ਉਹਨਾਂ ਦੀ ਸ਼ਰਧਾ ਸੇਵਾ ਭਾਵਨਾ ਤੋਂ ਪ੍ਰਭਾਵਿਤ ਹੋ ਕੇ ਗੁਰੂ ਅੰਗਦ ਦੇਵ ਜੀ ਨੇ ਕਿਹਾ ਕਿ ਤੁਸੀਂ ਧੰਨ ਹੋ, ਨਿਥਾਣਿਆਂ ਦੀ ਥਾਂ ਹੋ, ਨਿਆਸਰਿਆਂ ਦਾ ਆਸਰਾ, ਆਦਿ ਨਾਵਾਂ ਨਾਲ ਸਨਮਾਨ



ਕੀਤਾ। ਉਹਨਾਂ ਨੂੰ ਆਪਣਾ ਉਤਰਾਧਿਕਾਰੀ 29 ਮਾਰਚ 1552 ਨੂੰ ਥਾਪ ਕੇ ਗੁਰਗੱਦੀ ਸੌਂਪ ਦਿੱਤੀ। ਜਦ ਆਪ ਜੀ ਦੀ ਉਮਰ ਸੱਤ ਦਹਾਕੇ ਟੱਪ ਚੁੱਕੀ ਸੀ। ਗੁਰੂ ਅੰਗਦ ਦੇਵ ਜੀ ਦੇ ਆਦੇਸ਼ ਅਨੁਸਾਰ ਉਹਨਾਂ ਨੇ ਆਪਣਾ ਟਿਕਾਣਾ ਗੋਇੰਦਵਾਲ ਬਣਾ ਲਿਆ। ਗੁਰੂਆਂ ਦੀ ਹਦਾਇਤ ਤੇ ਚਲਦੇ ਹੋਏ ਉਹਨਾਂ ਨੇ ਸੰਗਤਾਂ ਨੂੰ ਗੁਰਬਾਣੀ ਨਾਲ ਜੁੜਨ ਦਾ ਉਪਦੇਸ਼ ਦਿੱਤਾ। ਗੁਰੂਆਂ ਵੱਲੋਂ ਇਕੱਤਰ ਕੀਤੀ ਜਾ ਰਹੀ ਗੁਰਬਾਣੀ ਦੇ ਸੰਗ੍ਰਹਿ ਵਿਚ ਹੋਰ ਵਾਧਾ ਕੀਤਾ। ਆਪਣੇ ਯੋਗਦਾਨ ਵਿਚ 907 ਸ਼ਬਦ 19 ਰਾਗਾਂ ਵਿਚ ਰਚੇ।

ਧਾਰਮਿਕ ਉਪਦੇਸ਼ ਦੇ ਨਾਲ ਨਾਲ ਸਮਾਜ ਸੁਧਾਰ ਦੇ ਕੰਮ ਵੀ ਆਰੰਭੇ। ਸਮਾਜ ਵਿਚ ਚੱਲ ਰਹੀਆਂ ਊਣਤਾਈਆਂ ਨੂੰ ਦੂਰ ਕਰਕੇ ਅਰਥ ਭਰਪੂਰ ਜੀਵਨ ਜਾਚ ਸਿਖਾਈ। ਮਨੁੱਖਤਾ ਵਿਚੋਂ ਹਰ ਪ੍ਰਕਾਰ ਦੇ ਧਰਮ ਵੰਡ, ਵਰਣ ਵੰਡ, ਜਾਤ-ਪਾਤ, ਉਚ-ਨੀਚ ਖਤਮ ਕਰਦਿਆਂ ਸੰਗਤਾਂ ਨੂੰ ਸੰਸਥਾਈ ਰੂਪ ਦਿੱਤਾ। ਉਹਨਾਂ ਉਪਦੇਸ਼ ਦਿੱਤਾ ਕਿ ਵੇਹੀ ਜਾਤ ਉਚੇ ਕੰਮਾਂ ਕਰਕੇ ਜਾਣੀ ਜਾਂਦੀ ਹੈ। ਜਾਤ-ਪਾਤ ਦੇ ਭੇਦ-ਭਾਵ ਨੂੰ ਮਿਟਾਂਉਣ ਲਈ ਗੁਰੂ ਨਾਨਕ ਦੇਵ ਜੀ ਨੇ ਲੰਗਰ ਪ੍ਰਥਾ ਸ਼ੁਰੂ ਕੀਤੀ। ਲੰਗਰ ਵਿਚ ਸਾਰੀਆਂ ਜਾਤਾਂ ਦੇ ਲੋਕ ਇਕੱਠੇ ਹੋ ਕੇ ਬੈਠਦੇ ਅਤੇ ਸਾਂਝੇ ਲੰਗਰ ਛਕਦੇ। ਗੁਰੂ ਦਰਸ਼ਨਾਂ ਲਈ ਸਾਂਝੇ ਲੰਰਾਂ ਵਿਚ ਭੋਜਨ ਛਕਣਾ ਲਾਜ਼ਮੀ ਬਣਾ ਦਿੱਤਾ। ਇੱਥੋਂ ਤੱਕ ਕਿ ਬਾਦਸ਼ਾ ਅਕਬਰ ਨੇ ਵੀ ਪੰਗਤ ਵਿਚ ਬੈਠ ਕੇ ਸਾਂਝਾ ਲੰਗਰ ਛਕਿਆ ਸੀ। ਉਹ ਲੰਗਰ ਦੇ ਸੁਚੱਜੇ ਪ੍ਰਬੰਧ ਤੋਂ ਬਹੁਤ ਪ੍ਰਸੰਨ ਹੋਇਆ। ਗੁਰੂ ਜੀ ਦੇ ਅਕਸਰ ਨਾਲ ਚੰਗੇ ਸਬੰਧ ਬਣ ਗਏ। ਗੁਰੂ ਜੀ ਨੇ ਬਾਦਸ਼ਾਹ ਕੋਲੋਂ ਗੈਰ ਮੁਸਲਮਾਨਾਂ ਨੂੰ ਤੀਰਥ ਅਸਥਾਨ ਦੇ ਮਹਿਸੂਲ ਤੋਂ ਮੁਕਤ ਕਰਵਾ ਲਿਆ।

ਜਾਤ-ਪਾਤ ਦੇ ਬੰਧਨਾਂ ਤੋਂ ਮੁਕਤ ਅੰਤਰ ਜਾਤੀ ਵਿਆਹ ਕਰਨ ਦੀ ਵਿਵਸਥਾ ਤੋਰ ਦਿੱਤੀ। ਸਤੀ ਦੀ ਰਸਮ ਤੋਂ ਵਰਜਿਆ। ਉਪਦੇਸ਼ ਦਿੱਤਾ ਕਿ ਸਤੀ ਉਹ ਨਹੀਂ ਜੋ ਪਤੀ ਦੀ ਮੌਤ ਤੋਂ ਬਾਅਦ ਪ੍ਰਾਣ ਤਿਆਗ ਦੇਵੇ। ਸਗੋਂ ਪਤੀ ਤੋਂ ਬਾਅਦ ਆਪਣਾ ਚਾਲ-ਚੱਲਣ ਉਚਾ ਰੱਖਣ ਅਤੇ ਨਾਮ ਜਪਣ, ਤਦ ਹੀ ਵੱਡੀਆਂ ਸਤੀ ਕਹਾਉਣਗੀਆਂ। ਇਸ ਤਰ੍ਹਾਂ ਇਸਤਰੀ ਨੂੰ ਸਤੀ ਦੇ ਬੰਧਨ ਤੋਂ ਮੁਕਤ ਕੀਤਾ। ਉਹਨਾਂ ਨੂੰ ਮੁੜ ਵਿਆਹ ਕਰਨ ਦਾ ਉਪਦੇਸ਼ ਦਿੱਤਾ। ਇਸਤਰੀ ਜਾਤੀ ਵਿਚ ਪਰਦੇ (ਘੁੰਡ) ਦੀ ਰਸਮ ਦੂਰ ਕੀਤੀ। ਮੂੰਹ ਢੱਕ ਕੇ ਘੁੰਡ ਵਿਚ ਰਹਿਣ ਦੇ ਰਿਵਾਜ ਨੂੰ ਖਤਮ ਕੀਤਾ। ਇਸਤਰੀਆਂ ਨੂੰ ਪ੍ਰਬੰਧ ਅਤੇ ਸੇਵਾ ਵਿਚ ਲਾਇਆ। ਜਿਵੇਂ ਲੰਗਰਾਂ ਦੀ ਸੇਵਾ ਅਤੇ ਪ੍ਰਚਾਰ ਦੀ ਸੇਵਾ ਆਦਿ। ਉਹਨਾਂ ਨੇ ਇਸਤਰੀਆਂ ਨੂੰ ਵੀ ਪ੍ਰਚਾਰਕ ਨਿਯੁਕਤ ਕੀਤਾ। ਇਸ ਤਰ੍ਹਾਂ ਪਰਦੇ ਦੀ ਰਸਮ ਵਾਲੀ ਸਮਾਜਿਕ ਬੁਰਾਈ ਨੂੰ ਖਤਮ ਕੀਤਾ।

ਮੌਤ ਤੋਂ ਬਾਅਦ ਕਈ ਫਜ਼ੂਲ ਦੀਆਂ ਰਸਮਾਂ ਦਾ ਰਿਵਾਜ ਸੀ, ਨੂੰ ਖਤਮ ਕੀਤਾ। ਮ੍ਰਿਤਕ ਸੰਸਕਾਰਾਂ ਬਾਰੇ ਗੁਰੂ ਮਰਿਆਦਾ ਚਲਾਈ। ਸਿੱਖੀ ਦੇ ਪ੍ਰਚਾਰ ਲਈ ਗੁਰੂ ਨਾਨਕ ਦੇਵ ਵੱਲੋਂ ਚਲਾਈਆਂ ਗਈਆਂ ਧਰਮਸ਼ਾਲਾਂ ਲਈ ਮੁਖੀ ਨਿਯੁਕਤ ਕੀਤੇ ਗਏ, ਜੋ ਧਰਮ ਪ੍ਰਚਾਰ ਦੇ ਜ਼ਿੰਮੇਵਾਰ ਹੁੰਦੇ ਸਨ। ਗੁਰੂ ਅੰਗਦ ਦੇਵ ਸਾਹਿਬ ਦੇ ਵੇਲੇ ਵੀ ਯੋਗ ਪ੍ਰਬੰਧਕ ਹੀ ਧਰਮ ਪ੍ਰਚਾਰ ਦਾ ਕੰਮ ਸੰਭਾਲਦੇ ਸਨ। ਗੁਰੂ ਅਮਰਦਾਸ ਸਾਹਿਬਨੇ ਵੀ ਧਰਮ ਪ੍ਰਚਾਰ ਬੜੇ ਸਾਰਥਕ ਅਤੇ ਯੋਜਨਾਬੱਧ ਧਤਰੀਕੇ ਨਾਲ ਜਾਰੀ ਰੱਖਿਆ। ਉਹਨਾਂ ਨੇ ਆਪਣੇ ਪ੍ਰਚਾਰਕ ਦੌਰੇ ਕੀਤੇ। ਦੂਰ-ਦੂਰ ਤੱਕ ਦੇ ਖੇਤਰਾਂ ਵਿਚ ਪ੍ਰਚਾਰਕ ਭੇਜੇ। ਉਹਨਾਂ ਨੇ 22 ਪ੍ਰਚਾਰਕ ਕੇਂਦਰ ਸਥਾਪਤ ਕੀਤੇ। ਹਰ ਕੇਂਦਰ 'ਤੇ ਸਥਾਨਕ ਉਚੇ ਰੁਤਬੇ ਵਾਲੇ ਅਧਿਆਤਮਕ ਪ੍ਰਚਾਰਕਾਂ ਨੂੰ ਮੁਖੀ ਥਾਪਿਆ। ਜੋ ਸੰਗਤ ਦੀਆਂ ਧਾਰਮਿਕ ਅਤੇ ਸਮਾਜਿਕ ਕਾਰਜਾਂ ਵਿਚ ਮਦਦ ਕਰਦੇ ਸਨ। ਉਹ ਗੁਰੂ ਅਤੇ ਸੰਗਤ ਵਿਚ ਪੁਲ ਦਾ ਕੰਮ ਕਰਦੇ ਸਨ। ਸੰਗਤਾਂ ਤੱਕ ਗੁਰੂ ਦਾ ਹੁਕਮ ਪਹੁੰਚਾਉਂਦੇ ਸਨ। ਆਪਣੇ ਖੇਤਰ ਦੀ ਸੰਗਤ ਦਾ ਚੜ੍ਹਾਵਾਵਾ ਭੇਟਾ ਖਜ਼ਾਨੇ ਵਿਚ ਜਮ੍ਹਾ ਕਰਵਾਉਂਦੇ ਸਨ। ਜੋ ਪੈਸਾ ਸਾਂਝੇ ਭਲਾਈ ਦੇ ਕੰਮਾਂ ਤੇ ਖਰਚ ਹੁੰਦਾ ਸੀ।

ਉਸਾਰੀ ਅਤੇ ਨਿਰਮਾਣ ਕਾਰਜਾਂ ਵਿਚ ਗੋਇੰਦਵਾਲ ਦਾ ਨਗਰ ਵਸਾਇਆ। ਇਕ ਬਾਉਲੀ ਦਾ ਨਿਰਮਾਣ ਕੀਤਾ, ਜਿਸ ਨਾਲ ਪਾਣੀ ਦੀ ਦਿੱਕਤ ਦੂਰ ਹੋਈ। ਇੱਥੇ ਹੀ ਵਿਸਾਖੀ ਦਾ ਜੋੜ ਮੇਲਾ ਸ਼ੁਰੂ ਹੋਇਆ। ਬਾਅਦ ਵਿਚ ਵਿਸਾਖੀ, ਮਾਘੀ ਅਤੇ ਦੀਵਾਲੀ ਦੇ ਜੋੜ ਮੇਲੇ ਵੀ ਪ੍ਰਚੱਲਿਤ ਕੀਤੇ।

ਗੁਰੂ ਰਾਮਦਾਸ ਜੀ ਨੂੰ ਅੰਮ੍ਰਿਤਸਰ ਵਸਾਉਣ ਦਾ ਹੁਕਮ ਦਿੱਤਾ, ਜਿਸ ਦੀ ਨੀਂਹ 1574 ਵਿਚ ਰੱਖੀ ਗਈ। ਗੁਰੂ ਅਮਰਦਾਸ ਜੀ ਨੇ ਆਪਣੇ ਸਮੇਂਵਿਚ ਕਈ ਧਰਮਸ਼ਾਲਾ ਵੀ ਬਣਵਾਈਆਂ।

ਗੁਰਗੱਦੀ ਸੌਂਪਣ ਵਿਚ ਪਰਖ ਦੀ ਪ੍ਰੰਪਰਾ ਅਨੁਸਾਰ ਗੁਰੂ ਰਾਮਦਾਸ ਜੀ ਨੂੰ ਯੋਗ ਸਮਝਦੇ ਹੋਏ 1 ਸਤੰਬਰ 1574 ਈ: ਨੂੰ ਗੁਰੂ ਰਾਮਦਾਸ ਜੀ ਨੂੰ ਗੁਰਗੱਦੀ ਸੌਂਪ ਕੇ ਆਪ ਜੋਤੀ-ਜੋਤ ਸਮਾ ਗਏ। ਆਪ ਜੀ ਦੇ ਗੁਰੂ ਕਾਲ ਵਿਚ ਇਸਲਾਮ ਸ਼ਾਹ ਅਤੇ ਅਕਸਰ ਹੁਕਮਰਾਨਾ ਹੋਏ ਸਨ।

# ਆਰ.ਐਸ.ਐਸ. ਦਾ ਕਮੀਨਗੀ ਵਾਲਾ ਵਾਰ, ਗੁਰੂ ਅਰਜਨ ਸਾਹਿਬ ਤੇ ਕੀਤਾ ਹਮਲਾ

ਜੀ. ਪਾਲ ਸਿੰਘ ਧਨੌਲਾ

ਅਜੋਕੇ ਯੁੱਗ ਵਿਚ ਸੋਸ਼ਲ ਮੀਡੀਆ ਬਹੁਤ ਪ੍ਰਚੱਲਿਤ ਹੈ ਪਰ ਇਯਦੇ ਕੁਝ ਤਲਖ ਤਜਰਬੇ ਵੀ ਸਾਹਮਣੇ ਆ ਰਹੇ ਹਨ। ਜਿੱਥੇ ਹਰ ਕਿਸੇ ਨੂੰ ਆਪਣੀ ਆਵਾਜ਼ ਉਠਾਉਣ ਦਾ ਮੌਕਾ ਮਿਲਿਆ ਹੈ। ਉਥੇ ਇਯ ਦੀ ਦੁਰਵਰਤੋਂ ਕਰਨ ਵਾਲਿਆਂ ਨੇ ਵੀ ਕੋਈ ਕਸਰ ਨਹੀਂ ਛੱਡੀ। ਕਿਸੇ ਸਧਾਰਨ ਇਨਸਾਨ ਦੀ ਇੱਜਤ ਉਛਾਲਣੀ ਤਾਂ ਆਮ ਜਿਹੀ ਗੱਲ ਹੋ ਚੁੱਕੀ ਹੈ। ਲੇਕਿਨ ਹੁਣ ਤਾਂ ਇਤਿਹਾਸਅਤੇ ਮਹਾਨ ਰੂਹਾਂ ਉਤੇ ਵੀ ਇਸ ਮਾਧਿਅਮ ਰਾਹੀਂ ਸਵਾਲ ਖੜ੍ਹੇ ਕੀਤੇ ਜਾ ਰਹੇ ਹਨ। ਪਿਛਲੇ ਕੁਝ ਦਿਨਾਂ ਤੋਂ ਸੋਸ਼ਲ ਮੀਡੀਆ ਉਤੇ ਇਕ ਵੀਡੀਓ ਘੁੰਮ ਰਹੀ ਹੈ, ਜਿਸ ਵਿਚ ਇਕ ਭਗਵੇਂ ਭੇਸ ਵਾਲਾ ਵਿਅਕਤੀ, ਲੰਮੀ ਦਾਹੜੀ ਅਤੇ ਕੇਸ ਵੀ ਨੰਗੇ, ਪਰ ਪਿੱਛੇ ਨੂੰ ਖੁੱਲ੍ਹੇ ਛੱਡ ਕੇ ਪੰਜਵੇਂ ਨਾਨਕ, ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਸਾਹਿਬ ਬਾਰੇ ਕਮੀਨੇ ਬੋਲ ਬੋਲ ਰਿਹਾ ਹੈ। ਬੇਸ਼ੱਕ ਉਹ ਹਰ ਵਾਰ ਗੁਰੂ ਸਾਹਿਬ ਦਾ ਨਾਮ ਤਾਂ ਸਤਿਕਾਰ ਨਾਂਲ ਗੁਰੂ ਅਰਜਨ ਦੇਵ ਜੀ ਆਖ ਕੇ ਲੈਂਦੇ ਹੈ ਪਰ ਗੁੜ ਵਿਚ ਜ਼ਹਿਰ ਲਪੇਟ ਕੇ ਦੇਣ ਵਾਲੀ ਨੀਤੀ ਅਧੀਨ, ਗੁਰੂ ਸਾਹਿਬ ਉਤੇ ਸਿਰਫ ਘਟੀਆ ਦਰਜੇ ਦੀ ਦੂਸ਼ਣਬਾਜ਼ੀ ਹੀ ਨਹੀਂ ਕਰ ਰਿਹਾ, ਸਗੋਂ ਸਿੱਖ ਪੰਥ ਵਿਚ ਸਮਿਲਤ ਦਲਿਤ ਅਤੇ ਓ. ਬੀ. ਸੀ. ਸ਼੍ਰੇਣੀ ਨੂੰ ਬੜੇ ਸ਼ਰਾਫਤ ਭਰਪੂਰ ਤਰੀਕੇ ਨਾਂਲ ਭੜਕਾਉਣ ਦਾ ਯਤਨ ਵੀ ਕਰ ਰਿਹਾ ਹੈ ਤਾਂ ਕਿ ਦਲਿਤਾਂ, ਓ. ਬੀ. ਸੀ. ਅਤੇ ਖੁਦਾਪ੍ਰਸਤ ਮੁਸਲਮਾਨਾਂ ਦਾ ਸਿੱਖ ਪੰਥ ਨਾਲ ਟਕਰਾਓ ਦਾ, ਇਕ ਨਵਾਂ ਰਸਤਾ ਖੁੱਲ੍ਹ ਜਾਵੇ।

ਇਹ ਹਰਾਮਖੋਰ ਪਹਿਲਾਂ ਤਾਂ ਬੜੇ ਹੀ ਮੀਸਣੇ ਢੰਗ ਨਾਲ ਆਪਣੀ ਗੱਲ ਆਰੰਭ ਕਰਦਿਆਂ ਕਹਿੰਦਾ ਹੈ ਕਿ ਸ਼ਰਮਾ ਜੀ ਸਾਡੇ ਨਾਲ ਗੁਰੂ ਅਰਜਨ ਦੇਵ ਜੀ ਬਾਰੇ ਗੱਲਾਂ ਕਰ ਰਹੇ ਸੀ। ਇਹਨਾਂ ਨੇ ਬਹੁਤ ਅੱਛੀਆਂ ਗੱਲਾਂ ਕਹੀਆਂ। ਉਦੋਂ ਤੋਂ ਸਾਡੇ ਮਨ ਵਿਚ ਖਿਆਲ ਆ ਰਿਹਾ ਸੀ ਕਿ ਗੁਰੂ ਅਰਜਨ ਦੇਵ ਜੀ ਉਤੇ ਵੀ ਸਾਨੂੰ ਬੋਲਣਾ ਚਾਹੀਦਾ ਹੈ। ਗੁਰੂ ਅਰਜਨ ਦੇਵ ਜੀ ਜੋ ਆਪਣੀ ਬਾਣੀ ਹੈ, ਜੋ ਉਹਨਾਂ ਆਪਣੇ ਹੱਕ ਨਾਲ ਲਿਖੀ ਹੈ ਜਾਂ ਆਪਣੀ ਰਸਨਾਂ ਤੋ ਉਚਾਰਨ ਕੀਤੀ ਹੋਈ ਹੈ, ਉਹ ਤਾਂ ਬੜੀ ਵਧੀਆ ਹੈ, ਬਹੁਤ ਅੱਛੀ ਹੈ, ਇੰਨੀ ਉਚ ਦਰਜੇ ਦੀ ਬਾਣੀ ਹੈ, ਇੰਨੀ ਗਹਿਰੀ, ਇੰਨੀ ਡੂੰਘੀ, ਦੁਨੀਆਂ ਵਿਚ ਕਿੱਥੇ ਹੈ। ਸਾਡਾ ਕੁਝ ਵਿਸਥਾਰ ਨਾਲ ਸੁਖਮਨੀ ਸਾਹਿਬ ਵਿਚ ਦੱਸਿਆ ਹੋਇਆ ਹੈ ਕਿ ਪ੍ਰਮਾਤਮਾ ਦੀ ਭਗਤੀ ਕਿਵੇਂ ਕਰਨੀ ਚਾਹੀਦੀ ਹੈ। ਪਰਮਾਤਮਾ ਕਿਵੇਂ ਮਿਲਦਾ ਹੈ। ਪਰਮਾਤਮਾ ਨੂੰ ਪਾਉਣ ਵਾਸਤੇ ਕਿਹੋ ਜਿਹੇ ਸੁਭਾਅ ਹੋਣੇ ਚਾਹੀਦੇ ਹਨ। ਕੈਸਾ ਆਚਰਣ ਹੋਣਾ ਚਾਹੀਦਾ ਹੈ। ਕੈਸੇ ਗੁਣ ਹੋਣੇ ਚਾਹੀਦੇ ਹਨ। ਬ੍ਰਹਮ ਗਿਆਨੀ ਕੀ ਹੁੰਦਾ ਹੈ। ਸਾਧ ਕੀ ਹੁੰਦੇ ਹਨ। ਭਗਤ ਕੀ ਹੁੰਦੇ ਹਨ। ਨਾਮ ਦੀ ਮਹਿਮਾ ਕੀ ਹੈ। ਨਾਮ ਦੇ ਨਾਲ ਕੀ ਹੁੰਦਾ ਹੈ। ਜਦੋਂ ਪ੍ਰਮਾਤਮਾ ਮਿਲ ਜਾਂਦਾ ਹੈ ਉਸ ਤੋਂ ਬਾਅਦ ਕੀ ਬਦਲਾਅ ਆਉਂਦੇ ਹਨ। ਸੁਖਮਨੀ ਸਾਬਿ ਵਿਚ ਕੱਲੀ ਕੱਲੀ ਗੱਲ ਦੱਸੀ ਹੋਈ ਹੈ। ਜੇ ਬੰਦਾ ਸੁਖਮਨੀ ਸਾਹਿਬ ਨੂੰ ਆਪਣੇ ਅੰਦਰ ਉਤਾਰ ਲਵੇ ਤਾਂ ਉਸ ਦਾ ਜੀਵਨ ਪਰਿਵਰਤਨ ਹੋ ਜਾਂਦਾ ਹੈ। ਇਸ ਕਰਕੇ ਸਾਨੂੰ ਗੁਰੂ ਅਰਜਨ ਸਾਹਿਬ ਦੀ ਆਪਣੀ ਬਾਣੀ ਬਹੁਤ ਅੱਛੀ ਲੱਗਦੀ ਹੈ। ਅਸੀਂ ਉਹਨਾਂ ਦੇ ਬਹੁਤ ਵੱਡੇ ਪ੍ਰਸੰਸਕ ਹਾਂ।



ਇਸ ਤੋਂ ਅੱਗੇ ਇ ਤਿਕੜਮਬਾਜ਼ ਇੱਕਦਮ ਯੂ-ਟਰਨ ਲੈਂਦਾ ਹੋਇਆ ਆਪਣੀ ਭੜਾਸ ਕੱਢਦਾ ਹੋਇਆ ਬੋਦਲਾ ਹੈ। ਕਿੱਥੇ ਨਾ ਕਿੱਥੇ ਸਾਡੇ ਮਨ ਵਿਚ ਖਿਆਲ ਆਂਦਾ ਹੈ ਕਿ ਜੋ ਉਹਨਾਂ ਨੇ ਭਗਤਾਂ ਦੀ ਬਾਣੀ ਲਿਖੀ ਹੋਈ ਹੈ, ਗੁਰੂ ਗ੍ਰੰਥ ਸਾਹਿਬ ਵਿਚ, ਉਹ ਬਹੁਤ ਗਲਤ ਲਿਖੀ ਹੋਈ ਹੈ। ਉਹਨਾਂ (ਗੁਰੂ ਅਰਜਨ ਸਾਹਿਬ ਜੀ) ਨੇ ਭਗਤਾਂ ਦੀ ਬਾਣੀ ਨਾਲ ਬਹੁਤ ਛੇੜਛਾੜ ਕੀਤੀ ਹੋਈ ਹੈ। ਬਹੁਤ ਤੋੜ ਮਰੋੜ ਕੇ ਲਿਖਿਆ ਹੋਇਆ ਹੈ। ਜੇ ਭਗਤ ਐਜ਼ ਇਟਜ਼ ਲਿਖ ਕੇ ਗਏ ਹਨ, ਉਹ ਐਜ਼ ਇਟਜ਼ ਨਹੀਂ ਲਿਖਿਆ ਹੋਇਆ, ਸਗੋਂ ਤੋੜ ਮਰੋੜ ਕੇ ਲਿਖਿਆ ਹੋਇਆ ਹੈ। ਬਲਕਿ ਸਾਨੂੰ ਤਾਂ ਇੱਥੋਂ ਤੱਕ ਲੱਗਦਾ ਹੈ ਕਿ ਜੋ ਗੁਰੂ ਅਰਜਨ ਦੇਵ ਜੀ ਨੂੰ ਸਜ਼ਾ ਮਿਲੀ, ਅੰਤਲੇ ਸਮੇਂ ਤੱਤੀ ਤਵੀ ਤੇ ਬਿਠਾ ਕੇ ਸਿਰ ਵਿਚ ਗਰਮ ਗਰਮ ਰੇਤ ਪਾਈ ਗਈ, ਗਰਮ ਗਰਮ ਸਵਾਹ ਪਾਈ ਗਈ, ਇਹ ਉਹਨਾਂ ਨੂੰ ਕਿਤੇ ਨਾ ਕਿਤੇ ਭਗਤਾਂ ਦਾ ਹੀ ਸਰਾਪ ਲੱਗਿਆ ਹੋਇਆ ਸੀ। ਭਗਤਾਂ ਦੀ ਹੀ ਬਦ ਦੁਆ ਲੱਗੀ ਸੀ ਤਾਂ ਕਰਕੇ ਹੀ ਅਜਿਹਾ ਹੋਇਆ ਸੀ। ਨਹੀਂ ਤਾਂ ਗੁਰੂ ਨਾਨਕ ਦੀ ਗੱਦੀ ਦੇ ਵਾਰਸ, ਗੁਰੂ ਨਾਨਕ ਦੀ ਗੱਦੀ ਉਤੇ ਬਹਿਣ ਵਾਲੇ, ਇਸ ਤਰ੍ਹਾਂ ਤੱਤੀ ਤਵੀ ਉਤੇ ਬਿਠਾਏ ਜਾਣ, ਇਹ ਪ੍ਰਮਾਤਮਾ ਨੂੰ ਕਦੇ ਮਨਜ਼ੂਰ ਨਾ ਹੁੰਦਾ।

ਦੁਨੀਆਂ ਇਧਰ ਦੀ ਉਧਰ ਹੋ ਜਾਂਦੀ, ਧਰਤੀ ਫਟ ਜਾਂਦੀ, ਸਮੁੰਦਰ ਦਾ ਪਾਣੀ ਬਾਹਰ ਆ ਜਾਂਦਾ। ਜਵਾਲਾਮੁਖੀ ਫਟ ਜਾਂਦੇ। ਪਤਾ ਨਹੀਂ ਕੀ ਤੋਂ ਕੀ ਹੋ ਜਾਂਦਾ ਪਰ ਐਸਾ ਕੁਝ ਨਹੀਂ ਹੋਇਆ ਕਿਉਂਕਿ ਪ੍ਰਮਾਤਮਾ ਦੀ ਇੱਛਾ ਸੀ। ਇਹ ਜੋ ਕੁਝ ਹੋਇਆ ਪ੍ਰਮਾਤਮਾ ਦੀ ਇੱਛਾ ਨਾਲ ਹੀ ਉਹਨਾਂ ਨੂੰ ਸਜਾ ਮਿਲੀ ਏ, ਭਗਤਾਂ ਦੀ ਦੁਆ ਲੱਗੀ ਏ, ਫਿਰ ਸੌਰੀ ਆਖ ਕੇ ਬੋਲਦਾ ਹੈ ਭਗਤਾਂ ਦੀ ਬਦ ਦੁਆ ਲੱਗੀ ਏ, ਭਗਤਾਂ ਦਾ ਸਰਾਪ ਲੱਗਿਆ ਗੁਰੂ ਅਰਜਨ ਦੇਵ ਜੀ ਨੂੰ। ਕੀ ਗਲਤੀ ਕੀਤੀ ਉਹਨਾਂ ਨੇ, ਦੇਖੋ ਜੇ ਕੱਲੀ ਕੱਲੀ ਗੱਲ ਦੱਸਣ ਲੱਗੀਏ ਤਾਂ ਦਸ ਘੰਟੇ ਲੱਗ ਜਾਣਗੇ, ਇਸ ਕਰਕੇ ਕੱਲੀ ਕੱਲੀਗੱਲ ਨਹੀਂ ਦੱਸਦੇ। ਇਕ ਦੋ ਲਾਈਨਾਂ ਵਿਚ ਹੀ ਸਮਝਾਂ ਦਿੰਦੇ ਹਾਂ। ਅੱਗੇ ਬੋਲਦਾ ਹੈ ਕਿ ਰਵਿਦਾਸ ਜੀ ਦਾ ਜੋ ਸ਼ਬਦ ਹੈ ਉਹਨਾਂ ਦੀ ਅਸਲੀ ਬਾਣੀ ਦੇ ਵਿਚ, ਜੋ ਉਹਨਾਂ ਨੇ ਬਨਾਰਸ ਦੀ ਭਾਸ਼ਾ ਦੇ ਵਿਚ ਅਵਦ ਦੀ ਭਾਸ਼ਾ ਵਿਚ ਲਿਖੀ ਹੋਈ ਹੈ,ਰਵਿਦਾਸ ਜੀ ਦਾ ਸ਼ਬਦ ਹੈ 'ਪ੍ਰਭੂ ਜੀ ਤੁਮ ਚੰਦਨ ਹਨ ਪਾਣੀ' ਪਰ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਵਿੰ ਕੀ ਲਿਖ ਦਿੱਤਾ ਕਿ 'ਸਾਚੀ ਪ੍ਰੀਤੀ ਹਮ ਤੁਮ ਸੀਓ ਜੋਰੀ।' ਕਹਿਣ ਦਾ ਅਰਥ ਹੈ ਕਿ ਪੂਰੀ ਲਾਈਨ ਹੀ ਘੁੰਮਾ ਦਿੱਤੀ। ਅੱਗੇ ਰਵਿਦਾਸ ਜੀ ਲਿਖ ਕੇ ਜਾ ਰਹੇ ਹਨ, ''ਤੁਮ ਘਨਵਨ ਹਮ ਮੋਰਾ' ਪਰ ਗੁਰੂ ਅਰਜਨ ਦੇਵ ਜੀ ਨੇ ਕੀ ਲਿਖ ਦਿੱਤਾ ਕਿ 'ਜਉ ਤੁਮ ਗਹਿਵਿਰ ਤਉ ਹਮ ਮੋਰਾ।।'' ਇਸ ਹੀ ਭਜਨ ਦੇ ਦੂਜੇ ਪਹਿਰੇ ਵਿਚ ਰਵਿਦਾਸ ਜੀ ਨੇ ਲਿਖਿਆ ਹੋਇਆ ਹੈ 'ਜੋ ਤੁਮ ਦੀਪਕ ਤੇ ਹਮ ਬਾਤੀ ਨਿਸਦਿਨ ਜੋਤਿ ਬੜੇ ਦਿਨ ਰਾਤੀ' ਪਰ ਗੁਰੂ ਅਰਜਨ ਦੇਵ ਜੀ ਨੇ ਕੀ ਕਰਤਾ 'ਜਉ ਤੁਮ ਦੀਵਣਾ ਤਉ ਹਮ ਬਾਤੀ।। ਜਉ ਤੁਮ ਤੀਰਥ ਤਉ ਹਮ ਜਾਤੀ।। ਗੁਰੂ ਰਵਿਦਾਸ ਜੀ ਦੀ ਹੋਰ ਵੀ ਜਿਹੜੀ ਬਾਣੀ ਗੁਰੂ ਗ੍ਰੰਕ ਸਾਹਿਬ ਵਿਚ ਲਿਖੀ ਹੋਈ ਹੈ, ਬਹੁਤ ਜ਼ਿਆਦਾ ਛੇੜਛਾੜ ਕਰਕੇ ਲਿਖੀ ਹੋਏ. ਹੈ। ਰਵਿਦਾਸ ਜੀ ਜਿਵੇਂ ਲਿਖ ਕੇ ਗਏੈ ਹਨ ਐਜ਼ ਇਟੀਜ਼ ਉਸ ਤਰ੍ਹਾਂ ਨਹੀਂ ਲਿਖੀ ਹੋਈ।

ਆਪਣੀ ਬਕਵਾਸ ਨੂੰ ਜਾਰੀ ਰੱਖਦਿਆਂ ਇਹ ਭਗਵਾਂ ਤਿੱਤਰ ਅੱਗੇ ਭਗਤ ਨਾਮਦੇਵ ਜੀ ਬਾਰੇ ਬੋਲਦਾ ਹੈ ਕਿ ਇਕ ਮੁਸਲਮਾਨ ਰਾਜੇ ਨੇ ਭਗਤ ਨਾਮਦੇਵ ਜੀ ਨੂੰ ਇਸ ਕਰਕੇ ਜੇਲ੍ਹ ਵਿਚ ਬੰਦ ਕਰ ਦਿੱਤਾ ਸੀ ਕਿ ਤੂੰ ਅੱਲਾ ਅੱਲਾ ਬੋਲਿਅ ਕਰ। ਪਰ ਨਾਮਦੇਵ ਜੀ ਨੇ ਅਲਾ ਨਹੀਂ ਬੋਲਿਆ, ਖੁਦਾ ਨਹੀਂ ਬੋਲਿਆ, ਨਾਮਦੇਵ ਜੀ ਨੇ ਆਪਣੇ ਪੂਰੇ ਜੀਵਨ ਵਿਚ ਵਿੱਠਲ ਵਿੱਠਲ, ਨਰਾਇਣ ਨਰਾਇਣ, ਰਾਮ ਰਾਮ, ਹਰੀ ਹਰੀ ਕਰਦੇ ਰਹੇ ਹਨ।

ਕਦੇ ਉਹਨਾਂ ਨੇ ਅੱਲਾ ਨਹੀਂ ਬੋਲਿਆ ਪਰ ਗੁਰੂ ਅਰਜਨ ਦੇਵ ਜੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕੀ ਲਿਖ ਗਏ। ਉਹਨਾਂ ਭਗਤ ਨਾਮਦੇਵ ਜੀ ਦਾ ਸ਼ਬਦ ਹੈ ਗੁਰੂ ਗ੍ਰੰਥ ਸਾਹਿਬ ਵਿਚ 'ਮੈ ਅੰਧੁਲੇ ਕੀ ਟੇਕ ਤੇਰਾਨਾਮੁ ਖੁੰਦਾਰਾ।। ਉਸ ਦੇ ਅਗਲੇ ਪਹਿਰੇ ਵਿਚ ਗੁਰੁ ਅਰਜਨ ਦੇਵ ਜੀ ਨੇ ਕੀ ਲਿਖਿਆ ਹੋਇਆ ਹੈ, ''ਕਰੀਮਾਂ ਰਹੀਮਾਂ ਅਲਾਹ ਤੂ ਗਨੀ।। ਹਾਜਰਾ ਹਜੂਰ ਦਰਿ ਪੇਸੀ ਤੂੰ ਮਨੀ।।

ਦੱਸੋ ਨਾਮਦੇਵ ਜੀ ਦੀ ਬਾਣੀ ਵਿਚ ਅੱਲਾਲਗਾਕੇ ਜਾ ਰਹੇ ਹਨ। ਰਹੀਮਾਂ ਲਗਾ ਕੇ ਜਾ ਰਹੇ ਹਨ। ਕਰੀਮਾਂ ਲਗਾ ਕੇ ਜਾ ਰਹੇ ਹਨ। ਹਾਦਰਾ ਹਦੂਰ ਲਗਾ ਕੇ ਜਾ ਰਹੇ ਹਨ। ਅੱਗੇ ਆਪਣੀ ਬਕਵਾਸ ਨੂੰ ਪਾਲਿਸ਼ ਕਰਨ ਵਾਸਤੇ ਆਖਦਾ ਹੈ ਕਿ ਕੀ ਬੀਤੀ ਹੋਵੇਗੀ ਨਾਮਦੇਵ ਜੀ ਦੀ ਆਤਮਾ ਨਾਲ। ਨਾਮਦੇਵ ਜੀ ਦੀ ਆਤਮਾ ਬੈਕੁੰਠ ਤੋਂ ਵੇਖਦੀ ਹੋਵੇਗੀ ਕਿ ਮੈਂ ਅਲਾ, ਖੁਦਾ, ਮੌਲਾ ਨਹੀਂ ਬੋਲਿਆ ਮਰਨਾ ਮਨਜ਼ੂਰ ਕੀਤਾ, ਪਰ ਗੁਰੂ ਅਰਜਨ ਦੇਵ ਜੀ ਉਹਨਾਂ ਦੇ ਸ਼ਬਦ ਵਿਚ ਅੱਲਾ ਰਹੀਮਾਂ ਕਰੀਮਾਂ ਲਗਾ ਗਏੈ। ਸੋਚੋ ਕਿੰਨ. ਵੱਡੀ ਗਲਤ ਗੱਲ ਹੈ। ਨਾਮਦੇਵ ਜੀ ਦੇ ਨਾਲ ਕਿੰਨਾ ਵੱਡਾ ਗਲਤ ਕੰਮ ਕੀਤਾ। ਨਾਮਦੇਵ ਜੀ ਦੀ ਹੋਰ ਜਿਹੜੀ ਬਾਣੀ ਹੈ ਉਸ ਨਾਲ ਵੀ ਛੇੜਛਾੜ ਕੀਤੀ ਹੋਈ ਹੈ।

ਆਪਣੀ ਗੰਦੀ ਜੁਬਾਨ ਨੂੰ ਬਿਨਾਂ ਵਿਸ਼ਰਾਮ ਦਿੱਤੇ ਅੱਗੇ ਭਗਤ ਕਰੀਬ ਜੀ ਜੀ ਦੀ ਬਾਣੀ ਦਾ ਜ਼ਿਕਰ ਕਰਦਿਆਂ ਆਖਦਾ ਹੈ ਕਿ ਕਬੀਰ ਜੀ ਦੀ ਬਾਣੀ ਨਾਂਲ ਵੀ ਬੜੀ ਛੇੜਛਾੜ ਕੀਤੀ ਹੋਏ ਹੈ।

ਜਿਵੇਂ ਅਸਲੀ ਬਾਣੀ ਦੇ ਵਿਚ ਕਬੀਰ ਜੀ ਦਾ ਆਪਣਾ ਸ਼ਬਦ ਹੈ ਕਿ 'ਸਭ ਧਰਤੀ ਕਾਗਦ ਕਲਮ ਲੇਖਣੀ ਬਨਰਾਇ ਸਭ ਸਮੁੰਦ ਕੀ ਮਸੀ ਕਰੁ ਗੁਰਗੁਣ ਲਿਖਾ ਨਾ ਜਾਇਆ' ਪਰ ਗੁਰੂ ਅਰਜਨ ਦੇਵ ਜੀ ਨੇ ਕੀ ਕੀਤਾ- ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ।। ਬਸੁਧਾ ਕਾਗਦੁ ਜਉ ਕਰਉ ਹਰਿ ਜਸੁ ਲਖਿਨੁ ਨਾ ਜਾਇ।।ਕਬੀਰ ਜੀ ਦੀ ਬਾਣੀ ਬਾਰੇ ਵੀ ਉਹ ਇਹੀ ਕੁਝ ਕਹਿੰਦਾ ਹੈ।

ਇਹ ਹੈ ਉਸਦੀ ਬਕਵਾਸ। ਜਿਸਦਾ ਨਾਮ ਨਹੀਂ ਪਤਾ, ਟਿਕਾਣਾ ਨਹੀਂ ਪਤਾ ਪਰ ਜੋ ਉਸਨੇ ਕੀਤਾ ਹੈ ਜੋ ਵਾਕਿਆ ਹੈ ਇਹ ਕਾਬਲ-ਏ-ਬਰਦਾਸ਼ਤ ਨਹੀਂ ਹੈ। ਉਸਦੇ ਚਿਹਰੇ ਤੋਂ ਅਤੇ ਉਸਦੀ ਬੋਲੀ ਤੋਂ ਸਾਫ ਦਿਸਦਾ ਹੈ ਕਿ ਉਹ ਸਭ ਕੁਝ ਜਾਣਦਾ ਹੋਇਆ ਇਹ ਕੁਫਰ ਤੋਲ ਰਿਹਾ ਹੈ।

# ਭਾਰਤੀ ਲੋਕਾਂ ਨੂੰ ਸਮਾਜਿਕ ਸੁਧਾਰਾਂ ਦੀ ਕਿਉਂ ਲੋੜ ਪਈ



ਹਰਦੀਪ ਸਿੰਘ ਚੁੰਬਰ
+91-94636-01616

ਮੂਲ ਭਾਰਤੀ ਲੋਕਾਂ ਦੇ ਇਤਿਹਾਸ ਨੂੰ ਇਕ ਸਾਜਿਸ਼ ਦੇ ਤਹਿਤ ਖਤਮ ਕਰ ਦਿਤਾ ਗਿਆ। ਪਰ ਜੋ ਵੀ ਉਹਨਾਂ ਸਬੰਧੀ ਜਾਣਕਾਰੀ ਮਿਲਦੀ ਹੈ ਉਸ ਤੋਂ ਪਤਾ ਲਗਦਾ ਹੈ ਕਿ ਭਾਰਤ ਇਕ ਵਿਕਸ਼ਤ ਸਭਿਅਤਾ ਵਾਲਾ ਦੁਨੀਆਂ ਦਾ ਮੋਹਰੀ ਰਾਸ਼ਟਰ ਸੀ। ਇਸ ਦੇ ਸਬੂਤ ਮਹਿੰਜੋਦਾਰੋ, ਹੜੱਪਾ ਅਤੇ ਹੋਰ ਕਈ ਥਾਵਾਂ ਤੋਂ ਖੁਦਾਈ ਦੌਰਾਨ ਮਿਲੇ ਸਬੂਤਾਂ ਤੋਂ ਚਲਿਆ। ਭਾਰਤੀ ਲੋਕਾਂ ਦੇ ਸਮੂੱਚੇ ਸਮਾਜ ਦੀ ਭਾਰਤੀ ਲੋਕਾਂ ਦੀਇਕੋ ਇਕ ਕੌਮ ਸੀ। ਇਹਨਾਂ ਦਾ ਆਪਸ ਵਿਚ ਕੋਈ ਵਰਗ, ਜਾਤੀ ਜਾ ਹੋਰ ਕੋਈ ਵੱਖਰੀ ਪਹਿਚਾਣ ਨਹੀ ਸੀ। ਸਾਰੇ ਬਰਾਬਰ ਇਕੋ ਰਾਸ਼ਟਰ ਦੇ ਵਾਸੀ ਇਕੋ ਕੌਮ, ਹਰ ਤਰਾਂ ਦੇ ਇਕ ਦੂਜੇ ਨਾਲ ਬਰਾਬਰੀ ਨਾਲ ਰਿਸ਼ਤੇ ਰਖਣ ਵਾਲੇ ਮਿਹਨਤਕਸ਼, ਸੁਚੱਜੇ ਕਾਰੀਗਰ, ਖੇਤੀ ਮਾਹਰ, ਭਵਨ ਨਿਰਮਾਣ ਕਲਾ ਦੇ ਮਾਹਰ ਅਤੇ ਬਹੁਤ ਸਾਰੀਆਂ ਕਲਾਵਾਂ ਰਖਣ ਵਾਲੇ ਲੋਕ ਸਨ। ਇਹਨਾਂ ਦੀ ਯੁੱਧ ਕਲਾ ਦੀ ਤਰੱਕੀ ਦਾ ਕੋਈ ਬਹੁਤ ਵਧੀਆ ਪ੍ਰਮਾਣ ਨਹੀ ਮਿਲਿਆ, ਬਸ ਕੰਮ ਚਲਾਊ ਅਤੇ ਸਿੱਧੀ ਸਾਦੀ ਯੁੱਧ ਕਲਾ ਹੀ ਜਾਣਦੇ ਸਨ। ਉਹ ਸਭਿਅਤਾ ਕਿਦਾਂ, ਕਿਉਂ, ਕਿਵੇਂ ਖਤਮ ਹੋਈ ਇਸ ਸਬੰਧ ਵਿਚ ਕਈ ਰਾਵਾਂ ਹਨ।

ਹਜਾਰਾਂ ਸਾਲਾਂ ਤੋਂ ਭਾਰਤ ਦੇ ਉਤਰ ਵਿਚੋਂ ਜਮੀਨੀ ਰਸਤੇ ਵੱਖ ਵੱਖ ਕੌਮਾਂ, ਨਸ਼ਲਾਂ ਦਾ ਭਾਰਤ ਵਿਚ ਆਉਣਾ ਜਾਰੀ ਰਿਹਾ। ਇਹਨਾਂ ਬਾਹਰੀ ਨਸ਼ਲਾ ਵਿਚੋਂ ਭਾਰਤ ਆਉਣ ਵਾਲੇ ਸਭ ਤੋਂ ਪੁਰਾਣੇ ਅਤੇ ਪਹਿਲਾਂ ਆਏ ਆਰੀਆ ਲੋਕਾਂ ਦੇ ਇਤਿਹਾਸਕ ਸਬੂਤ ਆਰੀਆ ਵਲੋਂ ਲਿਖੇ ਇਤਿਹਾਸ ਵਿਚੋਂ ਹੀ ਮਿਲਦੇ ਹਨ। ਇਸ ਇਤਿਹਾਸ ਵਿਚੋ ਯੱਗ, ਨਰ ਬਲੀ, ਪਛੂ ਬਲੀ, ਸਰਾਬ ਸੇਵਨ, ਵਿਬਚਾਰ, ਬਲਾਤਕਾਰ, ਇਨਸਾਨੀ ਰਿਸ਼ਤਿਆਂ ਦਾ ਘਾਣ, ਔਰਤ ਨੂੰ ਵਸਤੂ ਮੰਨਣਾ, ਦਾਨਵ, ਰਾਖਸ਼, ਪਾਪ, ਪੁੰਨ, ਪੂੱਜਾ, ਯੁੱਧ, ਅੱਗਜਨੀ, ਧੋਖੇਬਾਜੀ, ਭਰਮ, ਭੁਲੇਖੇ, ਵਹਿਮ, ਸਾਮ, ਦਾਮ, ਦੰਡ, ਭੇਤ ਅਤੇ ਹੋਰ ਵੀ ਬਹੁਤ ਕੁੱਝ ਹੈ। ਸੰਭਵ ਤੌਰ ਤੇ ਸ਼ਾਸ਼ਕ ਵਰਗ ਇਤਿਹਾਸ ਉਸੇ ਤਰਾਂ ਲਿਖਵਾਉਂਦਾ ਹੈ ਜਿਸ ਤਰਾਂ ਦਾ ਉਹ ਪਸੰਦ ਕਰਦਾ ਅਤੇ ਆਪਣੇ ਪੱਖੀ ਹੀ ਰਚਦਾ ਹੈ।

ਭਾਰਤੀ ਇਤਿਹਾਸ ਬਹੁਤਾ ਕਰਕੇ ਮਿਥਿਹਾਸ ਹੈ ਇਸ ਦਾ ਵਿਗਿਆਨਕ ਤੌਰ ਤੇ ਪਰਖਣਾ ਨਾਂਮੁਮਕਿਨ ਹੈ, ਜਿਸ ਤਰਾਂ ਸੂਰਜ ਨੂੰ ਮੂੰਹ ਵਿਚ ਪਾਉਣਾ, ਹਵਾ ਵਿਚ ਉਡਦੇ ਧਰਤੀ ਅਤੇ ਬ੍ਰਿਹਮੰਡ ਦੇ ਚੱਕਰ ਲਾਉਣਾਂ, ਅਧੁਨਿਕ ਯੁੱਧ ਸਾਸ਼ਤਰਾਂ ਨਾਲੋਂ ਬਿਹਤਰ ਹਥਿਆਰ ਜਾਂ ਹੋਰ ਬਹੁਤ ਸਾਰੇ, ਇਨਸਾਨ ਦੇ ਜਾਨਵਰਾਂ ਵਿਚੋਂ ਸਰੀਰ ਦੇ ਕਿਸੇ ਅੰਗ ਜਾਂ ਸਰੀਰ ਦੀ ਮੈਲ ਵਿਚੋਂ ਪੈਦਾ ਹੋਣਾਂ ਆਦਿ। ਇਸ ਵਿਚ ਹਰ ਹੀਲੇ ਸ਼ਾਸ਼ਕ ਵਰਗ ਨੂੰ ਉਤਮ ਰਖਿਆ ਗਿਆ ਹੈ। ਇਸ ਵਿਚ ਆਰੀਆ ਨੂੰ ਦੇਵ ਅਤੇ ਭਾਰਤੀ ਮੂਲ ਦੇ ਲੋਕਾਂ ਨੂੰ ਰਾਖਸ਼ਸ ਵਜੋਂ ਪੇਸ਼ ਕੀਤਾ ਗਿਆ ਹੈ।

ਭਾਰਤੀ ਮੂਲ ਲੋਕਾਂ ਦੇ ਧਨ, ਧਰਤੀ, ਸੰਸਾਧਨ ਨੂੰ ਖੋਹ ਲਿਆ ਗਿਆ। ਉਹਨਾਂ ਦੀ ਮਾਲਕੀ ਖਤਮ ਕਰ ਦਿਤੀ ਗਈ। ਬੇਦਖਲ ਕਰਦਿਤਾ ਗਿਆ। ਵਰਣ ਬਣਾਏ ਗਏ। ਉਪਰ ਵਾਲੇ ਤਿੰਨ ਵਰਗ ਬ੍ਰਾਹਮਣ, ਕਸ਼ਤਰੀ, ਵੈਸ਼ ਨੂੰ ਵਿਦਿਆ, ਰਾਜਭਾਗ, ਵਣਜ ਵਪਾਰ ਮਾਲਕੀ ਦਿਤੀ ਗਈ। ਚੌਥੇ ਵਰਣ ਸੂਦਰ (ਕਾਸਤਕਾਰ, ਕਮੀ ਜੋ ਅਜੋਕੇ ਓਬੀਸੀ) ਨੂੰ ਉਪਰ ਵਾਲੇ ਤਿੰਨੇ ਵਰਣਾਂ ਦੀ ਸੇਵਾ (ਗੁਲਾਮੀ) ਦਾ ਕੰਮ ਦਿਤਾ ਗਿਆ। ਜਿਨ੍ਹਾਂ ਮੂਲਨਿਵਾਸੀ ਕੌਮਾਂ ਨੇ ਗਲਾਮੀ ਸਵੀਕਾਰ ਨਹੀ ਕੀਤੀ ਉਹਨਾਂ ਨੂੰ ਆਵਰਣ(ਐਸਸੀ,ਐਸਟੀ) ਚਾਰੇ ਵਰਣਾ ਚੋਂ ਬਾਹਰ ਰਖਿਆ ਗਿਆ। ਆਵਰਣ ਵਿਚੋਂ ਕੁੱਝ ਲੋਕਾਂ ਨੂੰ ਘੇਰ ਅਬਾਦੀ ਤੋਂ ਦੂਰ ਵਾੜਿਆਂ ਵਿਚ ਬੰਦ ਕਰਕੇ ਭੁੱਖੇ ਪਿਆਸੇ ਰੱਖ ਗੰਦੇ ਕੰਮ ਕਰਨ ਲਈ ਮਜਬੂਰ ਕਰ ਦਿਤਾ ਗਿਆ।

ਇਹਨਾਂ ਨੂੰ ਗੰਦੇ ਰਹਿਣ ਲਈ ਮਜਬੂਰ ਕੀਤਾ ਗਿਆ ਇਹ ਅਛੂਤ ਲੋਕ ਅੱਜ ਦੇ ਐਸਸੀ ਵਰਗ ਹੀ ਹੈ, ਪਿੰਡਾਂ ਵਾਲੇ ਅੱਜ ਵੀ ਇਹਨਾਂ ਨੂੰ ਵਿਰਤੇ (ਪੁਰਤਨ ਵਾਂਗ) ਵਾਲੇ ਵੀ ਕਹਿੰਦੇ ਹਨ । ਜੋ ਮੂਲਨਿਵਾਸੀ ਲੋਕ ਦੂਰ ਜੰਗਲਾਂ ਵਿਚ ਦੌੜ ਗਏ ਇਹ ਅਜਾਦ ਭਾਰਤ ਦਾ ਐਸਟੀ ਵਰਗ ਬਣਿਆ। ਆਰੀਆ ਲੋਕਾਂ ਤੋਂ ਬਾਅਦ ਹੋਰ ਕਈ ਉਤਰ ਭਾਰਤ ਵਿਚੋਂ ਕੌਮਾਂ ਆਈਆਂ। ਮੁਗਲਾਂ ਨੇ ਬਹੁਤ ਸਾਰੇ ਅਛੂਤ ਮੂਲਨਿਵਾਸੀਆਂ ਨੂੰ ਧਰਮ ਬਦਲਵਾ ਕੇ ਮੁਸਲਮਾਨ ਧਰਮ ਵਿਚ ਸਾਮਲ ਕਰ ਲਿਆ, ਪਰ ਸਮਾਜਿਕ,ਆਰਥਿਕ ਹਾਲਤ ਇਹਨਾਂ ਅਛੂਤਾਂ ਦੀ ਕਿਸੇ ਸ਼ਾਸ਼ਕ ਨੇ ਬਦਲਣ ਦੀ ਕੋਸ਼ਿਸ ਨਹੀਂ ਕੀਤੀ। ਇਹਨਾਂ ਦੇ ਬਹੁਤ ਸਾਰੇ ਹੀ ਤਕਰੀਬਨ ਮਾਨਵਤਾ ਵਿਰੋਧੀ, ਅਮਾਨਵੀ ਕਦਰਾਂ ਕੀਮਤਾਂ ਨਾਲ ਹਰ ਵਰਗ ਲਈ ਵਖਰੇ ਕਾਨੂੰਨ ਅਤੇ ਨਿਆਇ ਪ੍ਰਬੰਧ ਵਿਚ ਰਖਿਆ। ਉਹਨਾਂ ਨਾਲ ਜਾਲਮਾਨਾਂ ਢੰਗ ਨਾਲ ਵਰਤਾ ਕਰਦੇ ਹੋਏ, ਸਮਾਜ ਨੂੰ ਵਰਣਾ ਵਿਚ ਵੰਡਿਆ। ਫਿਰ 6743 ਜਾਤੀਆਂ ਵਿਚ ਵੰਡ ਇਕ ਦੂਜੇ ਖਿਲਾਫ ਨਫਰਤ ਭਰ ਜਾਤੀਵਾਦੀ ਉਚ ਨੀਚ ਦੇ ਬੀਜ, ਫੁੱਟ ਪਾ ਕੇ ਰਾਜ ਚਲਾਉਂਦੇ ਰਹੇ। ਭਾਰਤੀ ਮੂਲਨਿਵਾਸੀ ਹਜਾਰਾਂ ਸਾਲਾਂ ਤੋਂ ਬੇਦਖਲ ਹੀ ਬਣੇ ਰਹੇ।

16-17ਵੀ ਸਦੀ ਵਿਚ ਸਮੁੰਦਰ ਦੇ ਰਸਤੇ ਬਹੁਤ ਸਾਰੀਆਂ ਕੌਮਾਂ ਨੇ ਭਾਰਤ ਵਿਚ ਵਪਾਰ ਕਰਨ ਲਈ ਅੰਗਰੇਜ, ਡੱਚ, ਫਰਾਂਸੀਸੀ ਅਤੇ ਕਈ ਹੋਰਾਂਨੇ ਦਾਖਲਾ ਕਰਨਾਂ ਸੁਰੂ ਕਰ ਲਿਆ। ਇਹਨਾਂ ਵਿਚੋ ਬ੍ਰਤਾਨੀਆਂ ਦੀ ਅੰਗਰੇਜਾਂ ਦੀ ਈਸਟ ਇੰਡੀਆ ਕੰਪਨੀ ਹੀ ਭਾਰਤ ਵਿਚ 200 ਕੁ ਸਾਲ ਟਿਕੀ ਅਤੇ ਬਹੁਤ ਸਾਰੇ ਪ੍ਰਭਾਵ ਛੱਡੇ। ਭਾਰਤ ਵਿਚ ਲੰਮਾ ਸਮਾਂ ਵਪਾਰ ਕਰਨ ਤੋਂ ਬਾਅਦ 1757 ਵਿਚ ਨੀਤੀ ਤਹਿਤ ਰਾਜ ਸਤ੍ਹਾ ਉਤੇ ਕਬਜਾ ਕਰਨਾਂ ਅਰੰਭ ਕੀਤਾ। 1840 ਤਕ ਉਹ ਪੂਰੇ ਭਾਰਤ ਉਤੇ ਕਾਬਿਜ ਹੋ ਚੁੱਕੇ ਸਨ। ਉਹ 1947 ਤਕ ਭਾਰਤ ਉਤੇ ਕਾਬਿਜ ਰਹੇ। ਉਹ ਭਾਰਤੀ ਲੋਕਾਂ ਨੂੰ ਹੀ ਭਾਰਤੀਆਂ ਦੇ ਖਿਲਾਫ ਵਰਤ ਕੇ ਯੁੱਧਾਂ ਵਿਚ ਜਿੱਤ ਪ੍ਰਾਪਤ ਕਰਦੇ ਰਹੇ ਅਤੇ ਰਾਜ ਵਿਚ ਵਾਧਾ ਕਰਦੇ ਰਹੇ। ਆਰੀਆਂ ਦੁਆਰਾ ਭਾਰਤ ਦੇ ਇਕ ਵੱਡੇ ਤਬਕੇ ਸੂਦਰ 52% (ਅਜੋਕੇ ਓਬੀਸੀ) ਗੁਲਾਮ ਬਣਾਏ ਉਹਨਾਂ ਉਤੇ ਬਹੁਤ ਸਾਰੀਆਂ ਪਾਬੰਦੀਆਂ ਲਗਾਈਆਂ। ਅਛੂਤ 25% (ਅਜੋਕੇ ਐਸਸੀ, ਐਸਟੀ) ਨੂੰ ਬੇਦਖਲ ਕੀਤੇ ਜੀਉਣ ਦੇ ਹਰ ਵਸੀਲੇ ਤੋਂ ਮੁਤਾਜਬਹੁਤ ਬੁਰੇ ਹਾਲਤ ਵਿਚ ਸਨ। ਅਛੂਤ ਤਾਂ ਦੂਰ ਦੀ ਗਲ ਸੂਦਰ ਲੋਕ (ਸਿਖਿਆ, ਰਾਜ ਅਤੇ ਵਪਾਰ ਕਰਨ) ਵੀ ਵਰਣ ਪ੍ਰਣਾਲੀ ਦੀ ਲਕੀਰ ਨੂੰ ਟੱਪ ਨਹੀ ਸਕਦੇ ਸਨ।

ਆਰੀਆਈ ਵਿਵਸਥਾ ਦੇ ਉਲਟ ਅੰਗਰੇਜ ਮਾਨਵਤਾਵਾਦੀ, ਸਮਾਜਵਾਦੀ ਸੋਚ ਕਾਰਨ ਭਾਰਤੀਆ ਵਿਚ ਸਮਤਾ, ਸਮਾਨਤਾ, ਭਾਈਚਾਰਾ, ਸਾਰੇ ਭਾਰਤੀ ਸਮਾਜ ਲਈ ਇਕੋ ਕਾਨੂੰਨ ਦੀ ਮਾਨਤਾ ਨੂੰ ਪਹਿਲ ਦੇਣ ਵਾਲੇ ਸਾਬਿਤ ਹੋਏ ਹਨ। ਉਹਨਾਂ ਭਾਰਤ ਵਿਚ ਵਪਾਰ ਵੀ ਕੀਤਾ ਸਮਾਜਿਕ ਸੁਧਾਰਾਂ ਨੂੰ ਵੀ ਪਹਿਲ ਦਿਤੀ।ਭਾਰਤੀ ਖੇਤਰਾਂ ਤੇ ਪੂਰਨ ਨਿਯੰਤਰਣ ਸਥਾਪਤ ਕਰਨ ਤੋਂ ਬਾਅਦ ਬ੍ਰਿਟਿਸ਼ ਨੇ ਵਪਾਰ ਨੂੰ ਉਤਸ਼ਾਹਿਤ ਕਰਨ ਲਈ ਸਮੇ ਸਮੇ ਉਤੇ ਠੋਸ ਕਦਮ ਚੁੱਕੇ, ਉਨ੍ਹਾਂ ਨੇ ਪਾਇਆ ਕਿ ਦੇਸ਼ ਸ਼ਾਸਨ ਲਈ ਹੀ ਨਾ ਸਿਰਫ ਸਹੀ ਹੈ ਸਗੋਂ ਇਸਦੇ ਸਮਾਜਿਕ ਪ੍ਰਣਾਲੀ ਵਿਚ ਵੀ ਦਖ਼ਲ ਦੇਣਾ ਜਰੂਰੀ ਹੈ। ਇਸ ਦੇ ਸੰਬੰਧ ਵਿਚ, ਉਨ੍ਹਾਂ ਨੇ ਲੋਕਾਂ ਦੇ ਸਮਾਜਿਕ ਜੀਵਨ ਨੂੰ ਬਿਹਤਰ ਬਣਾਉਣ ਲਈ ਬਹੁਤ ਸਾਰੇ ਕਦਮ ਚੁੱਕੇ। ਇੱਥੇ, ਕੁੱਝ ਬ੍ਰਿਟਿਸ਼ ਭਾਰਤ ਦੇ ਦੌਰਾਨ ਵੱਖ-ਵੱਖ ਸੁਧਾਰਾਂ ਦੀ ਸੂਚੀ ਦਾ ਵਰਣਨ ਜਰੂਰੀ ਹੈ।


ਬ੍ਰਿਟਿਸ਼ ਭਾਰਤ ਵਿਚ ਵੱਖ-ਵੱਖ ਸੁਧਾਰਾਂ ਅਤੇ ਅਦਾਰਿਆਂ ਦੀ ਕੁੱਝ ਸੂਚੀ ਦਿਤੀ ਗਈ ਹੈ

1. ਸਤੀ ਪ੍ਰਥਾ, ਲੜਕੀ ਸ਼ਨਾਖਤ ਦੀ ਮਨਾਹੀ, 1829,ਲਾਰਡ ਵਿਲੀਅਮ ਬੈਂਟਿਕ,ਅੰਗਰੇਜ ਸਰਕਾਰ ਦਾ ਰਾਜਾ ਰਾਮਮੋਹਨ ਰਾਏ ਦੁਆਰਾ ਸਮਰਥਨ ਕੀਤਾ
2. ਗੋਦ ਲੈਣ ਦੇ ਸਿਧਾਂਤ-1848, ਲਾਰਡ ਡਲਹੌਜ਼ੀ, ਆਪਣੇ ਕੁਦਰਤੀ ਵਾਰਸ ਦੀ ਅਣਹੋਂਦ ਵਿਚ ਸ਼ਾਸਕਾਂ ਦੁਆਰਾ ਪੁੱਤਰਾਂ ਨੂੰ ਅਪਣਾਉਣ ਤੇ ਪਾਬੰਦੀ ਲਗਾਈ ਗਈ ਸੀ।
3. ਭਾਰਤੀ ਕੌਂਸਲ ਐਕਟ- 1861, ਲਾਰਡ ਕੈਨਿੰਗ, ਉੱਚ ਪੱਧਰ 'ਤੇ ਪ੍ਰਸ਼ਾਸਨ ਦੇ ਨਾਲ ਭਾਰਤੀਆਂ ਦਾ ਸੰਗਠਤ ਕੀਤਾ ਜਾਣਾ
4. ਲਲਬਰਟ ਬਿੱਲ- 1883, ਲਾਰਡ ਰਿਪਨ, ਭਾਰਤੀ ਅਤੇ ਯੂਰਪੀਅਨ ਮੈਜਿਸਟਰੇਟ ਨੂੰ ਬਰਾਬਰ ਪੱਧਰ ਤੇ ਲਿਆਉਣ ਲਈ।
5. ਭਾਰਤੀ ਕੌਂਸਲ ਐਕਟ- 1892, ਲਾਰਡ ਲਾਂਸਡਾਊਨ, ਕੇਂਦਰੀ ਵਿਧਾਨ ਪ੍ਰੀਸ਼ਦ ਦੀ ਮੈਂਬਰਸ਼ਿਪ ਵਧਾਈ
6. ਮੋਰੇਲੀ-ਮਿੰਟੋ ਸੁਧਾਰ-1909, ਲਾਰਡ ਮਿੰਟੋ ਦਾ ਹਿੰਦੂਆਂ ਅਤੇ ਮੁਸਲਮਾਨਾਂ ਲਈ ਵੱਖਰੇ ਚੋਣ ਹਲਕਿਆਂ ਦਾ ਪ੍ਰਬੰਧ
7. ਡਾਇਰਕਕੀ- 1919, ਐਲ. ਚੈਮਸਫੋਰਡ, ਭਾਵ ਸਰਕਾਰ ਦੀ ਦੋਹਰਾ ਪ੍ਰਣਾਲੀ
8. ਰੋਲੈਟ ਐਕਟ- 1919, ਐਲ. ਚੈਮਸਫੋਰਡ, ਜਨਰਲ ਡਾਇਰ ਨੂੰ ਕਮਾਂਡੈਂਟ ਦੇ ਤੌਰ ਤੇ ਆਜ਼ਾਦੀ ਦੇ ਸੰਘਰਸ਼ ਨੂੰ ਖਤਮ ਕਰਨ ਲਈ ਅਸਧਾਰਨ ਸ਼ਕਤੀਆਂ ਦਿੱਤੀਆਂ ਗਈਆਂ।
9. ਸਾਈਮਨ ਕਮਿਸ਼ਨ- 1928, ਲਾਰਡ ਇਰਵਿਨ, ਸੁਧਾਰਾਂ ਦੇ ਕੰਮ ਦੀ ਰਿਪੋਰਟ ਕਰਨ ਲਈ; ਸੂਬਿਆਂ ਵਿੱਚ ਸਿਫ਼ਾਰਸ਼ ਕੀਤੀ ਡਰਾਜਕੀ; ਭਾਰਤ ਨੂੰ ਸੰਘ ਦੇ ਰੂਪ ਵਿਚ ਸਥਾਪਤ ਕੀਤਾ ਜਾਣਾ ਚਾਹੀਦਾ ਹੈ ਅਤੇ ਹਥਿਆਰਬੰਦ ਫ਼ੌਜਾਂ ਦਾ ਭਾਰਤੀਕਰਨ
10. ਗਾਂਧੀ-ਇਰਵਿਨ ਸੰਧੀ- 1931, ਲਾਰਡ ਇਰਵਿਨ, ਕਾਂਗਰਸ ਨੇ ਅੰਦੋਲਨ ਬੰਦ ਕਰ ਦਿੱਤਾ ਅਤੇ ਦੂਜੀ ਗੋਲਮੇਜ਼ ਕਾਨਫਰੰਸ ਵਿਚ ਹਿੱਸਾ ਲੈਣ ਲਈ ਸਹਿਮਤ ਹੋਏ।
11. ਕਮਿਊਨਲ ਅਵਾਰਡ- 1932, ਲਾਰਡ ਵਿਲਿੰਗਟਨ, ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਤੋਂ ਇਲਾਵਾ ਉਦਾਸ ਸ਼੍ਰੇਣੀਆਂ ਲਈ ਸੰਪਰਦਾਇਕ ਪ੍ਰਤੀਨਿਧਤਾ ਕੀਤੀ ਗਈ।
12. ਵੱਖਰੇ ਚੋਣ ਹਲਕੇ- 1932, ਲਾਰਡ ਵਿਲਿੰਗਟਨ, ਕਮਿਊਨਲ ਅਵਾਰਡ ਦੇਖੋ
13. ਭਾਰਤ ਸਰਕਾਰ ਐਕਟ- 1935, ਲਾਰਡ ਵਿਲਿੰਗਟਨ, ਸੰਘੀ ਕਿਸਮ ਦੀ ਸੰਵਿਧਾਨ ਲਈ ਪ੍ਰਦਾਨ ਕੀਤੀ ਗਈ।
14. ਕ੍ਰਿਪਸ ਮਿਸ਼ਨ- 1942, ਲਾਰਡ ਲਿਨਲਿਥਗੋ, ਦੂਜੀ ਵਿਸ਼ਵ ਜੰਗ ਤੋਂ ਬਾਅਦ ਭਾਰਤ ਲਈ ਪ੍ਰਸਤਾਵਿਤ ਡੋਮੀਨੀਅਨ ਦਰਜੇ।
15. ਆਈਐਨਏਟ੍ਰਾਇਲ- 1945, ਲਾਰਡ ਵੇਵਲ, ਦਿੱਲੀ ਦੇ ਲਾਲ ਕਿਲ੍ਹੇ ਵਿਚ ਜੰਗੀ ਕੈਦੀਆਂ ਦੀ ਘੇਰਾਬੰਦੀ ਕੀਤੀ ਗਈ।
16. ਵਵੈਲ ਯੋਜਨਾ- 1945, ਲਾਰਡ ਵੇਵਲ, ਭਾਰਤ ਵਿਚਲੇ ਸਾਰੇ ਭਾਈਚਾਰਿਆਂ ਨੂੰ ਪ੍ਰਤਿਨਿਧਤਾ ਦੇਣ ਦੇ ਤਰੀਕੇ ਵਜੋਂ ਐਗਜ਼ੈਕਟਿਵ ਕੌਂਸਲ ਦੀ ਸਥਾਪਨਾ ਕੀਤੀ ਗਈ
17. ਕੈਬਨਿਟ ਮਿਸ਼ਨ ਪਲਾਨ- 1946, ਲਾਰਡ ਵੇਵਲ, ਸੰਵਿਧਾਨ ਨੂੰ ਬਣਾਉਣ ਲਈ ਸੰਵਿਧਾਨ ਸਭਾ ਦੀ ਸਥਾਪਨਾ ਕੀਤੀ ਗਈ।
18. ਮਾਉਂਟਬੈਟਨ ਪਲੈਨ- 1947, ਐਲ. ਮਾਉਂਟਬੈਟਨ, ਦੇਸ਼ ਵੰਡ ਦੀ ਯੋਜਨਾ।
19. ਭਾਰਤੀ ਨਿਰਵਿਰੋਧ ਆਜਾਦ ਕਾਨੂੰਨ- 1947, ਐਲ. ਮਾਉਂਟਬੈਟਨ, ਭਾਰਤ ਦੀ ਆਜ਼ਾਦੀ ਪ੍ਰਾਪਤ ਕੀਤੀ

ਇਸ ਤਰਾਂ ਹੋਰ ਵੀ ਬਹੁਤ ਸਾਰੇ ਸਮਾਜ ਸੁਧਾਰ ਦੇ ਕਾਨੂੰਨ ਬਣਾਏ, ਬਿਲ ਪਾਸ ਕਰਵਾਏ, ਜਿਨ੍ਹਾਂ ਨਾਲ ਬਹੁਤ ਬਦਲਾਉ ਆਇਆ।

## ਭਾਰਤ ਵਿਚ ਬ੍ਰਿਟਿਸ਼ ਸ਼ਾਸਨ ਦੇ ਸਮਾਜਿਕ ਅਤੇ ਆਰਥਿਕ ਪ੍ਰਭਾਵ-

ਭਾਰਤ ਦੇ ਨਾਲ ਆਪਣੇ ਸਬੰਧਾਂ ਦੀ ਸ਼ੁਰੂਆਤ ਤੋਂ ਹੀ, ਬ੍ਰਿਟਿਸ਼, ਜੋ ਵਪਾਰੀ ਵਜੋਂ ਆਏ ਸਨ ਅਤੇ ਸ਼ਾਸਕ ਅਤੇ ਪ੍ਰਬੰਧਕ ਬਣ ਗਏ ਸਨ, ਨੇ ਦੇਸ਼ ਦੇ ਆਰਥਿਕ ਅਤੇ ਰਾਜਨੀਤਕ ਪ੍ਰਣਾਲੀ ਨੂੰ ਪ੍ਰਭਾਵਤ ਕੀਤਾ।ਭਾਰਤ ਦੇ ਸਭਿਆਚਾਰਕ ਅਤੇ ਸਮਾਜਿਕ ਜੀਵਨ 'ਤੇ ਉਨ੍ਹਾਂ ਦਾ ਪ੍ਰਭਾਵ, ਹਾਲਾਂਕਿ, ਹੌਲੀ-ਹੌਲੀ ਸੀ।1813 ਤੱਕ, ਉਹ ਭਾਰਤੀਆਂ ਦੇ ਸਮਾਜਿਕ ਅਤੇ ਸੱਭਿਆਚਾਰਕ ਜੀਵਨ ਵਿੱਚ ਗ਼ੈਰ-ਦਖ਼ਲ ਦੀ ਨੀਤੀ ਦੀ ਪਾਲਣਾ ਕਰਦੇ ਸਨ। ਫਿਰ ਵੀ, ਇਹਨਾਂ ਖੇਤਰਾਂ (ਭਾਰਤੀਆਂ ਦਾ ਸਮਾਜਿਕ ਜੀਵਨ) ਵਿੱਚ ਬਦਲਾਅ ਹੋ ਰਹੇ ਸਨ।




## ਸਿੱਖਿਆ ਦੇ ਖੇਤਰ ਵਿਚ ਸੁਧਾਰ ਅਤੇ 1813 ਦੇ ਚਾਰਟਰ ਐਕਟ:

ਸੁਰੂ ਵਿਚ ਸਿੱਖਿਆ ਦੀ ਪੁਰਾਣੀ ਪ੍ਰਣਾਲੀ ਜਾਰੀ ਰੱਖਣ ਦੀ ਇਜਾਜ਼ਤ ਦਿੱਤੀ। ਪਾਠਸ਼ਾਲਾ, ਜਿਨ੍ਹਾਂ ਨੇ ਇਕ ਗ੍ਰਾਮੀਣ ਸਮਾਜ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਤਿਆਰ ਕੀਤੀ ਵਿਸ਼ੇਸ਼ ਕਿਸਮ ਦੀ ਸਿੱਖਿਆ ਦਿੱਤੀ, ਸਾਰਿਆਂ ਲਈ ਖੁੱਲ੍ਹਾ ਸੀ ਸੰਸਕ੍ਰਿਤ ਦੀ ਵਿਦਿਆ ਨੂੰ ਟੋਲੀਆਂ ਵਿਚ ਦਿਤਾ ਗਿਆ ਸੀ। ਮੁਸਲਮਾਨਾਂ ਨੇ ਮਦਰੱਸੇ ਵਿਚ ਹਿੱਸਾ ਲਿਆ ਉਚ ਸਿੱਖਿਆ ਮੁੱਖ ਤੌਰ ਤੇ ਉੱਚ ਜਾਤਾਂ ਨੂੰ ਸੀਮਤ ਸੀ ਅਖੀਰ ਬ੍ਰਿਟਿਸ਼ ਨੇ ਸਿੱਖਿਆ ਦੀ ਇਹ ਪ੍ਰਣਾਲੀ ਬਦਲੀ।19 ਵੀ ਸਦੀ ਦੇ ਅਰੰਭ ਵਿੱਚ, ਕੰਪਨੀ ਨੂੰ ਭਾਰਤ ਵਿੱਚ ਪੱਛਮੀ ਵਿੱਦਿਆ ਦੀ ਸ਼ੁਰੂਆਤ ਕਰਨ ਦੀ ਲੋੜ ਤੋਂ ਜਾਣਕਾਰੀ ਹੋਈ ਪਰ, ਈਸਾਈ ਮਿਸ਼ਨਰੀਆਂ, ਜੋ ਸਿੱਖਿਆ ਦੁਆਰਾ ਈਸਾਈ ਧਰਮ ਨੂੰ ਫੈਲਾਉਣ ਵਿਚ ਦਿਲਚਸਪੀ ਰੱਖਦੇ ਸਨ, ਪਹਿਲਾਂ ਹੀ ਕਈ ਸਿੱਖਿਆ ਸੰਸਥਾਵਾਂ ਸਥਾਪਿਤ ਕਰ ਚੁੱਕੀਆਂ ਸਨ ਜੋ ਆਪਣੇ ਚਰਚਾਂ ਨਾਲ ਜੁੜੀਆਂ ਹੋਈਆਂ ਸਨ।

1813 ਦੇ ਚਾਰਟਰ ਐਕਟ ਨੇ ਕੰਪਨੀ ਨੂੰ ਭਾਰਤੀਆਂ ਦੀ ਸਿੱਖਿਆ 'ਤੇ ਇਕ ਲੱਖ ਰੁਪਏ ਖਰਚਣ ਦਾ ਆਦੇਸ਼ ਦਿੱਤਾ ਸੀ। ਪਰ ਪੜ੍ਹਾਈ ਦੇ ਮਾਧਿਅਮ 'ਤੇ ਤਿੱਖੀ ਬਹਿਸ ਦੇ ਕਾਰਨ ਵੀ ਇਹ ਮਾਮੂਲੀ ਰਕਮ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ। ਪ੍ਰਾਥਮਿਕਤਾਵਾਂ ਨੇ ਸੰਸਕ੍ਰਿਤ ਅਤੇ ਪਾਰਸੀ ਦੀਆਂ ਕਲਾਸੀਕਲ ਭਾਸ਼ਾਵਾਂ ਦੇ ਮਾਧਿਅਮ ਰਾਹੀਂ ਰਵਾਇਤੀ ਭਾਰਤੀ ਸਿੱਖਿਆ ਦੀ ਵਕਾਲਤ ਕੀਤੀ। ਦੂਜੇ ਪਾਸੇ ਐਂਗਲੀਸਿਸਟਾਂ ਨੇ ਦਲੀਲ ਦਿੱਤੀ ਕਿ ਪੱਛਮੀ ਵਿੱਦਿਆ ਅੰਗਰੇਜ਼ੀ ਦੇ ਮਾਧਿਅਮ ਦੁਆਰਾ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ।

ਗਵਰਨਰ ਜਨਰਲ ਦੀ ਕੌਂਸਲ ਦੇ ਪਹਿਲੇ ਕਾਨੂੰਨ ਮੈਂਬਰ ਥਾਮਸ ਮੈਕੌਲੇ ਨੇ ਪੱਛਮੀ ਸੋਚ ਅਤੇ ਆਦਰਸ਼ਾਂ (1835 ਦੇ ਮੈਕਾਲੇ ਦੀ ਮਿੰਟ) ਵਿਚ ਲੋਕਾਂ ਨੂੰ ਸਿੱਖਿਆ ਦੇਣ ਲਈ ਇਕ ਅੰਗ ਵਜੋਂ ਅੰਗ੍ਰੇਜ਼ੀ ਭਾਸ਼ਾ ਨੂੰ ਤਰੱਕੀ ਦਿੱਤੀ। ਵਿਲੀਅਮ ਬੈਂਟਿਨਕੇ ਨੇ ਮੈਕੌਲੇ ਦੇ ਵਿਚਾਰਾਂ ਦਾ ਸਮਰਥਨ ਕੀਤਾ। 1835 ਵਿਚ, ਸਰਕਾਰ ਨੇ ਐਲਾਨ ਕੀਤਾ ਕਿ ਐਜੂਕੇਸ਼ਨ ਫੰਡਾਂ ਨੂੰ ਅੰਗ੍ਰੇਜ਼ੀ ਦੇ ਮਾਧਿਅਮ ਰਾਹੀਂ ਪੱਛਮੀ ਵਿੱਦਿਆ ਪ੍ਰਦਾਨ ਕਰਨ ਲਈ ਵਰਤਿਆ ਜਾਵੇਗਾ।

1844 ਵਿਚ, ਅੰਗਰੇਜੀ ਸਰਕਾਰੀ ਭਾਸ਼ਾ ਬਣ ਗਈ ਅਤੇ ਇਹ ਐਲਾਨ ਕੀਤਾ ਗਿਆ ਕਿ ਜਨਤਾ ਦੇ ਗਿਆਨ ਲਈ ਲੋਕਾਂ ਨੂੰ ਜਨਤਕ ਰੁਜ਼ਗਾਰ ਲਈ ਚੁਣਿਆ ਜਾਵੇਗਾ। ਇਸ ਨੇ ਭਾਰਤ ਵਿਚ ਅੰਗਰੇਜ਼ੀ ਸਿੱਖਿਆ ਦੇ ਫੈਲਣ ਵਿਚ ਮਦਦ ਕੀਤੀ। 1854 ਵਿੱਚ ਕੰਪਨੀ ਦੇ ਕੰਟਰੋਲ ਬੋਰਡ ਦੇ ਪ੍ਰੈਜ਼ੀਡੈਂਟ ਚਾਰਲਸ ਵੁੱਡ ਨੇ ਵਿਦਿਅਕ ਪੁਨਰਗਠਨ ਲਈ ਇੱਕ ਯੋਜਨਾ ਤਿਆਰ ਕੀਤੀ। ਸਰਕਾਰ ਨੇ "ਪ੍ਰਾਇਮਰੀ ਸਕੂਲ ਤੋਂ ਯੂਨੀਵਰਸਿਟੀ ਨੂੰ ਚੰਗੀ ਤਰ੍ਹਾਂ ਵਿਵਹਾਰਕ ਪ੍ਰਣਾਲੀ ਤਿਆਰ ਕਰਨ" ਦੇ ਇਰਾਦੇ ਘੋਸ਼ਿਤ ਕਰ ਦਿੱਤੇ।ਵੁੱਡਜ਼ ਡਿਸਪੈਚ ਦੇ ਅਨੁਸਾਰ ਕਲਕੱਤਾ, ਬੰਬਈ ਅਤੇ ਮਦਰਾਸ (1857) ਵਿਚ ਯੂਨੀਵਰਸਿਟੀਆਂ ਸਥਾਪਿਤ ਕੀਤੀਆਂ ਗਈਆਂ। 1858 ਵਿਚ, ਪ੍ਰਸਿੱਧ ਬੰਗਾਲੀ ਲੇਖਕ ਬੈਂਕੀਮ ਚੰਦਰ ਚੈਟਰਜੀ ਕਲਕੱਤਾ ਯੂਨੀਵਰਸਿਟੀ ਦੇ ਪਹਿਲੇ ਦੋ ਗ੍ਰੈਜੂਏਟਾਂ ਵਿਚੋਂ ਇਕ ਬਣ ਗਏ ਸਨ।

ਸਰਕਾਰ ਦੀ ਵਿਦਿਅਕ ਨੀਤੀਆਂ ਨੇ ਸੀਮਿਤ ਗਿਣਤੀ ਦੇ ਲੋਕਾਂ ਨੂੰ ਪੜ੍ਹਾਈ ਕੀਤੀ। ਅੰਗ੍ਰੇਜ਼ੀ ਸਿੱਖਿਆ ਨੂੰ ਤਰੱਕੀ ਦਿੱਤੀ ਗਈ ਸੀ। ਰਵਾਇਤੀ ਪਾਠਸ਼ਾਲਾਂ ਨੂੰ ਨੁਕਸਾਨ ਹੋਇਆ ਕਿਉਂਕਿ ਮੁਢਲੀ ਸਿੱਖਿਆ ਪ੍ਰਣਾਲੀ ਦੀ ਥਾਂ ਉਤੇ ਨਵੀਂ ਪ੍ਰਣਾਲੀ ਰੱਖੀ ਗਈ ਸੀ। ਪਰ, ਜ਼ੋਰ ਉੱਚ ਸਿੱਖਿਆ 'ਤੇ ਸੀ, ਅੰਗ੍ਰੇਜ਼ੀ ਦੀ ਸਿੱਖਿਆ ਵੀ ਫੈਲਦੀ ਰਹੀ।

ਇਹ ਯਾਦ ਰੱਖਿਆ ਜਾਣਾ ਚਾਹੀਦਾ ਹੈ ਕਿ ਘੱਟ ਦਰਜੇ ਦੇ ਅੰਗਰੇਜ਼ੀ-ਜਾਣਨ ਵਾਲੇ ਭਾਰਤੀ ਕਲਰਕਾਂ ਦੀ ਜ਼ਰੂਰਤ ਇਕ ਮੁੱਖ ਕਾਰਣ ਸੀ ਜਿਸ ਨੇ ਸਰਕਾਰ ਨੂੰ ਪੱਛਮੀ ਸਿੱਖਿਆ ਫੈਲਾਉਣ ਲਈ ਕਦਮ ਚੁੱਕਣ ਲਈ ਪ੍ਰੇਰਿਆ। ਵੱਡੀ ਪਧਰ ਉਤੇ ਨੌਕਰਸ਼ਾਹੀ ਵਿਚ ਪੜ੍ਹੇ ਲਿਖੇ ਭਾਰਤੀਆਂ ਦੀ ਭਰਤੀ ਕਰਨਾ ਜ਼ਰੂਰੀ ਸੀ।

ਪ੍ਰਸ਼ਾਸਨ ਦੇ ਹਰ ਪੱਧਰ 'ਤੇ ਅੰਗਰੇਜ਼ਾਂ ਨੂੰ ਨੌਕਰੀ' ਤੇ ਖਰਚ ਕਰਨਾ ਮਹਿੰਗਾ ਅਤੇ ਮੁਸ਼ਕਲ ਸੀ। ਸਭ ਤੋਂ ਵੱਧ, ਇਹ ਵਿਚਾਰ ਇਕ ਐਸੀਜਮਾਤ ਬਣਾਉਣਾ ਸੀ ਜੋ "ਲਹੂ ਅਤੇ ਰੰਗ ਵਿਚ ਭਾਰਤੀ, ਹੋਵੇਪਰ ਉਹ ਰਵਾਇਤਾਂ, ਵਿਚਾਰਾਂ, ਨਾਲਅੰਗਰੇਜ਼ੀ ਬੁੱਧੀਜੀਵੀ" ਹੋਣਾ ਸੀ। ਇਸ ਤੋਂ ਇਲਾਵਾ, ਪੱਛਮੀ ਵਿੱਦਿਆ ਤੋਂ ਉਮੀਦ ਕੀਤੀ ਜਾਂਦੀ ਸੀ ਕਿ ਭਾਰਤ ਦੇ ਲੋਕਾਂ ਨੂੰ ਬ੍ਰਿਟਿਸ਼ ਰਾਜ ਵਿਚ ਮਿਲਾਉਣਾ ਖਾਸ ਤੌਰ ਤੇ ਜਦੋਂ ਇਹ ਬ੍ਰਿਟਿਸ਼ ਸ਼ਾਸਨ ਦੀ ਵਡਿਆਈ ਕਰਦਾ ਸੀ।

ਹਾਲਾਂਕਿ, ਪੱਛਮੀ ਸਿਖਿਆ ਨੇ, ਭਾਰਤੀ ਸਮਾਜ ਨੂੰ ਉਸ ਤਰੀਕੇ ਨਾਲ ਪ੍ਰਭਾਵਿਤ ਕੀਤਾ, ਜਿਸ ਤਰ੍ਹਾਂ ਬ੍ਰਿਟਿਸ਼ ਨੇ ਕਲਪਨਾ ਵੀ ਨਹੀਂ ਕੀਤੀ ਸੀ। ਫ਼ਿਲਾਸਫ਼ਰ ਜਿਵੇਂ ਕਿ ਜੌਨ ਲੌਕ, ਜੇਰੇਮੀ ਬੈਨਥਮ, ਐਡਮ ਸਮਿਥ ਅਤੇ ਵੋਲਟੇਅਰ ਦੇ ਸਿਧਾਂਤ ਨੇ ਆਜ਼ਾਦੀ, ਖੁੱਲ, ਬਰਾਬਰਤਾ ਅਤੇ ਲੋਕਤੰਤਰ ਨੂੰ ਭਾਰਤੀਆਂ ਦੇ ਮੱਤ ਵਿਚ ਸ਼ਾਮਿਲ ਕਰ ਦਿਤਾ। ਅਜਿਹੇ ਵਿਚਾਰਾਂ ਦੇ ਖੁਲਾਸੇ ਦੇ ਸਿੱਟੇ ਵਜੋਂ, ਭਾਰਤੀਆਂ ਨੇ ਤਬਦੀਲੀ ਦੀ ਲੋੜ ਨੂੰ ਪਛਾਨਣਾ ਸ਼ੁਰੂ ਕਰ ਦਿੱਤਾ।

ਸਿੱਖਿਆ ਪ੍ਰਣਾਲੀ ਨੂੰ ਵਿੱਚ ਅੰਗ੍ਰੇਜ਼ੀ ਲਗਾਉਣਾ ਵਿੱਚ ਇਸ ਚੰਗੀ ਗਲ ਇਹ ਸੀ ਕਿ ਵੱਖ-ਵੱਖ ਭਾਸ਼ਾਵਾਂ ਬੋਲਣ ਵਾਲੇ ਭਿੰਨ-ਭਿੰਨ ਖੇਤਰਾਂ ਵਾਲੇ ਭਾਰਤੀ ਹੁਣ ਅੰਗਰੇਜ਼ੀ ਦੇ ਮਾਧਿਅਮ ਰਾਹੀ ਇਕ ਦੂਜੇ ਨਾਲ ਗੱਲਬਾਤ ਕਰ ਸਕਦੇ ਹਨ। ਅੰਗਰੇਜ਼ੀ ਨੇ ਪੜ੍ਹੇ ਲਿਖੇ ਭਾਰਤੀਆਂ ਨੂੰ ਇਕਜੁੱਟ ਕਰ ਦਿਤਾ ਅਤੇ ਉਹਨਾਂ ਵਿਚ ਇਕਸਾਰਤਾ ਦੀ ਭਾਵਨਾ ਪੈਦਾ ਕੀਤੀ। ਜਿਸ ਵਿਚੋਂ ਰਾਸ਼ਟਰਵਾਦ ਦੀ ਭਾਵਨਾ ਹੌਲੀ ਹੌਲੀ ਉਭਾਰ ਦਾ ਕਾਰਨ ਬਣੀ।

## ਬ੍ਰਿਟਿਸ਼ ਦੁਆਰਾ ਭਾਰਤ ਦੇ ਅਤੀਤ ਦੀ ਮੁੜ ਖੋਜ:

ਭਾਰਤ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਸਥਾਪਿਤ ਕਰਨ ਲਈ, ਉਸਦੀਆਂ ਪਿਛਲੀਆਂ ਪਰੰਪਰਾਵਾਂ ਅਤੇ ਸੱਭਿਆਚਾਰ ਦੀ ਸਮਝ ਹੋਣੀ ਜ਼ਰੂਰੀ ਸੀ। ਸੰਸਕ੍ਰਿਤ ਭਾਸ਼ਾ ਨੂੰ ਤਰੱਕੀ ਦਿੱਤੀ ਗਈ ਸੀ ਅਤੇ ਇਸ ਮੰਤਵ ਲਈ ਕਈ ਵਿਦਿਅਕ ਸੰਸਥਾਵਾਂ ਕਾਇਮ ਕੀਤੀਆਂ ਗਈਆਂ। ਬਹੁਤ ਸਾਰੇ ਯੂਰਪੀ ਵਿਦਵਾਨ ਅਤੇ ਸਰਕਾਰੀ ਕਰਮਚਾਰੀ ਭਾਰਤੀ ਭਾਸ਼ਾਵਾਂ ਵਿਚ ਵੱਧ ਦਿਲਚਸਪੀ ਲੈਣ ਲੱਗੇ। ਕਲਕੱਤਾ ਵਿੱਚ ਵਿਲੀਅਮ ਜੋਨਸ ਨੇ ਏਸ਼ੀਆਟਿਕ ਸੁਸਾਇਟੀ ਦੀ ਸਥਾਪਨਾ ਕੀਤੀ। ਜੋਨਸ ਆਪ ਵੀ ਸੰਸਕ੍ਰਿਤ ਦਾ ਮਹਾਨ ਵਿਦਵਾਨ ਸੀ। ਉਸਨੇ ਮਨੂ ਸਮ੍ਰਿਤੀ ਵਰਗੇ ਕੁਝ ਪ੍ਰਾਚੀਨ ਭਾਰਤੀ ਕਿਤਾਬਾਂ ਦਾ ਅਨੁਵਾਦ ਕੀਤਾ। ਸੰਸਕ੍ਰਿਤ ਅਤੇ ਭਾਰਤੀ ਅਤੀਤ ਬਾਰੇ ਜੋਨਸ ਦੇ ਕਈ ਵਿਦਵਤਾ-ਪੂਰਨ ਲੇਖ ਬੰਗਾਲ ਦੇ ਏਸ਼ੀਆਟਿਕ ਸੁਸਾਇਟੀ ਜਰਨਲ ਵਿੱਚ ਛਾਪੇ ਗਏ ਸਨ।

ਚਾਰਲਸ ਵਿਲਕਿਨ ਨੇ ਭਗਵਦ ਗੀਤਾ ਦਾ ਅੰਗਰੇਜ਼ੀ ਵਿਚ ਅਨੁਵਾਦ ਕੀਤਾ। ਮੈਕਸ ਮੂਲਰ ਨੇ ਰਿਗ ਵੇਦ ਦਾ ਤਰਜਮਾ ਕੀਤਾ। ਭਾਰਤ ਦੇ ਪੁਰਾਤੱਤਵ ਸਰਵੇਖਣ ਦੀ ਸਥਾਪਨਾ ਸਿਕੰਦਰ ਕਨਿੰਘਮ ਅਤੇ ਜੌਨ ਮਾਰਸ਼ਲ ਦੇ ਯਤਨਾਂ ਸਦਕਾ ਕੀਤੀ ਗਈ ਸੀ। ਜੇਮਸ ਪ੍ਰਿੰਪ ਨੇ ਮਹਾਨ ਅਸ਼ੋਕਾ ਦੇ ਸ਼ਿਲਾ-ਲੇਖਾਂ ਨੂੰ ਉਜਾਗਰ ਕੀਤਾ ਜੋ ਬ੍ਰਹਮੀ ਭਾਸ਼ਾ ਵਿਚ ਲਿਖੇ ਗਏ ਸਨ।

ਪੱਛਮੀ ਵਿਦਵਾਨਾਂ ਦੁਆਰਾ ਪ੍ਰਗਟ ਕੀਤੇ ਗਏ ਭਾਰਤ ਦੇ ਅਮੀਰ ਅਤੇ ਸ਼ਾਨਦਾਰ ਇਤਿਹਾਸ ਨੇ ਭਾਰਤੀਆਂ ਨੂੰ ਆਪਣੇ ਗੁਆਚੇ ਹੋਏ ਮਾਣ ਅਤੇ ਵਿਸ਼ਵਾਸ ਨੂੰ ਮੁੜ ਹਾਸਲ ਕਰਨ ਵਿਚ ਸਹਾਇਤਾ ਕੀਤੀ ਅਤੇ ਜੋ ਭਾਰਤੀ ਲੋਕ ਨਿੱਕੇ ਨਿੱਕੇ ਟੁਕੜਿਆ ਵਿਚ ਵੰਡੇ ਹੋਏ ਕਦੀ ਇੱਕਠੇ ਇਕ ਦੇਸ਼ ਦੀ ਤਰਾਂ ਸੋਚਣ ਲਈ ਕਾਬਿਲ ਨਹੀ ਹੋਏ ਸਨ ਉਹਨਾਂ ਇਕ ਰਾਸ਼ਟਰਵਾਦ ਬਣਨ ਦੇ ਵਿਕਾਸ ਵਿਚ ਯੋਗਦਾਨ ਪਾਇਆ। ਇਸ ਦੇ ਨਾਲ ਹੀ ਭਾਰਤ ਪੁਰਾਤਨ ਦਫਨ ਹੋ ਚੁੱਕੀ ਸਭਿਅਤਾ ਮਹਿੰਜੋਦੜੋ, ਹੜੱਪਾ ਦਾ ਖੋਜ ਕਰ ਭਾਰਤ ਦੇ ਇਤਿਹਾਸ ਨੂੰ ਨਵਾਂ ਮੋੜ ਦਿਤੇ। ਇਸ ਨਾਲ ਭਾਰਤੀ ਮੂਲਨਿਵਾਸੀਆਂ ਦੀ ਸੋਚ ਦਾ ਦਾਇਰਾ ਹੋਰ ਵਧਿਆ।

## ਬ੍ਰਿਟਿਸ਼ਾਂ ਦੇ ਅਧੀਨ ਸਮਾਜਿਕ ਬਦਲਾਅ ਅਤੇ ਸੁਧਾਰ:

19 ਵੀ ਸਦੀ ਦੇ ਸ਼ੁਰੂਆਤੀ ਦਹਾਕਿਆਂ ਵਿਚ

(ਬਾਕੀ ਅਗਲੇ ਸਫੇ 'ਤੇ)

# ਭਾਰਤੀ ਲੋਕਾਂ ਨੂੰ ਸਮਾਜਿਕ ਸੁਧਾਰਾਂ ਦੀ ਕਿਉਂ ਲੋੜ ਪਈ

(ਸਫਾ 20 ਦੀ ਬਾਕੀ)

ਸਮਾਜਿਕ ਅਤੇ ਧਾਰਮਿਕ ਸੁਧਾਰਾਂ ਦੀ ਲੋੜ ਨੂੰ ਦਰਸਾਉਂਦਾ ਹੋਇਆ ਕੁਝ ਹੱਦ ਤਕ ਪੱਛਮੀ ਸਿੱਖਿਆ ਅਤੇ ਸਭਿਆਚਾਰ ਦੇ ਪ੍ਰਤੀਕ ਵਜੋਂ ਉੱਭਾਰ ਹੋਇਆ। ਪੱਛਮੀ ਤਰਜ ਦੇ ਪੜ੍ਹੇ ਭਾਰਤੀ ਲੋਕਾਂ ਦਾ ਦੂਜੇ ਭਾਰਤ ਦੇਲੋਕਾਂ ਨਾਲ ਦੇ ਸੰਪਰਕ ਅਸਾਨ ਹੋਇਆ ਹੈ ਜੋ ਕਿ ਦੇਸ਼ ਦੇ ਸਰਬਪੱਖੀ ਵਿਕਾਸ ਲਈ ਸਮਾਜਿਕ-ਧਾਰਮਿਕ ਸੁਧਾਰ ਪਹਿਲਾਂ ਪੂਰਤੀ ਸੀ। ਸਮਾਜ ਦੀਆਂ ਕਈ ਅਲਾਮਤਾ ਜੋ ਅਨਪੜਤਾ ਦੇ ਕਾਰਨ ਸਨ, ਦੂਰ ਹੋਣੀਆਂ ਸੁਰੂ ਹੋ ਗਈਆਂ।

ਰਾਜਾ ਰਾਮੋਹਨ ਰਾਏ ਵਰਗੇ ਵਿਦੇਸ਼ਾਂ ਤੋਂ ਪੜ੍ਹਕੇ ਆਏ ਅਤੇ ਸਿੱਖਿਅਤ ਹੋ ਭਾਰਤੀ ਸਮਾਜਿਕ ਬੁਰਾਈਆਂ ਨੂੰ ਖ਼ਤਮ ਕਰਨ ਲਈ ਯੋਜਨਾਬੱਧ ਢੰਗ ਨਾਲ ਕੰਮ ਕੀਤੇ। ਗਵਰਨਰ ਜਨਰਲ ਲਾਰਡ ਵਿਲੀਅਮ ਬੈਂਟਿਨਕ (1828-35) ਦੇ ਸਮੇਂ ਦੌਰਾਨ ਸਮਾਜਿਕ ਭਾਰਤ ਵਿਚ ਸੁਧਾਰਾਂ ਦੀ ਸ਼ੁਰੂਆਤ ਹੋਈ।

1829 ਵਿਚ, ਸਤੀ ਜਾਂ ਵਿਧਵਾ, ਬਾਲ ਵਿਆਹ ਖਤਮ ਕੀਤਾ। ਵਿਧਵਾ ਨੂੰ ਆਪਣੇ ਮਰ ਗਿਆ ਪਤੀ ਨਾਲ ਸਾੜਣ ਨੂੰ ਗ਼ੈਰ ਕਾਨੂੰਨੀ ਜਾਂ ਸਜ਼ਾ ਯੋਗ ਬਣਾ ਦਿੱਤਾ ਗਿਆ ਸੀ। ਮਾਦਾ ਭਰੂਣ ਹਤਿਆ ਤੇ ਪਾਬੰਦੀ ਲਗਾਈ ਗਈ। ਹਾਲਾਂਕਿ, ਅੱਜ ਵੀ, ਭਾਰਤ ਵਿਚ ਬਹੁਤ ਸਾਰੇ ਖੇਤਰਾਂ ਵਿਚ ਭਰੂਣ ਹਤਿਆ, ਬਲਾਤਕਾਰ, ਔਰਤਾਂ ਉਤੇ ਜੁਲਮ ਦੀ ਪ੍ਰੈਕਟਿਸ ਜਾਰੀ ਹੈ।

ਵਗਾਰ ਕਰਾਉਣਾ, ਕੰਮ ਦੇ ਘੰਟੇ, ਛੁੱਟੀਆਂ, ਔਰਤਾ ਦੀ ਸਿਖਿਆ ਨੂੰ ਪਹਿਲ, ਗੁਲਾਮੀ ਨੂੰ ਗ਼ੈਰ-ਕਾਨੂੰਨੀ ਐਲਾਨ ਕੀਤਾ ਗਿਆ।1856 ਵਿਚ ਲਾਰਡ ਡਲਹੌਜ਼ੀ ਦੁਆਰਾ ਵਿਧਵਾ ਰੀਮੈਰਿਜ ਐਕਟ ਪਾਸ ਕੀਤਾ ਗਿਆ ਅਤੇ ਬਾਲ ਵਿਆਹ ਅਤੇ ਬਹੁ-ਵਿਆਹ ਦੇ ਵਿਰੁੱਧ ਵੀ ਪ੍ਰਚਾਰ ਕੀਤਾ। ਪ੍ਰਮਾਤਮਾ ਦੀ ਕ੍ਰਿਪਾ ਲਈ ਬੱਚਿਆਂ ਦੀ ਬਲੀ ਦੇਣ ਦੀ ਪ੍ਰਕਿਰਿਆ ਨੂੰ ਗਵਰਨਰ ਜਨਰਲ ਲਾਰਡ ਹਾਰਡਿੰਗ ਨੂੰ ਰੋਕ ਲਾਈ।

**ਰੇਲਵੇ, ਸੜਕਾਂ ਅਤੇਆਵਾਜਾਈ ਦੇ ਚੰਗੇ ਪ੍ਰਭਾਵ:**

ਈਸ਼ਟ ਇੰਡੀਆ ਕੰਪਨੀ ਮੁੱਖ ਤੌਰ ਤੇ ਇਕ ਵਪਾਰਕ ਚਿੰਤਾ ਸੀ। ਵਪਾਰਕ ਹਿੱਤਾਂ ਨੇ ਭਾਰਤ ਵਿਚ ਬ੍ਰਿਟਿਸ਼ ਨੀਤੀਆਂ ਬਣਾਈਆਂ। ਹਾਲਾਂਕਿ ਕੰਪਨੀ ਦੇ ਰਾਜਨੀਤਿਕ ਅਧਿਕਾਰ ਵਿੱਚ ਵਾਧਾ ਹੋਇਆ ਹੈ, ਉਦਯੋਗਿਕ ਕ੍ਰਾਂਤੀ ਨੇ ਤੇਜ਼ ਗਤੀ ਪ੍ਰਾਪਤ ਕੀਤੀ, ਉਦਯੋਗਿਕ ਕਲਾਸ ਇੰਗਲੈਂਡ ਵਿੱਚ ਬਹੁਤ ਸ਼ਕਤੀਸ਼ਾਲੀ ਬਣ ਗਿਆ।ਉਹ ਹੁਣ ਚਾਹੁੰਦੇ ਹਨ ਕਿ ਸਰਕਾਰ ਮਸ਼ੀਨ ਨਿਰਮਾਣਿਤ ਬ੍ਰਿਟਿਸ਼ ਵਸਤਾਂ, ਖ਼ਾਸ ਕਰਕੇ ਬ੍ਰਿਟਿਸ਼ ਟੈਕਸਟਾਈਲਜ਼ ਦੀ ਵਿਕਰੀ ਨੂੰ ਵਧਾਵੇ। ਇਸੇ ਸਮੇਂ ਬ੍ਰਿਟਿਸ਼ ਉਦਯੋਗਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਭਾਰਤ ਤੋਂ ਕੱਚੇ ਮਾਲ ਨੂੰ ਨਿਰਯਾਤ ਕੀਤਾ ਗਿਆ।

ਤਿਆਰ ਕੀਤੇ ਉਤਪਾਦਾਂ ਨੂੰ ਉਤਸਾਹਤ ਕਰਨ ਦੀ ਬਜਾਏ, ਭਾਰਤ ਨੂੰ ਹੁਣ ਕੱਚੇ ਮਾਲ ਜਿਵੇਂ ਕਪਾਹ ਅਤੇ ਰੇਸ਼ਮ ਵਾਲੇ ਉਤਪਾਦਾਂ ਦੇ ਜੋਰ ਦਿਤਾ, ਨਿੰਬੂ ਅਤੇ ਚਾਹ, ਜਾਂ ਅਨਾਜ ਬਾਹਰ ਭੇਜਣ ਲਈ ਮਜ਼ਬੂਰ ਕੀਤਾ ਗਿਆ, ਜੋ ਕਿ ਬਰਤਾਨੀਆ ਵਿੱਚ ਘੱਟ ਉਤਪਾਦ ਹੁੰਦੇ ਸਨ। ਇੰਗਲੈਂਡ ਦੀਆਂ ਉਦਯੋਗਿਕ ਮੰਗਾਂ ਨਾਲ ਕਲੋਨੀਆਂ ਵਿੱਚ ਵਧੀਆ ਸੰਚਾਰ ਸਹੂਲਤਾਂ ਦੀ ਜਰੂਰਤ ਪਈ।

19ਵੀਂ ਸਦੀ ਦੇ ਮੱਧ ਤੱਕ, ਭਾਰਤ ਵਿੱਚ ਆਵਾਜਾਈ ਦੇ ਸਾਧਨ ਪਛੜੇ ਹੋਏ ਸਨ।ਕੱਚੀਆਂ ਸੜਕਾਂ ਰਾਹੀ ਮੁੱਖ ਤੌਰ ਤੇ ਬਲਦ-ਗੱਡੀਆਂ, ਖੱਚਰਾਂ ਅਤੇ ਊਠਾਂ ਦੁਆਰਾ ਭੇਜੀਆ ਸਨ। ਕਿਸ਼ਤੀਆਂ ਰਾਹੀਂ ਦਰਿਆਈ ਟ੍ਰਾਂਸਪੋਰਟ ਵੀ ਪ੍ਰਚਲਿਤ ਸੀ। ਮਾੜੇ ਸੰਚਾਰ ਪ੍ਰਬੰਧ ਅਤੇ ਪੁਰਾਣੀ ਟ੍ਰਾਂਸਪੋਰਟ ਪ੍ਰਣਾਲੀ ਦੇ ਕਾਰਨ ਵਪਾਰ ਦੀ ਮਾਤਰਾ ਸੀਮਤ ਸੀ। ਬ੍ਰਿਟਿਸ਼ ਸ਼ਾਸਕਾਂ ਨੂੰ ਛੇਤੀ ਹੀ ਇਹ ਅਹਿਸਾਸ ਹੋ ਗਿਆ ਕਿ ਜੇ ਬ੍ਰਿਟਿਸ਼ ਦਾ ਅਧੂਨਿਕ ਸਾਜ਼ੋ-ਸਾਮਾਨ ਵੱਡੇ ਪੱਧਰ ਤੇ ਭਾਰਤ ਵਿਚ ਵਰਤਿਆਜਾਵੇ ਅਤੇ ਵਪਾਰ ਨੂੰ ਤੇਜ ਕੀਤਾ ਜਾਵੇ।

ਉਨ੍ਹਾਂ ਨੇ ਦਰਿਆਵਾਂ ਤੇ ਸਟੀਮਸ਼ਿਪ ਦੀ ਸ਼ੁਰੂਆਤ ਕੀਤੀ ਅਤੇ ਸੜਕਾਂ ਨੂੰ ਸੁਧਾਰਨ ਦਾ ਕੰਮ ਸੁਰੂ ਕੀਤਾ। ਕਲਕੱਤਾ ਤੋਂ ਦਿੱਲੀ ਤੱਕ ਦਾ ਗ੍ਰੈਂਡ ਟਰੰਕ ਰੋਡ ਤੇ ਕੰਮ ਕਰਨਾ ਸ਼ੁਰੂ ਹੋ ਗਿਆ ਅਤੇ 1850 ਵਿੱਚ ਇਸਨੂੰ ਪੂਰਾ ਕੀਤਾ ਗਿਆ ਸੀ। ਮਹੱਤਵਪੂਰਨ ਵਪਾਰਕ ਕੇਂਦਰ ਅਤੇ ਕੱਚੇ ਮਾਲ ਵਿਚ ਅਮੀਰ ਖੇਤਰ ਸੜਕਾਂ ਅਤੇ ਨਹਿਰਾਂ ਦੇ ਨੈਟਵਰਕ ਦੁਆਰਾ ਜੁੜੇ ਹੋਏ ਸਨ। ਪਰ ਟ੍ਰਾਂਸਪੋਰਟ ਵਿਚ ਸਭ ਤੋਂ ਵੱਡੇ ਸੁਧਾਰ ਰੇਲਵੇ ਦੀ ਸ਼ੁਰੂਆਤ ਦੇ ਨਾਲ ਆਇਆ।

1830 ਅਤੇ 1840 ਦੇ ਦਰਮਿਆਨ ਇੰਗਲੈਂਡ ਵਿਚ ਇਕ ਰੇਲਵੇ ਸਿਸਟਮ ਤੇਜ਼ੀ ਨਾਲ ਵਿਕਸਿਤ ਕੀਤਾ ਗਿਆ ਸੀ। ਜਲਦੀ ਹੀ ਭਾਰਤ ਵਿੱਚ ਇਸ ਦੇ ਜਾਣ-ਪਛਾਣ ਲਈ ਮਾਊਂਟ ਦੇ ਦਬਾਅ ਥੱਲੇ ਕੀਤਾ ਗਿਆ ਬ੍ਰਿਟਿਸ਼ ਉਦਯੋਗਿਕ ਨਿਰਮਾਤਾਵਾਂ ਨੇ ਆਪਣੀਆਂ ਤਿਆਰ ਕੀਤੀਆਂ ਵਸਤਾਂ ਲਈ ਆਉਂਦੇ ਅਧੀਨ ਖੇਤਰਾਂ ਵਿੱਚ ਮਾਰਕੀਟ ਖੋਲ੍ਹਣ ਦੀ ਉਮੀਦ ਕੀਤੀ ਅਤੇ ਆਪਣੀ ਭਾਰਤੀ ਕੱਚੇ ਮਾਲ ਦੀ ਦਰਾਮਦ ਦੀ ਸਹੂਲਤ ਲਈ।

ਬ੍ਰਿਟਿਸ਼ ਬੈਂਕਾਂ ਅਤੇ ਨਿਵੇਸ਼ਕ ਆਪਣੇ ਵਾਧੂ ਪੂੰਜੀ ਦੇ ਸੁਰੱਖਿਅਤ ਨਿਵੇਸ਼ ਲਈ ਇੱਕ ਚੈਨਲ ਦੇ ਰੂਪ ਵਿੱਚ ਭਾਰਤ ਵਿੱਚ ਰੇਲਵੇ ਦੇ ਵਿਕਾਸ ਦੇ ਵੱਲ ਵੇਖਿਆ। ਬ੍ਰਿਟਿਸ਼ ਸਟੀਲ ਨਿਰਮਾਤਾਵਾਂ ਨੇ ਇਸਨੂੰ ਆਪਣੇ ਉਤਪਾਦਾਂ ਜਿਵੇਂ ਕਿ ਰੇਲਾਂ, ਇੰਜਣ, ਵੈਗਨ ਆਦਿ ਲਈ ਇੱਕ ਆਉਟਲੇਟ ਸਮਝਿਆ। ਬੰਬਈ ਤੋਂ ਥਾਣਾ ਦੀ ਪਹਿਲੀ ਰੇਲਵੇ ਲਾਈਨ 1853 ਵਿੱਚ ਯਾਤਰਾ ਲਈ ਖੋਲ੍ਹੀ ਗਈ ਸੀ।

ਲਾਰਡ ਡਲਹੌਜ਼ੀ, ਨੇ ਖਾਸ ਕਰਕੇ, ਵਪਾਰ ਲਈ ਰੇਲਵੇ ਦੀ ਮਹੱਤਤਾ ਅਤੇ ਕਾਨੂੰਨ ਵਿਵਸਥਾ ਦੇ ਰੱਖ ਰਖਾਵ ਲਈ ਜ਼ੋਰ ਦਿੱਤਾ। ਰੇਲਵੇ ਦੀ ਵਰਤੋਂ ਨਾਲ ਬ੍ਰਿਟਿਸ਼ਸਰਕਾਰ ਨੂੰ ਹੋਰ ਪ੍ਰਭਾਵੀ ਢੰਗ ਨਾਲ ਚਲਾਉਣ ਲਈ ਸਮਰੱਥ ਕਰ ਸਕੇ। ਰੇਲਵੇ ਪ੍ਰਬੰਧਨ ਸਰਕਾਰ ਲਈ ਮਿਲਟਰੀ ਸੈਨਿਕਾਂ ਨੂੰ ਜੁਟਾਉਣ ਦੇ ਯੋਗ ਬਣਾਵੇਗਾ। 1853 ਵਿਚ, ਲਾਰਡ ਡਲਹੌਜ਼ੀ ਨੇ ਰੇਲਵੇ ਵਿਕਾਸ ਦਾ ਇਕ ਵਿਆਪਕ ਪ੍ਰੋਗਰਾਮਾ ਬਣਾਇਆ, ਅੰਦਰੂਨੀ ਹਿੱਸੇ ਨੂੰ ਵੱਡੀਆਂ ਬੰਦਰਗਾਹਾਂ ਨਾਲ ਜੋੜਿਆ ਜਾਣਾ ਸੀ। 1869 ਦੇ ਅੰਤ ਤੱਕ, ਰੇਲ ਪਟੜੀ ਦੀ 4000 ਮੀਲ ਦੀ ਦੂਰੀ ਦਾ ਟੀਚਾ ਰੱਖਿਆ ਗਿਆ ਸੀ।ਅਹਿਮ ਸ਼ਹਿਰ ਅਤੇ ਵਪਾਰਕ ਕੇਂਦਰਾਂ ਵਿਚਲੀਆਂ ਮੰਡੀਆਂ ਦਾ ਭਾਰਤਰੇਲਵੇ ਯਾਤਰਾ ਨਾਂ ਸਿਰਫ਼ ਇਕ ਉਪ-ਉਤਪਾਦ ਵਜੋਂ ਹੀ ਵਧੀ, ਸਗੋ ਵਪਾਰ ਨੂੰ ਤੇਜ ਗਤੀ ਨਾਲ ਵਧਾਇਆ।

**ਨਵੀ ਟੈਕਨੋਲੋਜੀ, ਟੈਲੀਗ੍ਰਾਫ ਅਤੇ ਪੋਸਟਲ ਸਿਸਟਮ:**

ਰੇਲਵੇ, ਟੈਲੀਗ੍ਰਾਫ ਅਤੇ ਡਾਕ ਸਿਸਟਮ ਦੀ ਸ਼ੁਰੂਆਤ ਨੇ ਭਾਰਤ ਦੇ ਵੱਖ ਵੱਖ ਹਿੱਸਿਆਂ ਨੂੰ ਜੋੜਿਆ ਅਤੇ ਲੋਕਾਂ ਵਿਚ ਵਿਚਾਰਾਂ ਦਾ ਵਟਾਂਦਰਾ ਕੀਤਾ, ਖ਼ਾਸ ਕਰਕੇ ਉਨ੍ਹਾਂ ਦੇ ਨੇਤਾਵਾਂ ਵਿਚ। ਕਲਕੱਤੇ ਤੋਂ ਆਗਰਾ ਤਕ ਦੀ ਪਹਿਲੀ ਟੈਲੀਗ੍ਰਾਫ ਲਾਈਨ 1853 ਵਿਚ ਖੋਲ੍ਹੀ ਗਈ ਸੀ। ਉਸੇ ਸਾਲ ਵਿਚ ਪੋਸਟ ਅਤੇ ਟੈਲੀਗ੍ਰਾਫ਼ ਵਿਭਾਗ ਦੀ ਸਥਾਪਨਾ ਕੀਤੀ ਗਈ ਸੀ। ਇੱਕ ਅੱਧਾ-ਆਨਾ ਪੋਸਟੇਜ ਸਟੈਂਪ ਨਾਲ ਡਾਕ ਦੇਸ਼ ਦੇ ਇੱਕ ਹਿੱਸੇ ਤੋਂ ਦੂਜੀ ਤੱਕ ਲੈ ਕੇ ਜਾਵੇਗਾ ਇਸ ਦੇ ਕਾਰਗਰ ਤੌਰ ਤੇ ਪ੍ਰਬੰਧ ਕੀਤੇ।

ਸੰਚਾਰ ਵਿੱਚ ਸੁਧਾਰ ਨੇ ਅੰਤ ਵਿੱਚ ਭਾਰਤੀਆਂ ਵਿੱਚ ਏਕਤਾ ਦੀ ਭਾਵਨਾ ਪੈਦਾ ਕਰਨ ਵਿੱਚ ਮਦਦ ਕੀਤੀ। ਪੂਰੇ ਦੇਸ਼ ਦੇ ਸੰਕਲਪ ਨੂੰ ਹੁਣ ਖੇਤਰੀ ਅਤੇ ਸੂਬਾਈ ਛੱਡਕੇ ਭਾਰਤ ਦੇਸ਼ ਇਕ ਹੋਣ ਉੱਤੇ ਤਰਜੀਹ ਦਿੱਤੀ ਗਈ। ਪੁਸਤਕਾਂ, ਜਰਨਲਜ਼ ਅਤੇ ਅਖ਼ਬਾਰਾਂ ਨੇ ਵਿਆਪਕ ਤੌਰ ਤੇ ਪ੍ਰੀਵਰਤਨ ਕੀਤਾ ਅਤੇ ਹੁਣ ਸਾਰੇ ਦੇਸ਼ ਵਿਚ ਪੜ੍ਹੇ-ਲਿਖੇ ਭਾਰਤੀਆਂ ਲਈ ਆਸਾਨੀ ਨਾਲ ਉਪਲਬਧ ਸਨ।

ਵਿਸ਼ੇਸ਼ ਤੌਰ 'ਤੇ ਰੇਲਵੇ ਦੀ ਸ਼ੁਰੂਆਤ ਨੇ ਧਰਮ ਅਤੇ ਜਾਤੀ ਦੀਆਂ ਰੁਕਾਵਟਾਂ ਨੂੰ ਤੋੜਨ ਵਿਚ ਸਹਾਇਤਾ ਕੀਤੀ। ਵੱਖਰੇ-ਵੱਖਰੇ ਧਰਮਾਂ ਅਤੇ ਸਮਾਜਿਕ ਪਿਛੋਕੜ ਵਾਲੇ ਲੋਕ ਇਕ ਰੇਲਵੇ ਦੇ ਡੱਬੇ ਵਿਚ ਇਕ-ਦੂਜੇ ਨਾਲ ਮਿਲਦੇ-ਜੁਲਦੇ, ਜਿਸ ਨਾਲ ਉਮਰ-ਪੁਰਾਣੀ ਕੱਟੜਪੰਥੀ ਛੂਤ-ਛਾਤ, ਜਾਤੀ ਅਧਾਰਤ ਖਾਣਾ ਆਦਤਾਂ ਆਦਿ ਨੂੰ ਚੁਣੌਤੀ ਬਣੀ, ਇਹ ਭਾਰਤੀ ਰਾਸ਼ਟਰਵਾਦ ਦੇ ਵਿਕਾਸ ਲਈ ਬੁਨਿਆਦੀ ਲਾਭ ਹੋਏ।

**ਬੰਗਾਲ, ਬਿਹਾਰ ਅਤੇ ਉੜੀਸਾ ਭੂਮੀ, ਜਲ ਸਰੋਤ ਸੁਧਾਰ**

ਬਰਤਾਨੀਆ ਲਈ ਭੂਮੀ ਆਮਦਨ ਦਾ ਮੁੱਖ ਸਰੋਤ ਰਿਹਾ. ਕਿਉਂਕਿ ਜ਼ਮੀਨ ਉੱਤੇ ਟੈਕਸ ਕੰਪਨੀ ਲਈ ਆਮਦਨੀ ਦਾ ਮੁੱਖ ਸਰੋਤ ਬਣਿਆ ਸੀ, ਬ੍ਰਿਟਿਸ਼ ਨੇ ਇਸ ਦੇ ਭੰਡਾਰ ਦੀ ਇੱਕ ਪ੍ਰਭਾਵੀ ਪ੍ਰਣਾਲੀ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ। 1765 ਵਿਚ, ਇਲਾਹਾਬਾਦ ਸੰਧੀ ਦੁਆਰਾ, ਈਸਟ ਇੰਡੀਆ ਕੰਪਨੀ ਨੂੰ ਬੰਗਾਲ, ਬਿਹਾਰ ਅਤੇ ਉੜੀਸਾ ਤੋਂ ਆਮਦਨ ਇਕੱਤਰ ਕਰਨ ਦਾ ਅਧਿਕਾਰ ਪ੍ਰਾਪਤ ਹੋਇਆ।

1773 ਵਿੱਚ, ਜਦੋਂ ਵਾਰਨ ਹੇਸਟਿੰਗਸ ਭਾਰਤ ਦੇ ਗਵਰਨਰ ਜਨਰਲ ਬਣੇ, ਉਸਨੇ ਪੰਜ ਸਾਲਾਂ ਦੀ ਮਿਆਦ ਲਈ ਆਮਦਨ ਇਕੱਤਰ ਕਰਨ ਦੇ ਅਧਿਕਾਰ ਦੀ ਨਿਲਾਮੀ (ਠੇਕੇਦਾਰੀ) ਕਰਨ ਦੀ ਵਿਧੀ ਪੇਸ਼ ਕੀਤੀ। ਸਭ ਤੋਂ ਵੱਧ ਬੋਲੀ ਲਗਾਉਣ ਵਾਲਿਆਂ ਨੂੰ ਸਹੀ ਅਧਿਕਾਰ ਦਿੱਤਾ ਗਿਆ ਸੀ ਪਰ ਉਹ ਨਿਰਧਾਰਤ ਮਾਲੀਏ ਨੂੰ ਇਕੱਠਾ ਕਰਨ ਵਿੱਚ ਅਸਮਰੱਥ ਸਨ। ਆਪਣੇ ਕੰਟਰੈਕਟ ਬਰਕਰਾਰ ਰੱਖਣ ਲਈ ਉਨ੍ਹਾਂ ਨੇ ਕਿਸਾਨਾਂ ਤੋਂਪੈਸੇ ਕੱਢਣ ਦੀ ਕੋਸ਼ਿਸ਼ ਕੀਤੀ।

**ਭੂਮੀ, ਕਾਸਤਕਾਰੀ, ਜੀਮੀਦਾਰਾ ਅਤੇ ਸਥਾਈ ਸੈਟਲਮੈਂਟ (1793 ਏ. ਡੀ.):**

ਰੈਵੇਨਿਊ ਸਿਸਟਮ ਦੇ ਨੁਕਸ ਨੂੰ ਦੂਰ ਕਰਨ ਲਈ, ਲਾਰਡ ਕੁਰਾਲੀਲਿਸ ਨੇ ਬੰਗਾਲ, ਬਿਹਾਰ ਅਤੇ ਉੜੀਸਾ ਵਿਚ ਇਕ ਨਵੀਂ ਵਿਵਸਥਾ ਦੀ ਸ਼ੁਰੂਆਤ ਕੀਤੀ, ਜਿਸ ਨੂੰ ਪੱਕੇ ਸੈਟਲਮੈਂਟ ਕਿਹਾ ਜਾਂਦਾ ਹੈ। ਇਸ ਪ੍ਰਣਾਲੀ ਅਧੀਨ ਜ਼ਮੀਨ ਦੀ ਜਾਇਦਾਦ ਜਾਂ ਜ਼ਮੀਨ ਦਾ ਮਾਲੀਆ ਕੁਲੈਕਟਰ ਜ਼ਮੀਨ ਦਾ ਸਥਾਈ ਮਾਲਕ ਬਣ ਗਿਆ।

ਜ਼ਿਮੀਦਾਰਾਂ ਨੇ ਜ਼ਮੀਨ ਉੱਤੇ ਅਧਿਕਾਰਿਕ ਅਧਿਕਾਰ ਪ੍ਰਾਪਤ ਕੀਤੇ। ਉਸ ਨੂੰ ਸਾਲ ਦੇ ਇੱਕ ਨਿਸ਼ਚਿਤ ਦਿਨ ਦੁਆਰਾ ਕੰਪਨੀ ਨੂੰ ਟੈਕਸ ਵਜੋਂ ਇੱਕ ਨਿਸ਼ਚਿਤ ਰਕਮ ਅਦਾ ਕਰਨੀ ਪੈਂਦੀ ਸੀ। ਜੇ ਉਹ ਨਿਰਧਾਰਤ ਦਿਨ ਦੋਣ ਵਿਚ ਅਸਫਲ ਰਹੇ, ਤਾਂ ਉਸ ਦੇ ਜਗੀਰਦਾਰ ਨੂੰ ਜ਼ਬਤਕਰ ਲਿਆ ਜਾਵੇਗਾ ਅਤੇ ਅਗੇ ਵੇਚ ਦਿੱਤਾ ਜਾਵੇਗਾ। ਕਿਸਾਨ ਹੁਣ ਜ਼ਮੀਦਾਰਾਂ ਦੇ ਕਿਰਾਏਦਾਰ ਬਣ ਗਏ। ਉਨ੍ਹਾਂ ਨੂੰ ਆਪਣੇ ਬਕਾਏ ਦੀ ਅਦਾਇਗੀ ਨਾ ਕਰਨ ਲਈ ਜਮੀਦਾਰਾਂ ਦੁਆਰਾ ਬੇਦਖ਼ਲ ਕੀਤਾ ਜਾ ਸਕਦਾ ਸੀ। ਉਨ੍ਹਾਂ ਵਿਚੋਂ ਕਈਆਂ ਨੇ ਆਪਣੀ ਜ਼ਮੀਨ ਗੁਆ ਦਿੱਤੀ।

ਸਥਾਈ ਸੈਟਲਮੈਂਟ ਨੇ ਸਰਕਾਰ ਤੋਂ ਵੱਧ ਜਮੀਨ ਮਾਲਕਾਂ ਨੂੰ ਲਾਭ ਦਿੱਤਾ। ਕੰਪਨੀ ਨੂੰ ਨਿਸ਼ਚਤ ਸਮੇਂ ਤੇ ਨਿਸ਼ਚਿਤ ਮਾਲੀਆ ਦਾ ਭਰੋਸਾ ਦਿੱਤਾ ਗਿਆ ਸੀ, ਲੇਕਿਨ ਇਸ ਨੂੰ ਜ਼ਮੀਦਾਰਾਂ ਦੀ ਜ਼ਮੀਨ ਦੀ ਕਾਸ਼ਤ ਵਧਣ ਤੋਂ ਕਿਸੇ ਵੀ ਵਾਧੂ ਆਮਦਨੀ ਦੇ ਹਿੱਸੇ ਤੋਂ ਵਾਂਝਿਆ ਕੀਤਾ ਗਿਆ ਸੀ।ਕਾਸਤਕਾਰ ਜੀਮੀਦਾਰ ਦੇ ਸ਼ੋਸ਼ਣ ਤੇ ਬਚ ਗਏ ਸਨ ਜਿਨ੍ਹਾਂ ਨੇ ਉਨ੍ਹਾਂ ਦਾ ਆਮਦਨ ਕਾਰਨ ਸ਼ੋਸ਼ਣ ਕੀਤਾ ਸੀ।

**ਮਹਲਵਰੀ ਸਿਸਟਮ:**

ਮਹਲਵਰੀ ਸਿਸਟਮ ਇਕ ਵੱਡੇ ਜਿਮੀਦਾਰੀ ਘਰ ਮਹਿਲ ਨਾਲ ਸਬੰਧਤ ਸ਼ਬਦ ਹੈ। ਇਹ ਪੰਜਾਬ , ਮੱਧ ਪ੍ਰਦੇਸ਼ ਦੇ ਕੁਝ ਹਿੱਸੇ ਅਤੇ ਪੱਛਮੀ ਉੱਤਰ ਪ੍ਰਦੇਸ਼ ਵਿੱਚ ਲਾਗੂ ਕੀਤਾ ਗਿਆ ਸੀ। ਇਹ ਪਿੰਡਾਂ ਦੇ ਲੋਕਾਂ ਨਾਲ ਇਕ ਸਮਝੌਤਾ ਸੀ ਕਿਉਂਕਿ ਇਹਨਾਂ ਖੇਤਰਾਂ ਵਿਚ ਜ਼ਮੀਨ ਦੀ ਆਮ ਮਾਲਕੀ ਹੁੰਦੀ ਸੀ। (ਮਾਹਲ ਦਾ ਮਤਲਬ ਪਿੰਡਾਂ ਦਾ ਸਮੂਹ ਹੈ) ਮਹਲ ਦਾ ਤਹਿਸੀਲਦਾਰ ਜਾਂ ਮੁਖੀ ਪਿੰਡਾਂ ਤੋਂ ਆਮਦਨ ਇਕੱਤਰ ਕਰਨ ਲਈ ਜ਼ਿੰਮੇਵਾਰ ਸਨ।

**ਰਾਇਤਵਾਰੀ ਸਿਸਟਮ:**

ਮਦਰਾਸ ਪ੍ਰੈਜ਼ੀਡੈਂਸੀ ਵਿਚ, ਰਾਇਤਵਾਰੀ ਸਿਸਟਮ ਸ਼ੁਰੂ ਕੀਤਾ ਗਿਆ ਸੀ। ਇਸ ਪ੍ਰਣਾਲੀ ਵਿਚ ਸਰਕਾਰ ਅਤੇ ਕਿਸਾਨ ਜਾਂ ਰਾਇਤਵਿਚਕਾਰ ਸਿੱਧੀ ਸਮਝੌਤਾ ਕੀਤਾ ਗਿਆ ਸੀ। 30 ਸਾਲਾਂ ਦੀ ਮਿਆਦ ਲਈ ਜ਼ਮੀਨ ਦੀ ਆਮਦਨ ਨਿਸ਼ਚਿਤ ਕੀਤੀ ਗਈ ਸੀ। ਕਿਸਾਨਾਂ ਨੂੰ ਕੁੱਲ ਉਤਪਾਦਾਂ ਦਾ ਅੱਧਾਸਰਕਾਰ ਨੂੰ ਟੈਕਸ ਦੇ ਰੂਪ ਵਿਚ ਅਦਾ ਕਰਨਾ ਪੈਣਾ ਸੀ।

**ਵਪਾਰ ਧਨ ਦਾ ਨਿਕਾਸੀ ਸਾਧਨ, ਪਰ ਕਾਸਤਕਾਰ ਦੀ ਆਮਦਨ:**

ਬ੍ਰਿਟਿਸ਼ ਪਾਲਸੀਆਂ ਦਾ ਸਭ ਤੋਂ ਵੱਡਾ ਪ੍ਰਭਾਵ ਭਾਰਤ ਦੀ ਦੌਲਤ ਦਾ ਨਿਕਾਸ ਸੀ। ਭਾਰਤੀ ਅਰਥਚਾਰੇ ਦਾ ਕੋਈ ਸ਼ੱਕ ਨਹੀਂ ਸੀ, ਕਿ ਇਹ ਮੁੱਖ ਤੌਰ ਤੇ ਇਕ ਪੇਂਡੂ ਅਰਥ ਵਿਵਸਥਾ ਸੀ, ਪਰ ਭਾਰਤੀ ਕਾਰੀਗਰਾਂ ਨੇ ਭਾਰਤੀ ਅਤੇ ਯੂਰਪੀਅਨ ਖਰੀਦਦਾਰਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਬਹੁਤ ਸਾਰੀਆਂ ਚੀਜ਼ਾਂ ਦਾ ਉਤਪਾਦਨ ਕੀਤਾ। ਵਪਾਰ ਦੇ ਕੇਂਦਰਾਂ ਵਜੋਂ ਕਈ ਕਸਬੇ ਵਧ-ਫੁੱਲ ਰਹੇ ਸਨ।

ਬ੍ਰਿਟਿਸ਼ ਵਪਾਰੀਆਂ ਨੇ ਇਨ੍ਹਾਂ ਭਾਰਤੀ ਕੱਚੇ ਉਤਪਾਦਾਂ ਨੂੰ ਵੱਡੀ ਮਾਤਰਾ ਵਿੱਚ ਖਰੀਦਿਆ। ਪਰ, 18 ਵੀਂ ਸਦੀ ਦੇ ਸ਼ੁਰੂ ਵਿਚ, ਬਰਤਾਨੀਆ ਅਤੇ ਹੋਰ ਯੂਰਪੀਅਨ ਦੇਸ਼ਾਂ ਨੇ ਭਾਰਤ ਤੋਂ ਕਪਾਹ ਅਤੇ ਰੇਸ਼ਮ ਕੱਪੜੇ ਪਾਉਣ 'ਤੇ ਰੋਕ ਲਗਾਉਣ ਵਾਲੇ ਕਾਨੂੰਨ ਪਾਸ ਕੀਤੇ ਸਨ, ਹਾਲਾਂਕਿ ਇਸ ਦੀ ਮੰਗ ਸੀ। ਉਦਯੋਗਿਕ ਕ੍ਰਾਂਤੀ ਦੇ ਆਗਮਨ ਤੋਂ ਬਾਅਦ, ਭਾਰਤ ਨੂੰ ਕਪਾਹ, ਰੇਸ਼ਮ ਅਤੇ ਹੋਰ ਉਤਪਾਦ ਪੈਦਾ ਕਰਨ ਲਈ ਮਜਬੂਰ ਕੀਤਾ ਗਿਆ ਜੋ ਬ੍ਰਿਟਿਸ਼ ਉਦਯੋਗਾਂ ਨੂੰ ਲੋੜੀਂਦਾ ਸੀ।

ਇੰਗਲੈਂਡ ਵਿਚ ਤਿਆਰ ਸਸਤੇ ਅਤੇ ਮਸ਼ੀਨ ਬਣੇ ਕੱਪੜੇ ਨਾਲ ਭਾਰਤੀ ਬਾਜ਼ਾਰਾਂ ਵਿਚ ਹੜ ਆ ਗਿਆ। ਭਾਰਤੀ ਹੱਥੀਂ ਬਣਾਈਆਂ ਗਈਆਂ ਵਸਤਾਂ ਕੱਪੜੇ ਨਾਲ ਸਸਤੇ ਮਸ਼ੀਨਾਂ ਨਾਲ ਮੁਕਾਬਲਾ ਨਹੀਂ ਕਰ ਸਕਦੀਆਂ ਸਨ। ਭਾਰਤ ਨੂੰ ਕੱਚੇ ਮਾਲ ਦੀ ਸਪਲਾਇਰ ਅਤੇ ਬ੍ਰਿਟਿਸ਼ ਉਦਯੋਗਿਕ ਸਾਮਾਨ ਤਿਆਰ ਲਈ ਇੱਕ ਮਾਰਕੀਟ ਵਿੱਚ ਤਬਦੀਲ ਕੀਤਾ ਗਿਆ ਸੀ।ਜਦੋਂ ਕਿ ਭਾਰਤੀ ਬਾਜ਼ਾਰਾਂ ਵਿਚ ਦਾਖਲ ਹੋਣ ਸਮੇਂ ਬ੍ਰਿਟਿਸ਼ ਮਾਲ ਨੂੰ ਟੈਕਸਾਂ ਤੋਂ ਮੁਕਤ ਕੀਤਾ ਗਿਆ ਸੀ, ਜਦੋਂ ਇੰਗਲੈਂਡ ਵਿਚ ਦਾਖਲ ਹੋਏ ਭਾਰਤੀ ਸਾਮਾਨ ਭਾਰੀ ਟੈਕਸਾਂ ਨਾਲ ਬੋਝ ਪਿਆ ਗਿਆ।

ਬ੍ਰਿਟਿਸ਼-ਭਾਰਤੀ ਸਰਕਾਰ ਨੇ ਸਮਾਜ ਸੁਧਾਰ ਦੇ ਕੰਮ ਸਭ ਵਪਾਰ ਦੀ ਨੀਤੀ ਨੂੰ ਲਾਗੂ ਕਰਨ ਦੇ ਨਾਲ ਹੀ ਕੀਤੇ। ਬੇਸ਼ਕ ਇਹ ਕੰਮ ਉਹ ਅਤੇ ਕੁੱਝ ਇਸਾਈ ਮਿਸਨਰੀ ਸੇਵਾ ਦੀ ਭਾਵਨਾਂ ਨਾਲ ਕਰ ਰਹੇ ਸਨ, ਇਸ ਦੇ ਪਿੱਛੇ ਰਾਜ ਵਿਵਸਥਾ ਨੂੰ ਠੀਕ ਢੰਗ ਨਾਲ ਚਲਾਉਣਾ ਵੀ ਮੰਤਵ ਸੀ। ਭਾਰਤ ਵਿਚ ਬ੍ਰਿਟਿਸ਼ਾਂ ਦੇ ਕਰੀਬ 200 ਸਾਲ ਦੇ ਰਾਜ ਨੂੰ ਦੇਖਿਆ ਜਾਵੇ ਤਾਂ ਭਾਰਤ ਦੇ ਸਾਰੇ ਹਿੰਦੂ ਅਤੇ ਮੁਸਲਮਾਨ ਸ਼ਾਸਕਾਂ ਦੇ ਹਜਾਰਾਂ ਸਾਲਾਂ ਵਿਚ ਕੀਤੇ ਕੰਮ ਨਾਲੋ ਬਹੁਤ ਅਗੇ ਬਣਦੇ ਹਨ। ਆਰੀਆ ਸ਼ਾਸ਼ਨ ਵਿਚ ਸਮਤਾ, ਸਮਾਨਤਾ, ਭਾਈਚਾਰੇ ਅਤੇ ਇਨਸਾਫ ਕੁਦਰਤ ਦੇ ਨਿਯਮਾਂ ਦੇ ਖਿਲਾਫ ਸਨ। ਇਸ ਦੇ ਉਲਟ ਅੰਗਰੇਜ ਰਾਜ ਵਿਚ ਕਾਨੂੰਨ ਦਾ ਰਾਜ ਸੀ। ਜੇ ਕਰ ਦੇਖਿਆ ਜਾਵੇ ਕਿਸੇ ਵੀ ਸਿਸ਼ਟਮ ਵਿਚ ਕੁੱਝ ਮਨੁੱਖਤਾ ਲਈ ਲਾਭ ਅਤੇ ਘਾਟਾਂ ਵਾਲਾ ਹੁੰਦਾ ਹੈ। ਅਗਰ ਕਿਸੇ ਸਿਸ਼ਟਮ ਵਿਚ ਇਨਸਾਨ ਨਾਲ ਵਿਤਕਰਾ ਉਸ ਦੀ ਯੋਗਤਾ ਦੀ ਥਾਂ ਤੇ ਇਸ ਦੇ ਜਨਮ ਨੂੰ ਅਧਾਰ ਮੰਨ ਕੇ ਕੀਤੀ ਜਾਵੇ ਇਹ ਸਮਾਜ ਉਤੇ ਸਭ ਤੋਂ ਵੱਡਾ ਕਲੰਕ ਹੁੰਦਾ ਹੈ।

ਇਹ ਵਿਤਕਰਾ ਭਾਰਤੀ ਹਿੰਦੂਵਾਦੀ ਸਮਾਜ ਦਾ ਅਟੁੱਟ ਅੰਗ ਹਮੇਸ਼ਾ ਤੋਂ ਰਿਹਾ ਹੈ। ਹਿੰਦੂ ਸਮਾਜ ਦਾ ਸ਼ੂਦਰ ਸਮਾਜ ਅਤੇ ਵਰਣਾਂ ਤੋਂ ਬਾਹਰ ਰਖਿਆ ਆਵਰਣ ਸਮਾਜ ਕ੍ਰਿਸਚੀਅਨਾਂ ਵੱਲ ਝੁੱਕਾ ਰਖ ਰਿਹਾ ਸੀ। ਇਸ ਦੇ ਕਾਰਨ ਹਿੰਦੂ ਸਮਾਜ ਵਿਚ ਅੰਦਰ ਦੀ ਅੰਦਰ ਹਿਲਜੁਲ ਹੋਣ ਲਗੀ। ਹਜਾਰਾਂ ਸਾਲਾਂ ਤੋਂ ਅਰਾਮ ਨਾਲ਼ ਸ਼ੂਦਰ ਅਤੇ ਅਛੂਤ ਸਮਾਜ ਦੇ ਸਿਰ ਉਤੇ ਐਸ਼ ਕਰਨ ਵਾਲਿਆਂ ਨੂੰ ਆਪਣੇ ਹੇਠੋਂ ਜਮੀਨ ਖਿਸਕਦੀ ਲਗਨ ਲਗੀ। ਉਹਨਾਂ ਨੇ ਰਾਜਨੀਤਿਕ ਅਤੇ ਸਮਾਜ ਸੁਧਾਰ ਦੀ ਸੰਸਥਾਵਾਂ ਬਣਾ ਸਮਾਜ ਨੂੰ ਬਦਲਾਓ ਦਾ ਅਧੂਰਾ ਪ੍ਰੋਗਰਾਮ ਲੈ ਦੋਚਿਤੀ ਵਾਲੇ ਮਹੌਲ ਵਿਚ ਕੰਮ ਕਰਨਾਂ ਸੁਰੂ ਕੀਤਾ। ਉਹ ਸ਼ੂਦਰ ਅਤੇ ਅਛੂਤ ਸਮਾਜ ਦੀ ਪੂਰਨ ਆਜਾਦੀ ਦੇ ਹੱਕ ਵਿਚ ਨਹੀਂ ਸਨ। ਉਹਨਾਂ ਬਹੁਤ ਥੋੜੀ ਗਿਣਤੀ ਵਿਚ, ਪੂਰੇ ਭਾਰਤ ਵਿਚ ਅਲਗ ਅਲਗ ਨਾਵਾਂ ਨਾਲ ਬਹੁਤ ਸਾਰੀਆਂ ਸੰਸਥਾਵਾਂ ਬਣਾਈਆਂ।

1885 ਵਿਚ ਕਾਂਗਰਸ ਦਾ ਸਥਾਪਨਾ ਕੀਤੀ, ਰਾਜਨਾਰਾਇਣ ਬਾਸੂ, ਦੇਬਿੰਦਰਨਾਥ ਟੈਗੋਰ ਅਤੇ ਹੇਮੇਂਦਰਨਾਥ ਟੈਗੋਰ ਜੋ ਬ੍ਰਹਮੋ ਸਮਾਜ ਵਿਚ ਸਰਗਰਮੀ ਨਾਲ ਸ਼ਾਮਲ ਸਨ।1828 ਵਿਚ ਸਥਾਪਿਤ ਕੀਤੀ । ਆਰਿਆ ਸਮਾਜ 7 ਅਪ੍ਰੈਲ 1875ਵਿਚ ਦਯਾਨੰਦ ਸਰਸਵਤੀ ਆਰਿਆ ਸਮਾਜ ਦੀ ਸਥਾਪਨਾ ਕੀਤੀ ਗਈ ਸੀ। ਕੁੱਝ ਦਾ ਮੰਨਣਾ ਹੈ24 ਜੂਨ 1877 ਹੈ। ਕਿਉਂਕਿ ਇਹ ਤਾਂ ਉਦੋਂ ਸੀ ਜਦੋਂ ਲਾਹੌਰ ਵਿਚ ਸਮਾਜ ਸਿਰਫ਼ ਪੰਜਾਬ ਵਿਚਲੇ ਇਕ ਖੇਤਰੀ ਲਹਿਰ ਨਾਲੋਂ ਜ਼ਿਆਦਾ ਅਗੇ ਹੋ ਗਿਆ ਸੀ।

ਇਸ ਸੁਧਾਰ ਸੰਗਠਨ ਨੇ ਦਯਾਨੰਦ ਦੇ ਸਮਾਨ ਵਿਚਾਰ ਰੱਖੇ। ਸੰਸਥਾ ਨੇ ਰੱਬਵਾਦ, ਆਤਮਾ ਦੀ ਸਦੀਵੀ ਸ਼ਕਤੀ ਨੂੰ ਵਢਾਵਾ ਦਿਤਾਅਤੇ ਦੂਜੇ ਸਥਾਨ ਉਤੇ ਜਾਤੀਵਾਦ ਜਾਂ ਵਰਣ ਪ੍ਰਣਾਲੀ ਨੂੰ ਖਤਮ ਕਰਨਾ ਅਤੇ ਸਿੱਖਿਆ ਰਾਹੀਂ ਲੋਕਾਂ ਦਾ ਹੌਸਲਾ ਵਧਾਉਣਾ। ਦਯਾਨੰਦ ਬ੍ਰਹਮੋ ਸਮਾਜ ਨਾਲ ਵੇਦ ਦੀ ਸਿਖਿਆ ਉਤੇ ਜੋਰ ਦੇਣ ਲਈ ਕਿਹਾ ਅਤੇ ਉਹ ਦ੍ਰਿੜ੍ਤਾ ਨਾਲ ਵੇਦਾਂ ਦੇ ਨਾਲ ਖੜੇ ਸਨ।

ਬ੍ਰਹਮੋ ਸਮਾਜ ਦੇ ਸੰਸਥਾਪਕ ਬਾਰੇ ਬਹੁਤ ਸਾਰੇ ਵਿਵਾਦ ਹਨ। ਕੁਝ ਦਾ ਮੰਨਣਾ ਹੈ ਕਿ ਬ੍ਰਹਮੋ ਸਮਾਜ ਦੀ ਸਥਾਪਨਾ 1861 ਵਿਚ ਲਾਹੌਰ ਵਿਚ ਪੰਡਤ ਨਵੀ ਚੰਦਰਾ ਰਾਏ ਦੁਆਰਾ ਬ੍ਰਹਮੋ ਧਰਮ ਦਾ ਪ੍ਰਸਾਰ ਕਰਨ ਲਈ ਕੀਤੀ ਗਈ ਸੀ। ਬ੍ਰਹਮੋ ਧਰਮ ਦੀ ਸਥਾਪਨਾ 1849 ਵਿਚ ਦਵਿੰਦਰਨਾਥ ਟੈਗੋਰ ਦੁਆਰਾ ਕਲਕੱਤਾ ਵਿਖੇ ਕੀਤੀ ਗਈ ਸੀ। ਰਾਮਮੋਹਨ ਰਾਏ ਨੇ 1828 ਵਿਚ ਦਵਾਰਕਾਨਾਥ ਟੈਗੋਰ ਦੇ ਨਾਲ ਬ੍ਰਹਮਾ ਸਭਾ (ਬ੍ਰਾਹਮਣਾਂ ਦੀ ਐਸੋਸੀਏਸ਼ਨ) ਅਰੰਭ ਕੀਤੀ- ਰੋਕਾਲਾ ਸ਼ਿਵਾਨਾਥਾ ਰਾਓ ਗਰੂ ਦਾ ਮੰਨਣਾ ਹੈ।ਮਹਾਂ ਦੇਵ ਗੋਵਿੰਦ ਰਾਣਾਡੇ ਅਤੇ ਰਾਮ ਕ੍ਰਿਸ਼ਨ ਬੰਡਾਰਕਰ ਨੇ 1867ਵਿਚ ਮੁੰਬਈ ਵਿਚ ਪ੍ਰਾਰਥਨਾ ਸਮਾਜ ਦੀ ਸਥਾਪਨਾ ਕੀਤੀ।ਪਏ। ਦੂਜੇ ਪਾਸੇ ਕਟੜ ਹਿੰਦੂਆਂ 1925 ਵਿਚ ਆਰਐਸਐਸ ਬਣਾਈ।

ਇਸ ਤਰਾਂ ਕੁੱਝ ਆਰੀਆ ਲੋਕ ਨੇ ਹਿੰਦੂ ਸਮਾਜ ਵਿੱਚ ਪੁਰਾਤਨ ਹਿੰਦੂਵਾਦੀ ਦੀਆਂ ਪਾਈਆਂ ਗੰਢਾਂ ਨੂੰ ਢਿਲੀਆਂ ਕਰਨ ਦਾ ਢਿਲਾ ਜਿਹਾ ਮਨ ਬਣਾਇਆ। ਉਧਰ ਸ਼ੂਦਰ ਸਮਾਜ ਵਿਚ ਕੁੱਝ ਇਕ ਲੋਕਾਂ ਦੇ ਪੜ ਜਾਣ ਕਾਰਨ ਸੂਝ ਦਾ ਵਿਕਾਸ ਹੋਇਆ।

ਉਹ ਵੀ ਆਪਣੇ ਅਧਿਕਾਰਾ ਪ੍ਰਤੀ ਜਾਗਰਿਤ ਹੋਣ ਲਗੇ। ਅੰਗਰੇਜਾਂ ਦੇ ਭਾਰਤੀ ਸਮਾਜ ਲਈ ਮਾਨਵਤਾਵਾਦੀ ਸੋਚ ਕਾਰਨ ਅਛੂਤ ਅਤੇ ਸ਼ੂਦਰ ਸਮਾਜ ਵੀ ਬਹੁਤ ਭਾਰਤ ਦੇ ਕਈ ਰਾਜਾਂ ਵਿਚ ਸਮਾਜ ਸੁਧਾਰ ਸੰਗਠਨ ਬਨਾਉਣ ਲੱਗੇ।

ਜੋਤੀਬਾ ਫੂਲੇ ਨੇ 15 ਸਾਲ ਦੀ ਸਮਾਜਿਕ ਅੰਦੋਲਨ ਦੌਰਾਨ ਆਪਣੇ ਵਿਚਾਰਾਂ ਦਾ ਪ੍ਰਚਾਰ ਕੀਤਾ, ਜਨਤਕ ਮੀਟਿੰਗਾਂ ਵਿਚ ਪ੍ਰਚਾਰ ਕੀਤਾ, ਲੀਫਲੈਟਸ ਅਤੇ ਪੁਸਤਕਾਂ ਰਾਹੀ ਸਿੱਖਿਆ ਦੇ ਮਹੱਤਵ ਨੂੰ ਦਰਸਾਇਆ ਅਤੇ ਹੇਠਲੇ ਜਾਤਾਂ ਨੂੰ ਆਪਣੇ ਬੱਚਿਆਂ ਨੂੰ ਸਿੱਖਿਆ ਦੇਣ ਅਤੇ ਆਪਣੇ ਆਪ ਨੂੰ ਬੁਰੇ ਰੀਤੀ-ਰਿਵਾਜਾਂ ਤੋਂ ਬਚਾਉਣ ਲਈਪੂਰੇ ਯਤਨ ਕੀਤੇ ਅਤੇ ਵਿਚਾਰ ਪ੍ਰਗਟਾਏ ਅਤੇ ਬ੍ਰਾਹਮਣ ਪੁਜਾਰੀਆਂ ਦੁਆਰਾ ਉਨ੍ਹਾਂ ਦੇ ਪਰਮਾਤਮਾ ਦੇ ਨਾਂ ਤੇ ਅਤੇ ਉਨ੍ਹਾਂ ਦੇ ਧਾਰਮਿਕ ਕੰਮਾ ਵਿਚ ਉਲਝਾ ਸਮਾਜ ਦਾ ਸ਼ੋਸ਼ਣ ਰੋਕਣ ਦੀ ਕੋਸ਼ਿਸ਼ ਕੀਤੀ।

ਜੋਤੀਰਾਵਓ ਨੇ ਬ੍ਰਾਹਮਣਵਾਦ ਤੋਂ ਹੇਠਲੀਆਂ ਜਾਤਾਂ ਦੀ ਮੁਕਤੀ ਲਈ ਮਹਾਰਾਸ਼ਟਰ ਵਿੱਚ ਇੱਕ ਅੰਦੋਲਨ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ।

ਕਿਸਾਨਾਂ ਅਤੇ ਮਜ਼ਦੂਰਾਂ ਦੀ ਆਤਮ-ਸਨਮਾਨ ਨੂੰ ਜਾਗਣ 'ਤੇ ਉਨ੍ਹਾਂ ਨੇ ਦਲੇਰੀ ਅਤੇ ਸਮਾਜਿਕ ਬੇਇਨਸਾਫ਼ੀ ਅਤੇ ਦਮਨਕਾਰੀ, ਬੇਇਨਸਾਫੀ ਅਤੇ ਅਣਮਨੁੱਖੀ ਹਿੰਦੂ ਪੁਜਾਰੀਆਂ ਦੇ ਜਾਅਲੀ ਅਤੇ ਜਾਤੀ ਪ੍ਰਣਾਲੀ ਦੇ ਵਿਰੁੱਧ ਖੜ੍ਹੇ ਹੋਣ ਲਈ ਉਨ੍ਹਾਂ ਵਿਚ ਹਿੰਮਤ ਪੈਦਾ ਕੀਤੀ।

ਉਨ੍ਹਾਂ ਦੀਆਂ ਲਿਖਤਾਂ ਅਤੇ ਉਨ੍ਹਾਂ ਦੇ ਭਾਸ਼ਣਾਂ ਨੇ ਸਰਕਾਰੀ ਇੰਜੀਨੀਅਰਿੰਗ ਅਤੇ ਪਬਲਿਕ ਵਰਕਸ ਡਿਪਾਰਟਮੈਂਟ ਦੁਆਰਾ ਲਗਾਏ ਗਏ ਕਿਸਾਨਾਂ ਅਤੇ ਵਰਕਰਾਂ ਦੀਆਂ ਸ਼ਿਕਾਇਤਾਂ ਵੱਲ ਧਿਆਨ ਦਿੱਤਾ।

**ਜੋਤੀਰਾਓ ਦੁਆਰਾ ਐਕਸ਼ਨ**

ਜੋਤੀਰਾਓ ਹੁਣ ਆਪਣੇ ਅਨੁਆਈਆਂ ਅਤੇ ਕਾਮਿਆਂ ਨੂੰ ਸੰਗਠਿਤ ਕਰਨਾ ਚਾਹੁੰਦੇ ਸਨ ਤਾਂ ਕਿ ਉਹ ਆਪਣੇ ਤਰਕਸ਼ੀਲ ਵਿਚਾਰਾਂ ਨੂੰ ਸਮਝਾ ਸਕਣ ਅਤੇ ਉਹਨਾਂ ਨੂੰ ਸਮਾਜਿਕ ਬੁਰਾਈਆਂ ਵਿਰੁਧ ਵਰਤੋਂ ਵਿੱਚ ਲਿਆ ਸਕਣ। ਉਸਨੇ ਅਛੂਤ, ਅਤਿ-ਸ਼ੂਦਰ ਅਤੇ ਸ਼ੂਦਰਾਂ ਦੇ ਜੀਵਨ ਪੱਧਰ ਤੇ ਉਠਾਉਣ ਲਈ ਸਖ਼ਤ ਮਿਹਨਤ ਕੀਤੀ। ਉਸਨੇ ਆਪਣੇ ਸਹਾਇਕਾਂ ਨੂੰ ਵਾਰ-ਵਾਰ ਕਿਹਾ ਸੀ ਕਿ ਕਿਸੇ ਵੀ ਸੰਘਰਸ਼ ਤੋਂ ਬਿਨਾਂ ਉਨ੍ਹਾਂ ਦੇ ਅਧਿਕਾਰ ਪ੍ਰਾਪਤ ਨਹੀਂ ਹੋ ਕਰਦੇ। ਜੋਤਿਰਾਓ ਜਾਣਦੇ ਸੀ ਕਿ ਬ੍ਰਾਹਮਣ ਨਾ ਸਿਰਫ ਬੇਦਰਦ ਸਨ, ਬਲਕਿ ਇਹ ਵੀ ਅ-ਸਹਿਨਸ਼ੀਲ ਵੀ ਸਨ ਕਿ ਉਨ੍ਹਾਂ ਨੂੰ ਆਸਾਨੀ ਨਾਲ ਆਰਥਿਕ ਸਥਿਤੀ ਅਤੇ ਸ਼ਕਤੀ ਦੇ ਵਿਸ਼ੇਸ਼ ਅਧਿਕਾਰਾਂ ਨੂੰ ਬਰਦਾਸ਼ਤ ਨਹੀਂ ਕਰਦੇ ਸਨ।

**ਸਤਿਆਸੋਧਕ ਸਮਾਜ**

ਸਤਿਸ਼ੋਧਕ ਸਮਾਜ 24 ਸਤੰਬਰ 1873 ਨੂੰ ਭਾਰਤ ਵਿਚ ਪੂਨੇ ਵਿਚ ਜੋਤੀਰਓ ਫੂਲੇ ਦੁਆਰਾ ਸਥਾਪਿਤ ਕੀਤੀ ਇਹ ਇਕ ਸਮਾਜ ਸੁਧਾਰਕ ਸੰਸਥਾਸੀ। ਇਸ ਦਾ ਮਕਸਦ ਹਜਾਰਾਂ ਸਾਲਾਂ ਦੇ ਵੰਚਿਤਔਰਤਾਂ, ਸ਼ੂਦਰ ਅਤੇ ਦਲਿਤ ਸ਼ੋਸ਼ਤ ਅਤੇ ਜ਼ੁਲਮ ਦਾ ਸ਼ਿਕਾਰ ਸਮਾਜ ਨੂੰ ਪੜ੍ਹਉਣਾਂ ਵਿਸ਼ੇਸ਼ ਅਧਿਕਾਰ ਪ੍ਰਾਪਤ ਕਰਨ ਵਿਚ ਸਹਾਇਤਾ ਕਰਨਾਂ ਸੀ ।

ਫੂਲੇ ਨੇ ਮਨੁੱਖੀ ਭਲਾਈ, ਖੁਸ਼ਹਾਲਤਾ, ਏਕਤਾ, ਬਰਾਬਰੀ ਅਤੇ ਅਸਾਨ ਧਾਰਮਿਕ ਅਸੂਲਾਂ ਅਤੇ ਰੀਤੀ ਰਿਵਾਜ ਦੇ ਆਦਰਸ਼ਾਂ ਨਾਲ ਸਤਿਆਸੋਧਕ ਸਮਾਜ ਦੀ ਸਥਾਪਨਾ ਕੀਤੀ। ਇਕ ਪੂਨੇ ਆਧਾਰਿਤ ਅਖਬਾਰ, ਦੀਨ ਬੰਧੂ, ਛਾਪਣਾ ਸੁਰੂ ਕੀਤਾ ਉਸਨੇ ਸਮਾਜ ਦੇ ਵਿਚਾਰਾਂ ਲਈ ਆਵਾਜ਼ ਪ੍ਰਦਾਨ ਕੀਤੀ।

ਇਸ ਦੀ ਮੈਂਬਰਸ਼ਿਪ ਵਿੱਚ ਸਮਾਜ ਦੇ ਮੁਸਲਮਾਨਾਂ, ਬ੍ਰਾਹਮਣਾਂ ਅਤੇ ਸਰਕਾਰੀ ਅਫਸਰਾਂ ਨੂੰ ਸ਼ਾਮਲ ਕੀਤਾ। ਹਾਲਾਂਕਿ, ਇਸ ਸੰਸਥਾ ਵਿਚ ਗੈਰ-ਬ੍ਰਾਹਮਣ ਜਾਤਾਂ ਦਾ ਵੱਧ ਪ੍ਰਭਾਵ ਸੀ। ਫੂਲੇ ਦੀ ਆਪਣੀ ਜਾਤੀ "ਮਾਲੀ" ਨੇ ਸੰਗਠਨ ਲਈ ਮੋਹਰੀ ਮੈਂਬਰਾਂ ਵਿਚਂ ਸਨ ਅਤੇ ਉਹਨਾਂ ਸਮਰਥਕਾਂ ਨੇ ਸੰਸਥਾ ਨੂੰ ਵਿੱਤੀ ਦੀ ਸਹਾਇਤਾ ਕੀਤੀ।

(ਬਾਕੀ ਅਗਲੇ ਅੰਕ ਵਿਚ)

## ਅੰਤਰਰਾਸ਼ਟਰੀ ਜੈਵਿਕ ਵਿਭਿੰਨਤਾ ਦਿਵਸ ਸਬੰਧੀ ਵਿਸ਼ੇਸ਼

# ਧਰਤੀ ਤੇ 3 ਤੋਂ 5 ਕਰੋੜ ਪ੍ਰਜਾਤੀਆਂ ਵਿੱਚੋਂ ਲਗਭੱਗ 100 ਪ੍ਰਜਾਤੀਆਂ ਪ੍ਰਤੀ ਦਿਨ ਖਤਮ ਹੁੰਦੀਆਂ ਜਾ ਰਹੀਆਂ ਹਨ

22 ਮਈ ਅੰਤਰਰਾਸ਼ਟਰੀ ਜੈਵਿਕ ਵਿਭਿੰਨਤਾ ਦਿਵਸ ਦੇ ਤੋਰ ਤੇ ਮਨਾਇਆ ਜਾਂਦਾ ਹੈ। ਇਸਦੀ ਸ਼ੁਰੂਆਤ ਰਿਓ ਡੀ ਜਨੇਰੋ ਬ੍ਰਾਜ਼ੀਲ ਵਿਖੇ ਸਾਲ 1992 ਨੂੰ ਕਰਵਾਏ ਗਏ ਸੰਮੇਲਨ ਤੋਂ ਹੋਈ ਸੀ। ਅੰਤਰਰਾਸਟਰੀ ਜੈਵਿਕ ਵਿਭਿੰਨਤਾ ਦਿਵਸ ਦਾ ਇਸ ਵਾਰ ਦਾ ਵਿਸ਼ਾ ਜੈਵਿਕ ਵਿਭਿੰਨਤਾ ਲਈ 25 ਸਾਲਾਂ ਦੀ ਕਾਰਵਾਈ ਦਾ ਜਸ਼ਨ ਹੈ। ਜੀਵ ਵਿਭਿੰਨਤਾ ਦੇ ਪਿਤਾਮਾ ਕਹੇ ਜਾਂਦੇ ਪ੍ਰਸਿੱਧ ਅਮਰੀਕੀ ਵਿਗਿਆਨੀ ਈ.ਓ. ਵਿਲਸਨ ਨੇ ਜੀਵ ਵਿਭਿੰਨਤਾ ਨੂੰ ਜੀਵਨ ਦਾ ਕੱਚਾ ਮਾਲ ਮੰਨਿਆ ਹੈ। ਇੱਕ ਅੰਦਾਜ਼ੇ ਮੁਤਾਬਕ ਜੀਵ ਵਿਭਿੰਨਤਾ ਦੀ ਗਿਣਤੀ ਲੱਗਭੱਗ ਇੱਕ ਕਰੋੜ ਛੱਤੀ ਲੱਖ ਵੀਹ ਹਜ਼ਾਰ ਹੈ ਜਦੋਂ ਕਿ ਵਿਗਿਆਨੀ ਹੁਣ ਤੱਕ ਸਿਰਫ 17 ਲੱਖ ਕਿਸਮਾਂ ਹੀ ਲੱਭ ਸਕੇ ਹਨ। ਧਰਤੀ ਹੀ ਇੱਕ ਅਜਿਹਾ ਗ੍ਰਹਿ ਹੈ ਜਿੱਥੇ ਹਰ ਤਰਾਂ ਦਾ ਜੀਵਨ ਹੈ। ਇੱਥੇ ਸੂਖਮ ਪੌਦਿਆਂ ਤੋਂ ਲੈ ਕੇ ਵਿਸ਼ਾਲ ਪੌਦੇ ਮੌਜੂਦ ਹਨ, ਸੂਖਮ ਅਮੀਬਾ ਤੋਂ ਲੈ ਕੇ ਵਿਸ਼ਾਲ ਵੇਲ੍ਹ ਮੱਛੀ ਵਰਗੇ ਵਿਸ਼ਾਲ ਪ੍ਰਾਣੀ ਵੀ ਹਨ। ਪ੍ਰਕਿਰਤੀ ਦਾ ਵਿਕਾਸ ਕਰੋੜਾਂ ਸਾਲਾਂ ਦੀ ਲੰਬੀ ਪ੍ਰਕਿਰਿਆਂ ਤੋਂ ਬਾਅਦ ਹੋਇਆ ਹੈ। ਸਮੇਂ ਸਮੇਂ ਤੇ ਕਈ ਜੀਵਾਂ ਦੀ ਉਤਪਤੀ ਹੋਈ ਅਤੇ ਇਹਨਾਂ ਵਿੱਚੋਂ ਕਈ ਜੀਵ ਸਮੇਂ-ਸਮੇਂ ਤੇ ਅਲੋਪ ਵੀ ਹੋ ਗਏ, ਜਿਵੇਂ ਡਾਇਨਾਸੋਰ ਅਤੇ ਉਸਦੀਆਂ ਹੋਰ ਪ੍ਰਜਾਤੀਆਂ ਅੱਜ ਤੋਂ ਲਗਭੱਗ 7.5 ਕਰੋੜ ਸਾਲਾਂ ਪਹਿਲਾਂ ਹੀ ਧਰਤੀ ਤੋਂ ਖਤਮ ਹੋ ਗਈਆਂ। ਜੈਵ-ਵਿਭਿੰਨਤਾ ਪ੍ਰਕਿਰਤਿਕ ਸੰਤੁਲਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਭਾਰਤ ਦੇ ਰਵਾਇਤੀ ਵੈਦ ਪੌਦਿਆਂ ਦੀਆਂ 2500 ਕਿਸਮਾਂ ਦੀ ਵਰਤੋਂ ਦਵਾਈਆਂ ਦੇ ਤੌਰ ਤੇ ਵੱਖ-ਵੱਖ ਬੀਮਾਰੀਆਂ ਦੇ ਇਲਾਜ ਲਈ ਕਰਦੇ ਹਨ। ਜੀਵ-ਵਿਭਿੰਨਤਾ ਹਵਾ ਅਤੇ ਜਲ ਸ਼ੁੱਧੀਕਰਨ, ਸੋਕਾ ਅਤੇ ਹੜ੍ਹਾਂ ਨੂੰ ਰੋਕਣਾ, ਪੌਸ਼ਟਿਕ ਤੱਤਾਂ ਦਾ ਚੱਕਰ ਆਦਿ ਲਈ ਵੀ ਮਹੱਤਵਪੂਰਨ ਹੈ । ਮਨੁਖੀ ਜਨਸੰਖਿਆ ਵਿੱਚ ਪਿਛਲੇ ਕੁੱਝ ਦਹਾਕਿਆਂ ਦੌਰਾਨ ਅਥਾਹ ਵਾਧਾ ਹੋਇਆ ਹੈ ਜਿਸਦਾ ਭਾਰੀ ਦਬਾਅ ਅਤੇ ਪ੍ਰਭਾਵ ਜੈਵ-ਵਿਭਿੰਨਤਾ ਤੇ ਵੀ ਪਿਆ ਹੈ। ਮਨੁੱਖ ਨੇ ਆਪਣੇ ਵਿਕਾਸ ਲਈ ਹੋਰ ਜੀਵਾਂ ਦੀ ਅਣਦੇਖੀ ਕੀਤੀ ਹੈ। ਭੌਤਿਕਵਾਦ, ਸ਼ਹਿਰੀਕਰਣ ਅਤੇ ਉਦਯੋਗੀਕਰਨ ਦੀ ਦੋੜ ਵਿੱਚ ਕੁਦਰਤ ਦੇ ਸਾਰੇ ਨਿਯਮਾਂ ਦੀ ਅਣਦੇਖੀ ਕਰ ਦਿੱਤੀ ਹੈ। ਧਰਤੀ ਤੇ ਬਦਲਾਓ ਆਣ ਨਾਲ ਵਿਭਿੰਨ ਪ੍ਰਕਾਰ ਦੀਆਂ ਪ੍ਰਜਾਤੀਆਂ ਵੀ ਵਿਨਾਸ਼ ਦੇ ਮੂੰਹ ਵਿੱਚ ਜਾ ਰਹੀਆਂ ਹਨ। ਵਿਗਿਆਨੀਆਂ ਅਨੁਸਾਰ 3 ਤੋਂ 5 ਕਰੋੜ ਦੀਆਂ ਪ੍ਰਜਾਤੀਆਂ ਵਿੱਚੋਂ ਲਗਭੱਗ 100 ਪ੍ਰਜਾਤੀਆਂ ਧਰਤੀ ਤੋਂ ਪ੍ਰਤੀਦਿਨ ਖਤਮ ਹੁੰਦੀਆਂ ਜਾ ਰਹੀਆਂ ਹਨ ਅਤੇ ਇਸਦਾ ਮੁੱਖ ਕਾਰਨ ਖੇਤੀ ਨਾਲ ਸਬੰਧਿਤ ਗੱਲਤ ਪਰਿਯੋਜਨਾਵਾਂ, ਉਦਯੋਗਿਕ ਵਿਕਾਸ, ਬੰਨ੍ਹਾਂ ਦਾ ਨਿਰਮਾਣ, ਵਾਤਾਵਰਨ ਵਿੱਚ ਵੱਧ ਰਿਹਾ ਪ੍ਰਦੂਸ਼ਣ, ਭੂਮੀ ਖੋਰਨ ਆਦਿ ਹੈ। ਇੱਕ ਖੋਜ ਅਨੁਸਾਰ ਲਗਭੱਗ 170 ਕਰੋੜ ਹੈਕਟੇਅਰ ਇਲਾਕੇ ਵਿੱਚ ਜੈਵ-ਵਿਭਿੰਨਤਾ ਵਾਲੇ ਜੰਗਲ ਜ਼ਿਆਦਾਤਰ ਅਵਿਕਸਿਤ ਅਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਹੀ ਹਨ ਪਰ ਜੰਗਲਾਂ ਦੀ ਕਟਾਈ ਤੋਂ ਹਰ ਸਾਲ ਲੱਗਭੱਗ 50000 ਭਾਵ ਹਰ ਰੋਜ 140 ਜੀਵਾਂ ਦਾ ਵਿਨਾਸ਼ ਹੋ ਰਿਹਾ ਹੈ। ਜੇਕਰ ਜੰਗਲਾਂ ਦੇ ਵਿਨਾਸ਼ ਨੂੰ ਨਾਂ ਰੋਕਿਆ ਗਿਆ ਤਾਂ 21ਵੀਂ ਸਦੀ ਦੇ ਸ਼ੁਰੂ ਵਿੱਚ ਲਗਭੱਗ 2250 ਲੱਖ ਹੈਕਟੇਅਰ ਖੇਤਰ ਵਿੱਚ ਫੈਲੇ ਜੰਗਲਾਂ ਦੇ ਨਸ਼ਟ ਹੋ ਜਾਣ ਦੀ ਸੰਭਾਵਨਾ ਹੈ, ਜਿਸ ਨਾਲ ਸੰਪੂਰਨ ਵਿਸ਼ਵ ਦੇ ਲਗਭੱਗ 10 ਤੋਂ 20 ਫੀਸਦੀ ਬਨਸਪਤੀ ਅਤੇ ਜੀਵ-ਜੰਤੂ ਖਤਮ ਹੋ ਜਾਣਗੇ।

ਜੀਵ-ਵਿਭਿੰਨਤਾ ਦੇ ਮਾਮਲੇ ਵਿੱਚ ਭਾਰਤ ਇੱਕ ਅਮੀਰ ਦੇਸ਼ ਹੈ। ਦੁਨੀਆਂ ਵਿੱਚ ਪਾਈਆ ਜਾਣ ਵਾਲੀਆਂ ਵਿਭਿੰਨ ਪ੍ਰਜਾਤੀਆਂ ਦਾ ਲਗਭੱਗ 40 ਫੀਸਦੀ ਭਾਰਤ ਵਿੱਚ ਨਿਵਾਸ ਕਰਦਾ ਹੈ ਅਤੇ ਜੀਵ-ਜੰਤੂਆਂ ਦੀ ਸਭ ਤੋਂ ਵੱਧ ਵਿਭਿੰਨਤਾ ਵਾਲੇ ਖੇਤਰ ਵਿੱਚ ਅਫਰੀਕਾ ਤੋਂ ਬਾਅਦ ਭਾਰਤ ਦਾ ਹੀ ਸਥਾਨ ਹੈ। ਭਾਰਤ ਸੰਸਾਰ ਵਿੱਚ ਜੈਵਿਕ ਅਨੇਕਤਾ ਦੇ 12 ਭੰਡਾਰਾਂ ਵਿੱਚੋਂ ਇੱਕ ਹੈ। ਭਾਰਤ ਵਿਸ਼ਵ ਦੇ 17 ਦੇਸ਼ਾਂ ਵਿੱਚੋਂ ਇੱਕ ਹੈ ਜਿੱਥੇ ਸਭ ਤੋਂ ਵੱਧ ਜੈਵਿਕ ਵਿਭਿੰਨਤਾ ਪਾਈ ਜਾਂਦੀ ਹੈ। ਦੁਨੀਆਂ ਦੀ ਧਰਾਤਲ ਦੇ 2.5 ਫੀਸਦੀ ਭਾਗ ਰੱਖਣ ਵਾਲੇ ਭਾਰਤ ਵਿੱਚ ਵਿਸ਼ਵ ਦੀ 7.5 ਫਿਸਦੀ ਜੈਵਿਕ ਵਿਭਿੰਨਤਾ ਪਾਈ ਜਾਂਦੀ ਹੈ। ਭਾਰਤ ਵਿੱਚ ਜੀਵ ਵਿਭਿੰਨਤਾ ਦੇ ਕੁਦਰਤੀ ਭੰਡਾਰ ਜੰਗਲਾਂ, ਸਿੱਲੀਆਂ ਧਰਤੀਆਂ, ਚਰਾਂਦਾਂ ਆਦਿ ਹਨ। ਤਾਜ਼ਾ ਪਾਣੀ, ਲੂਣ-ਜਲੀ, ਸਮੁੰਦਰੀ ਤੱਟ, ਮਨੁੱਖੀ ਨਿਰਮਾਣਤ ਖੇਤ, ਬਾਗ, ਦਰਿਆ, ਜੰਗਲ, ਚਰਾਗਾਹਾਂ, ਮਾਰੂਥਲ ਜੀਵ ਵਿਭਿੰਨਤਾਂ ਦੇ ਵੱਡਮੁੱਲੇ ਨਿਵਾਸ ਸਥਾਨ ਹਨ।




ਇੱਥੇ ਲਗਭੱਗ 75000 ਤਰ੍ਹਾਂ ਦੀਆਂ ਜੀਵ-ਪ੍ਰਜਾਤੀਆਂ ਹਨ, ਜਿਹਨਾਂ ਵਿੱਚੋਂ 500 ਥਣਧਾਰੀ, 2000 ਮੱਛਲੀਆਂ, 50000 ਤਰ੍ਹਾਂ ਦੀਆਂ ਕੀਟ ਪ੍ਰਜਾਤੀਆਂ, 4000 ਤਰ੍ਹਾਂ ਦੇ ਛੋਟੇ ਸਮੁੰਦਰੀ ਅਤੇ ਪਾਣੀ ਵਾਲੇ ਜੀਵ ਅਤੇ ਰੀੜ-ਵਿਹੀਨ ਜੀਵ ਆਦਿ ਹਨ। ਇੱਥੇ ਬੂਟਿਆਂ ਦੀਆਂ 15000 ਪ੍ਰਜਾਤੀਆਂ ਪਾਈਆਂ ਜਾਂਦੀਆ ਹਨ, ਜਿਹਨਾਂ ਵਿੱਚੋਂ 35 ਪ੍ਰਜਾਤੀਆਂ ਸਿਰਫ ਦੇਸੀ ਹੀ ਹਨ ਅਤੇ ਇਹ ਦੁਨੀਆਂ ਵਿੱਚ ਹੋਰ ਕਿਤੇ ਵੀ ਨਹੀਂ ਮਿਲਦੀਆਂ ਹਨ। ਦੇਸ਼ ਦੀ ਬਨਸਪਤੀ ਵਿੱਚ ਨਾ ਸਿਰਫ ਫੁੱਲ ਅਤੇ ਫਲਾਂ ਵਾਲੇ ਬੂਟੇ ਹਨ, ਬਲਕਿ ਫੁੱਲ-ਫਲ ਰਹਿਤ ਬੂਟੇ ਵੀ ਸ਼ਾਮਿਲ ਹਨ। ਅਜੋਕੇ ਖੇਤੀਬਾੜੀ ਪ੍ਰਬੰਧ ਨੇ ਵੀ ਜੀਵ-ਵਿਭਿੰਨਤਾ ਨੂੰ ਵੱਡੀ ਪੱਧਰ ਤੇ ਖੋਰਾ ਲਾਇਆ ਹੈ। ਰਸਾਇਣਿਕ ਖਾਦਾਂ, ਕੀਟਨਾਸ਼ਕਾਂ ਅਤੇ ਨਦੀਨ ਨਾਸ਼ਕਾਂ ਦੀ ਵਰਤੋਂ ਨੇ ਮਿੱਤਰ ਕੀੜਿਆਂ ਅਤੇ ਪੌਦਿਆਂ ਨੂੰ ਨਸ਼ਟ ਕਰ ਦਿੱਤਾ ਹੈ। ਪਾਣੀ ਵਿੱਚ ਵੱਧ ਰਹੇ ਪ੍ਰਦੂਸ਼ਣ ਕਾਰਨ ਪਾਣੀ ਵਿਚਲੀਆਂ ਜੀਵ ਪ੍ਰਜਾਤੀਆਂ ਤੇ ਮਾੜਾ ਅਸਰ ਪੈ ਰਿਹਾ ਹੈ। ਉਦਯੋਗੀਕਰਣ ਅਤੇ ਨਗਰੀਕਰਣ ਦੇ ਦਬਾਅ ਵਿੱਚ ਹੋ ਰਹੀ ਜੰਗਲਾਂ ਦੀ ਅੰਨੇਵਾਹ ਕਟਾਈ, ਗੈਰਕਾਨੂੰਨੀ ਸ਼ਿਕਾਰ ਅਤੇ ਜੰਤੂਆਂ ਦੀ ਖੱਲ, ਸਿੰਗ, ਹੱਡੀਆਂ ਆਦਿ ਦੇ ਅੰਤਰਰਾਸ਼ਟਰੀ ਵਪਾਰ ਵਿੱਚ ਵਾਧੇ ਦੇ ਕਾਰਨ ਭਾਰਤ ਦੀ ਜੀਵ ਵਿਭਿੰਨਤਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਸਾਰੀ ਦੁਨੀਆਂ ਦੇ ਦੇਸ਼ ਵਿਅਕਤੀਗਤ ਅਤੇ ਸਮੂਹਿਕ ਪੱਧਰ ਤੇ ਇਸ ਦਿਸ਼ਾ ਵਿੱਚ ਕੋਸ਼ਿਸ਼ ਕਰਦੇ ਨਜ਼ਰ ਆਉਂਦੇ ਹਨ ਕਿ ਜਲਦੀ ਤੋਂ ਜਲਦੀ ਇਸ ਅਸੰਤੁਲਨ ਨੂੰ ਦੂਰ ਕਰ ਲਿਆ ਜਾਵੇ। ਪਿਛਲੇ ਕੁਝ ਸਾਲਾਂ ਵਿੱਚ ਇਸ ਦਿਸ਼ਾ ਵਿੱਚ ਕੁਝ ਠੋਸ ਕਦਮ ਵੀ ਚੁੱਕੇ ਗਏ ਹਨ। ਇਸ ਦਿਸ਼ਾ ਵਿੱਚ ਸਭ ਤੋਂ ਪਹਿਲਾਂ ਸੰਯੁਕਤ ਰਾਸ਼ਟਰ ਸਿੱਖਿਅਕ, ਵਿਗਿਆਨਿਕ ਅਤੇ ਸਭਿਆਚਾਰਕ ਸੰਗਠਨ (ਯੂਨੈਸਕੋ) ਦੁਆਰਾ 1970 ਵਿੱਚ 'ਮਨੁੱਖ ਅਤੇ ਜੀਵਮੰਡਲ' ਵਿਸ਼ੇ ਤੇ ਇੱਕ ਸੰਮੇਲਨ ਕਰਵਾਇਆ ਗਿਆ ਸੀ ਜਿਸ ਵਿੱਚ ਜੀਵਾਂ ਦੀਆਂ ਵਿਭਿੰਨ ਪ੍ਰਜਾਤੀਆਂ ਦੀ ਸੁਰੱਖਿਆ ਅਤੇ ਵਿਕਾਸ ਦੇ ਉਪਾਵਾਂ ਤੇ ਸਲਾਹ-ਮਸ਼ਵਰਾ ਕੀਤਾ ਗਿਆ। 1971 ਦਾ ਰਾਮਸਰ ਸੰਮੇਲਨ, 1973 ਦਾ ਸੀ.ਆਈ.ਟੀ.ਆਈ.ਐਸ. ਦੁਆਰਾ ਆਯੋਜਿਤ ਸੰਮੇਲਨ ਅਤੇ 1983 ਦਾ ਐਫ.ਏ.ਓ. ਸੰਮੇਲਨ ਆਦਿ ਵੀ ਇਸ ਦਿਸ਼ਾ ਵਿੱਚ ਚੁੱਕੇ ਗਏ ਮਹੱਤਵਪੂਰਨ ਕਦਮ ਹਨ। 22 ਮਈ, 1992 ਨੂੰ ਕੀਨੀਆ ਦੀ ਰਾਜਧਾਨੀ ਨੈਰੋਬੀ ਵਿੱਚ ਜੈਵ-ਵਿਭਿੰਨਤਾ ਸੁਰੱਖਿਆ ਸੰਧੀ ਕੀਤੀ ਗਈ। ਜੂਨ 1992 ਵਿੱਚ ਜੈਵ-ਵਿਭਿੰਨਤਾ ਦੀ ਸਮੱਸਿਆ ਤੇ ਸਲਾਹ-ਮਸ਼ਵਰੇ ਦੇ ਲਈ ਸਭ ਤੋਂ ਵੱਡਾ ਸੰਮੇਲਨ ਬ੍ਰਾਜ਼ੀਲ ਦੀ ਰਾਜਧਾਨੀ ਰਿਓ ਡੀ ਜੇਨੇਰੋ ਵਿੱਚ ਆਯੋਜਿਤ ਕੀਤਾ ਗਿਆ ਜਿਸ ਵਿੱਚ ਦੁਨੀਆਂ ਦੇ ਜ਼ਿਆਦਾਤਰ ਦੇਸ਼ਾਂ ਨੇ ਇਸ ਸੰਮੇਲਨ ਵਿੱਚ ਭਾਗ ਲਿਆ। ਇਸ ਸੰਮੇਲਨ ਵਿੱਚ ਜੈਵ-ਵਿਭਿੰਨਤਾ ਤੇ ਪੈਣ ਵਾਲੇ ਦਬਾਅ, ਉਹਨਾਂ ਤੋਂ ਵਾਤਾਵਰਨ ਤੇ ਪੈਣ ਵਾਲੇ ਪ੍ਰਭਾਵ ਅਤੇ ਵਾਤਾਵਰਨ ਪ੍ਰਦੂਸ਼ਣ ਕਾਰਨ ਹੋਣ ਵਾਲੇ ਅਸਰ ਅਤੇ ਇਹਨਾਂ ਸਮੱਸਿਆਵਾਂ ਦੇ ਹੱਲ ਦੇ ਉਪਾਵਾਂ ਸਬੰਧੀ ਵਿਸਥਾਰ ਵਿੱਚ ਸਲਾਹ-ਮਸ਼ਵਰਾ ਕੀਤਾ ਗਿਆ। ਭਾਰਤ ਨੇ ਜੈਵ-ਵਿਭਿੰਨਤਾ ਦੀ ਸੁਰੱਖਿਆ ਦੀ ਦਿਸ਼ਾ ਵਿੱਚ ਅਨੇਕ ਕਦਮ ਚੁੱਕੇ ਹਨ। ਭਾਰਤ ਦੁਨੀਆਂ ਦਾ ਅਜਿਹਾ ਪਹਿਲਾਂ ਦੇਸ਼ ਹੈ, ਜਿਸਨੇ ਜੰਗਲੀ ਜੀਵ ਸੁਰੱਖਿਆ ਅਧਿਨਿਯਮ ਲਾਗੂ ਕੀਤਾ ਹੈ। 1952 ਵਿੱਚ ਭਾਰਤ ਵਿੱਚ ਜੰਗਲੀ ਜਾਨਵਰਾਂ ਦੀ ਸੁਰੱਖਿਆ ਦੇ ਲਈ ਜੰਗਲੀ ਜੀਵ ਬੋਰਡ ਦੀ ਸਥਾਪਨਾ ਕੀਤੀ ਗਈ। ਇਸ ਬੋਰਡ ਨੇ ਪਸ਼ੂ-ਪੰਛੀਆਂ ਅਤੇ ਬੂਟੇ-ਪੌਦਿਆਂ ਨੂੰ ਨਸ਼ਟ ਹੋਣ ਤੋਂ ਬਚਾਉਣ ਲਈ ਕੀਮਤੀ ਸੁਝਾਓ ਦਿੱਤੇ। ਇਸਦੇ ਨਾਲ ਹੀ ਇਸ ਬੋਰਡ ਦੁਆਰਾ ਖਤਮ ਹੋ ਰਹੇ ਪ੍ਰਾਣੀਆਂ ਦੀ ਸੂਚੀ ਤਿਆਰ ਕੀਤੀ ਗਈ। ਦੇਸ਼ ਭਰ ਵਿੱਚ ਜੰਗਲੀ ਜੀਵਾਂ ਦੀ ਸੁਰੱਖਿਆ ਲਈ ਰਾਸ਼ਟਰੀ ਪਾਰਕ ਅਤੇ ਆਸਰਾ ਸਥਾਨਾਂ ਦਾ ਨਿਰਮਾਣ ਵੀ ਕੀਤਾ ਗਿਆ। ਭਾਰਤ ਸਰਕਾਰ ਦੁਆਰਾ ਵਾਤਾਵਰਨ ਅਤੇ ਵਿਕਾਸ ਸਬੰਧੀ ਜੂਨ,1992 ਵਿੱਚ ਸਵੀਕਾਰ ਰਾਸ਼ਟਰੀ ਸੁਰੱਖਿਆ ਕਾਰਜਨੀਤੀ ਅਤੇ ਨੀਤੀਕਰਨ ਵਿੱਚ ਦੇਸ਼ ਦੇ ਵਿਭਿੰਨ ਖੇਤਰਾਂ ਵਿੱਚ ਵਿਕਾਸ ਗਤੀਵਿਧੀਆਂ ਦੇ ਨਾਲ ਵਾਤਾਵਰਨ ਸਬੰਧੀ ਪਹਿਲੂਆਂ ਨੂੰ ਜੋੜਨ ਲਈ ਕਾਰਜਨੀਤੀਆਂ ਅਤੇ ਕੰਮਾਂ ਦਾ ਉਲੇਖ ਕੀਤਾ ਗਿਆ ਹੈ, ਜਿਸ ਨਾਲ ਸਥਾਈ ਵਿਕਾਸ ਦਾ ਰਸਤਾ ਖੁੱਲ ਗਿਆ ਹੈ। ਰਾਸ਼ਟਰੀ ਸੁਰੱਖਿਆ ਨੀਤੀ, 1992 ਦੇ ਅੰਤਰਗਤ ਭਾਰਤ ਸਰਕਾਰ ਨੇ ਜੈਵ-ਵਿਭਿੰਨਤਾ ਦੀ ਸੁਰੱਖਿਆ ਤੇ ਵਿਸ਼ੇਸ਼ ਧਿਆਨ ਦਿੱਤੇ ਜਾਣ ਤੇ ਜ਼ੋਰ ਦਿੱਤਾ ਹੈ। ਜੈਵ-ਵਿਭਿੰਨਤਾ ਸਾਡੀ ਰਾਸ਼ਟਰੀ ਧਰੋਹਰ ਹੈ ਅਤੇ ਇਸਦੀ ਸੁਰੱਖਿਆ ਅਤਿ ਜ਼ਰੂਰੀ ਹੈ। ਭਾਰਤ ਨੇ ਜੂਨ,1992 ਵਿੱਚ ਜੈਵ-ਵਿਭਿੰਨਤਾ ਸੁਰੱਖਿਆ ਸੰਧੀ ਤੇ ਦਸਤਖਤ ਕੀਤੇ ਸੀ ਅਤੇ 19 ਮਈ, 1994 ਤੋਂ ਇਸਨੂੰ ਪ੍ਰਭਾਵਸ਼ਾਲੀ ਬਣਾਇਆ ਗਿਆ ਹੈ। ਜੈਵ-ਵਿਭਿੰਨਤਾ ਦੇ ਸਬੰਧ ਵਿੱਚ ਇੱਕ ਰਾਸ਼ਟਰੀ ਕਾਰਜ ਯੋਜਨਾ ਤਿਆਰ ਕੀਤੀ ਗਈ ਹੈ। ਰੇਗਿਸਤਾਨ ਦੇ ਵਿਸਥਾਰ ਨੂੰ ਨਿਯੰਤਰਣ ਕਰਨ ਦੇ ਲਈ ਭਾਰਤ ਨੇ ਅੰਤਰਰਾਸ਼ਟਰੀ ਸੰਧੀ ਤੇ ਦਸਤਖਤ ਕੀਤੇ ਹਨ, ਇਸ ਲਈ ਰਾਸ਼ਟਰੀ ਪ੍ਰੋਗਰਾਮ ਦੇ ਨਿਰਮਾਣ ਦੀ ਦਿਸ਼ਾ ਵਿੱਚ ਕੰਮ ਚੱਲ ਰਹੇ ਹਨ। ਮਾਨਵੀ ਹੋਂਦ ਦੀ ਰੱਖਿਆ ਦੇ ਲਈ ਜੈਵ-ਵਿਭਿੰਨਤਾ ਜ਼ਰੂਰੀ ਹੈ, ਇਸ ਸੱਚ ਨੂੰ ਹਰੇਕ ਮਨੁੱਖ ਨੂੰ ਸਮਝਣਾ ਹੋਵੇਗਾ।

ਵਾਤਾਵਰਣ ਸੁਰੱਖਿਆ ਮਾਹਿਰਾਂ ਦਾ ਮੰਨਣਾ ਹੈ ਕਿ ਧਰਤੀ ਤੇ ਵਾਤਾਵਰਨ ਅਤੇ ਜੈਵ-ਵਿਭਿੰਨਤਾ ਦੀ ਰੱਖਿਆ ਦਾ ਮਨੁੱਖ ਦੇ ਲਈ ਇਹ ਆਖਰੀ ਮੌਕਾ ਹੈ ਜੇਕਰ ਉਹ ਸਮਾਂ ਰਹਿੰਦਾ ਸੁਚੇਤ ਨਹੀਂ ਹੋਇਆ, ਤਾਂ ਕੁਦਰਤ ਤੋਂ ਬੇਮੁੱਖ ਹੋਣਾ ਉਸਦੇ ਲਈ ਅਤੀ ਆਤਮਘਾਤੀ ਸਿੱਧ ਹੋਵੇਗਾ। ਸਰਕਾਰ ਦੇ ਨਾਲ ਨਾਲ ਆਮ ਲੋਕਾਂ ਨੂੰ ਵੀ ਇਸ ਪ੍ਰਤੀ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਧਰਤੀ ਤੇ ਰਹਿਣ ਵਾਲੇ ਵੱਖ ਵੱਖ ਕਿਸਮਾਂ ਦੇ ਜੀਵ ਜੰਤੂਆਂ ਅਤੇ ਪੌਦਿਆਂ ਨੂੰ ਬਚਾਇਆ ਜਾ ਸਕੇ।



ਕੁਲਦੀਪ ਚੰਦ
91-94175-63054

# ਕਰਨਾਟਕ ਚੋਣਾਂ ਬਨਾਮ ਖੇਤਰੀ ਪਾਰਟੀਆਂ ਦੀ ਸਿਆਸਤ

ਕਰਨਾਟਕ ਵਿੱਚ ਐੱਸ. ਯੇਡੀਯੂਰੱਪਾ ਦੇ ਅਸਤੀਫ਼ੇ ਨਾਲ ਭਾਜਪਾ ਦੇ ਸਰਕਾਰ ਬਣਾਉਣ ਦੇ ਸਾਰੇ ਯਤਨ ਨਾਕਾਮ ਹੋ ਕੇ ਰਹਿ ਗਏ; ਹੁਣ ਵੇਲਾ ਹੈ, ਕਰਨਾਟਕ ਦੇ ਚੋਣ ਨਤੀਜੇ ਦੀਆਂ ਵੱਡੀਆਂ ਸੰਭਾਵਨਾਵਾਂ ਤੋਂ ਭਾਰਤ ਦੀ ਸੂਬਾਈ ਅਤੇ ਸ਼ਾਇਦ ਕੇਂਦਰੀ ਸਿਆਸਤ ਵੀ ਕੁੱਝ ਸਿੱਖੇ। ਕਰਨਾਟਕ ਵਿੱਚ ਪਿਛਲੇ ਦਿਨੀਂ ਜੋ ਕੁਝ ਵਾਪਰਿਆ, ਉਸ ਦੇ ਭਾਵੇਂ ਕਈ ਨੈਤਿਕ, ਕਾਨੂੰਨੀ ਤੇ ਸੰਵਿਧਾਨਕ ਪੱਖ ਹਨ ਪਰ ਕਰਨਾਟਕ ਦੇ ਇਸ ਫ਼ੈਸਲੇ ਦੇ ਸਭ ਤੋਂ ਵੱਧ ਅਹਿਮ ਸਿਆਸੀ ਪੱਖ ’ਤੇ ਧਿਆਨ ਕੇਂਦ੍ਰਿਤ ਕਰਨ ਦੀ ਜ਼ਰੂਰਤ ਹੈ ਕਿ ਹਿੰਦੂ ਰਾਸ਼ਟਰਵਾਦੀ ਭਾਰਤੀ ਜਨਤਾ ਪਾਰਟੀ ਹਾਰ ਗਈ ਹੈ; ਨੀਮ-ਧਰਮ ਨਿਰਪੇਖ ਰਾਸ਼ਟਰਵਾਦੀ ਕਾਂਗਰਸ ਜਿੱਤ ਹਾਸਲ ਨਹੀਂ ਕਰ ਸਕੀ ਅਤੇ ਕਰਨਾਟਕ ਦੀ ਖੇਤਰੀ ਪਾਰਟੀ ਜਨਤਾ ਦਲ (ਐੱਸ) ਦਾ ਨੁਮਾਇੰਦਾ, ਹੰਭੀ ਹੋਈ ਕਾਂਗਰਸ ਦੀ ਹਮਾਇਤ ਨਾਲ ਸੂਬੇ ਦਾ ਮੁੱਖ ਮੰਤਰੀ ਬਣੇਗਾ। ਹੁਣ ਤਕ ਹਿੰਦੂ ਰਾਸ਼ਟਰਵਾਦੀ ਭਾਜਪਾ ਦਾ ਜਿਹੜਾ ਲਗਾਤਾਰ ਅੱਗੇ ਵਧਣਾ ਕਿਤੇ ਰੁਕਦਾ ਦਿਖਾਈ ਨਹੀਂ ਸੀ ਦੇ ਰਿਹਾ, ਉਹ ਹੁਣ ਰੁਕ ਗਿਆ ਹੈ। ਦੂਜੇ ਬੰਨੇ, ਕਾਂਗਰਸ ਵੀ ਕੋਈ ਸਪੱਸ਼ਟ ਜੇਤੂ ਨਹੀਂ ਬਣ ਸਕੀ ਸਗੋਂ ਇਸ ਨੂੰ ਖੇਤਰੀ ਪਾਰਟੀ ਦੇ ਅਧੀਨ ਰਹਿ ਕੇ ਕੰਮ ਕਰਨਾ ਪਵੇਗਾ। ਕੀ ਇਹ ਸਾਰਾ ਕੁੱਝ ਖੇਤਰੀKਸੂਬਾ ਆਧਾਰਿਤ ਸਿਆਸਤ ਲਈ ਕੋਈ ਮਿਸਾਲ ਬਣ ਸਕੇਗਾ ਅਤੇ ਫਿਰ ਇਸੇ ਆਧਾਰ ’ਤੇ ਕੇਂਦਰ ਵਿਚ ਵੀ ਸੱਤਾਧਾਰੀ ਗੱਠਜੋੜ ਬਣਨ ਦਾ ਰੂਪ ਅਖ਼ਤਿਆਰ ਕਰ ਸਕੇਗਾ?

ਕਰਨਾਟਕ ਦੀ ਮਿਸਾਲ ਦੇ ਮਹੱਤਵ ਨੂੰ ਸਮਝਣ ਲਈ, ਸਮੁੱਚੇ ਮੁਲਕ ਅਤੇ ਇਸ ਦੇ ਵੱਖ ਵੱਖ ਖੇਤਰਾਂ ਵਿਚ ਚੱਲ ਰਹੇ ਸਿਆਸੀ ਰੁਝਾਨਾਂ ਉੱਤੇ ਵਿਆਪਕ ਝਾਤ ਪਾਉਣੀ ਅਹਿਮ ਹੋਵੇਗੀ। ਮੁਲਕ ਵਿਚ ਇਸ ਵੇਲੇ ਚਾਰ ਸਿਆਸੀ ਰੁਝਾਨ ਚੱਲ ਰਹੇ ਹਨ। ਸ਼ੁਰੂਆਤ ਸਭ ਤੋਂ ਪੁਰਾਣੀ ਪਾਰਟੀ, ਕਾਂਗਰਸ ਤੋਂ ਕਰਦੇ ਹਾਂ। ਇਸ ਪਾਰਟੀ ਦੀ ਸੁਰ ਭਾਵੇਂ ਹਿੰਦੂਵਾਦੀ ਹੀ ਰਹੀ ਹੈ, ਫਿਰ ਵੀ ਇਸ ਨੇ ਮੁੱਖ ਤੌਰ ’ਤੇ ਆਪਣਾ ਧਿਆਨ ਭਾਰਤ ਦੀਆਂ ਵੱਖੋ-ਵੱਖਰੀਆਂ ਵਿਭਿੰਨਤਾਵਾਂ ਨੂੰ ਇਕਜੁੱਟ ਭਾਰਤ ਦੀ ਪਛਾਣ ਬਣਾਉਣ ’ਤੇ ਕੇਂਦ੍ਰਿਤ ਕੀਤਾ ਹੈ। ਇਸ ਨੇ ਆਪਣੀ ਹਿੰਦੂਵਾਦੀ ਸੁਰ ਨੂੰ ਧਰਮ ਨਿਰਪੇਖਤਾ ਦੇ ਪਰਦੇ ਹੇਠ ਲੁਕਾ ਕੇ ਰੱਖਿਆ ਹੈ। ਇਹ ਜਿੱਥੇ ਇੱਕ ਪਾਸੇ ਹਿੰਦੂ ਬਹੁਗਿਣਤੀ ਦੇ ਨੇੜੇ ਰਹਿਣ ਦਾ ਦਾਅਵਾ ਕਰ ਕੇ ਉਸ ਦੀ ਹਮਾਇਤ ਲੈਂਦੀ ਰਹੀ ਹੈ, ਉੱਥੇ ਇਸ ਨੇ ਸਦਾ ਧਰਮ ਨਿਰਪੇਖਤਾ ਦੀ ਆੜ ਹੇਠ ਘੱਟ-ਗਿਣਤੀਆਂ ਦਾ ਸਮਰਥਨ ਵੀ ਲਿਆ ਹੈ। ਇੰਜ ਇਹ ਦੋਹਾਂ ਧਾਰਾਵਾਂ ਵਿਚਕਾਰ ਸੰਤੁਲਨ ਰੱਖਣ ਦਾ ਯਤਨ ਕਰਦੀ ਰਹੀ ਹੈ ਅਤੇ ਇਸ ਸੰਤੁਲਨ ਵਿਚ ਹੀ ਇਸ ਪਾਰਟੀ ਦੀ ਸਿਆਸਤ ਦਾ ਖ਼ਾਸਾ ਲੁਕਿਆ ਹੋਇਆ ਹੈ ਹਾਲਾਂਕਿ ਇਹ ਸੰਤੁਲਨ ਕਾਇਮ ਰੱਖਦਿਆਂ ਇਸ ਨੇ ਕਈ ਤਰ੍ਹਾਂ ਦੇ ਉਤਰਾਅ-ਚੜ੍ਹਾਅ ਵੀ ਦੇਖੇ ਹਨ। ਉਂਜ, ਉਸ ਦੇ ਇਸ ਗਿਣੇ-ਮਿਥੇ ਸੰਤੁਲਨ ਭਾਵੇਂ ਇਹ ਸਦਾ ਸੁਚੇਤ ਰੂਪ ਵਿੱਚ ਨਾ ਵੀ ਹੋਵੇ, ਦੇ ਪਿੱਛੇ ਇੱਕ ਖ਼ਾਸ ਮਿਸ਼ਨ ਹੁੰਦਾ ਹੈ: ਜਿੱਥੇ ਲੋੜ ਹੋਵੇ, ਉੱਥੇ ਅਧੀਨਗੀ ਨਾਲ ਵੀ ਭਾਰਤ ਦੀ ਇਕਜੁੱਟ ਕੌਮੀ ਪਛਾਣ ਦਾ ਨਿਰਮਾਣ ਕਰੋ, ਤੇ ਜੇ ਇਕਜੁੱਟ ਕੌਮੀ ਪਛਾਣ ਨੂੰ ਕੋਈ ਵੰਗਾਰੇ ਤਾਂ ਉਨ੍ਹਾਂ ਪਛਾਣਾਂ ਦੀ ਵਿਭਿੰਨਤਾ ਨੂੰ ਕੁਚਲ ਕੇ ਰੱਖ ਦਿਓ। ਧਰਮ ਨਿਰਪੇਖਤਾਵਾਦ ਦੇ ਪ੍ਰਚਾਰ ਦਾ ਆਧਾਰ ਧਰਮ ਨਿਰਪੇਖਤਾ ਦੀਆਂ ਅਸਲ ਕਦਰਾਂ-ਕੀਮਤਾਂ ’ਤੇ ਆਧਾਰਿਤ ਨਹੀਂ ਹੁੰਦਾ, ਸਗੋਂ ਇਸ ਦਾ ਮਕਸਦ ਇਕਜੁੱਟ ਕੌਮੀ ਪਛਾਣ ਸਿਰਜਣ ਦਾ ਮਿਸ਼ਨ ਹੈ। ਇਸੇ ਬੁਨਿਆਦੀ ਮਿਸ਼ਨ ਨੇ ਇਸ ਪਾਰਟੀ ਨੂੰ ਕੇਂਦਰੀਕਰਨ ਦਾ ਮਜ਼ਬੂਤ ਹਮਾਇਤੀ ਬਣਾਇਆ ਹੈ ਅਤੇ ਇਸ ਦੇ ਸਿਆਸੀ-ਆਰਥਿਕ ਪ੍ਰਾਜੈਕਟ ਨੇ ਇਕਜੁੱਟ ਪਛਾਣ ਦੇ ਮੰਤਵ ਦੀ ਪੂਰਤੀ ਲਈ ਕੇਂਦਰੀਕਰਨ ਨੂੰ ਮੁੱਖ ਏਜੰਡੇ ਵਜੋਂ ਮਜ਼ਬੂਤ ਕੀਤਾ ਹੈ। ਕੇਂਦਰੀ ਯੋਜਨਾਬੰਦੀ ਦੇ ਨਹਿਰੂਵਾਦੀ ਏਜੰਡੇ ’ਚ ਕੇਂਦਰੀ ਆਰਥਿਕ ਤਾਲਮੇਲ ਦਾ ਆਰਥਿਕ ਪਾਸਾਰ ਤੇ ਇੱਕਜੁਟਤਾ ਦਾ ਸਿਆਸੀ ਪ੍ਰਾਜੈਕਟ, ਦੋਵੇਂ ਹੀ ਹੁੰਦੇ ਹਨ। ਕੇਂਦਰੀਕਰਨ ਦੇ ਇਸ ਏਜੰਡੇ ਦੀ ਭੈੜੀ ਕਿਸਮ ਇੰਦਰਾ ਗਾਂਧੀ ਦੇ ਐਮਰਜੈਂਸੀ ਕਾਲ (1975-77) ਦੌਰਾਨ ਸਾਹਮਣੇ ਆਈ ਸੀ।



ਕਾਂਗਰਸ ਦੀ ਮੁੱਖ ਵਿਰੋਧੀ ਪਹਿਲਾਂ ਜਨ ਸੰਘ ਹੁੰਦੀ ਸੀ ਜੋ 1947 ਤੋਂ ਬਾਅਦ ਬਹੁਤ ਹੌਲੀ ਹੌਲੀ ਉੱਭਰਦੀ ਰਹੀ ਅਤੇ ਫਿਰ 1980 ਤੋਂ ਬਾਅਦ ਹਿੰਦੂ ਰਾਸ਼ਟਰਵਾਦੀ ਭਾਜਪਾ ਦੇ ਰੂਪ ਵਿਚ ਜ਼ੋਰ ਫੜਦੀ ਗਈ। ਭਾਰਤ ਲਈ ਉਸ ਦਾ ਸਿਆਸੀ ਪ੍ਰਾਜੈਕਟ ਵੀ ਕਾਂਗਰਸ ਵਰਗਾ ਹੀ ਸੀ: ਹੋਰ ਸਾਰੀਆਂ ਪਛਾਣਾਂ ਤੋਂ ਉੱਪਰ ਇਕ ਮਜ਼ਬੂਤ ਭਾਰਤੀ ਪਛਾਣ ਦੀ ਉਸਾਰੀ ਕਰਨਾ। ਇਹ ਬਾਕੀ ਪਛਾਣਾਂ ਨੂੰ ਉਸ ਪਛਾਣ ਲਈ ਫੁੱਟ-ਪਾਊ ਤਾਕਤਾਂ ਵਜੋਂ ਦੇਖਦੀ ਹੈ। ਉਂਜ ਕਾਂਗਰਸ ਦੇ ਮੁਕਾਬਲੇ ਉਸ ਵਿਚ ਇਕ ਵੱਡਾ ਫ਼ਰਕ ਵੀ ਹੈ: ਉਸ ਦਾ ਮੰਨਣਾ ਹੈ ਕਿ ਸਿਰਫ਼ ਇੱਕੋ-ਇੱਕ ਭਾਰਤੀ ਪਛਾਣ ਦੀ ਹੀ ਉਸਾਰੀ ਹੋ ਸਕਦੀ ਹੈ, ਇਸ ਲਈ ਹੋਰ ਸਾਰੀਆਂ ਵਿਭਿੰਨ ਕਦਰਾਂ-ਕੀਮਤਾਂ ਦੇ ਮੁਕਾਬਲੇ ਹਿੰਦੂ ਸੱਭਿਆਚਾਰਕ ਕਦਰਾਂ-ਕੀਮਤਾਂ ਦੀ ਸਰਦਾਰੀ ਕਾਇਮ ਰਹਿਣੀ ਚਾਹੀਦੀ ਹੈ। ਹਿੰਦੂ ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਉਭਾਰਨ ਵਿਚ ਮਦਦ ਲਈ ਹਿੰਦੂ ਰਾਸ਼ਟਰਵਾਦੀ ਸਿਆਸੀ, ਪ੍ਰਸ਼ਾਸਕੀ, ਸੰਵਿਧਾਨਕ, ਅੰਦਰੂਨੀ ਤੇ ਬਾਹਰੀ ਸੁਰੱਖਿਆ, ਕਾਨੂੰਨ, ਸਿੱਖਿਆ ਤੇ ਮੀਡੀਆ ਸੰਚਾਰ ਜਿਹੇ ਸਾਰੇ ਹੀ ਖੇਤਰਾਂ ਵਿੱਚ ਕੇਂਦਰੀਕਰਨ ਨੂੰ ਮਜ਼ਬੂਤ ਕਰ ਰਹੇ ਹਨ। ਵਿਭਿੰਨ ਪਛਾਣਾਂ ਦੀ ਵਧਦੀ ਜਾ ਰਹੀ ਮਜ਼ਬੂਤੀ ’ਚੋਂ ਭਾਰਤੀ ਸਿਆਸਤ ਵਿਚ ਵਿਕੇਂਦਰੀਕਰਨ ਦਾ ਤੀਜਾ ਰੁਝਾਨ ਵੀ ਉੱਘੜ ਕੇ ਸਾਹਮਣੇ ਆ ਰਿਹਾ ਹੈ ਜੋ ਕਾਂਗਰਸ ਅਤੇ ਭਾਜਪਾ ਦੇ ਕੇਂਦਰੀਕਰਨ ਦੇ ਦ੍ਰਿਸ਼ਟੀਕੋਣਾਂ ਤੋਂ ਉਲਟ ਹੈ, ਉਹ ਹੈ: ਖੇਤਰੀ, ਭਾਸ਼ਾਈ, ਧਾਰਮਿਕ ਅਤੇ ਦਲਿਤਾਂ ਤੇ ਪੱਛੜੀਆਂ ਜਾਤਾਂ ਦੀਆਂ ਗ਼ੈਰ-ਸਵਰਨ ਜਾਤੀ ਪਛਾਣਾਂ। ਭਾਸ਼ਾਈ ਮੁੱਦੇ ਨੂੰ ਛੱਡ ਕੇ ਬਾਕੀ ਦੀਆਂ ਇਹ ਸਾਰੀਆਂ ਵਿਭਿੰਨ ਪਛਾਣਾਂ ਭਾਰਤ ਦੀ ਆਜ਼ਾਦੀ ਦੇ ਪਹਿਲੇ ਦੋ ਦਹਾਕੇ ਬਾਅਦ ਤਕ ਚੁੱਪ ਹੀ ਰਹੀਆਂ ਕਿਉਂਕਿ ਉਨ੍ਹਾਂ ਦੋ ਦਹਾਕਿਆਂ ਦੌਰਾਨ ਨਵੇਂ ਰਾਸ਼ਟਰ ਦੀ ਉਸਾਰੀ ਦਾ ਸਿਆਸੀ ਸੱਭਿਆਚਾਰ ਵਧੇਰੇ ਹਾਵੀ ਰਿਹਾ ਸੀ। ਭਾਸ਼ਾਈ ਪਛਾਣਾਂ ਦੀਆਂ ਨਾਰਾਜ਼ ਸੁਰਾਂ ਖ਼ਾਸ ਤੌਰ ’ਤੇ ਹਿੰਦੀ ਦੇ ਤਰਜੀਹੀਕਰਨ ਦੇ ਖ਼ਿਲਾਫ਼ ਹਨ। ਹਿੰਦੀ ਖੇਤਰ ਦੀ ਭਾਸ਼ਾ ਹਿੰਦੀ ਹੈ ਪਰ ਗ਼ੈਰ-ਹਿੰਦੀ ਭਾਸ਼ਾਈ ਖੇਤਰਾਂ ਵਿਚ ਉਸ ਹਾਵੀ ਹੁੰਦੇ ਸਿਆਸੀ ਸੱਭਿਆਚਾਰ ਦਾ ਵਿਰੋਧ ਹੋਇਆ। ਇਸ ਵਿਰੋਧ ਦੀਆਂ ਜੜ੍ਹਾਂ ਸੰਵਿਧਾਨ ਸਿਰਜਣ ਦੀ ਪ੍ਰਕਿਰਿਆ ਵਿਚ ਭਾਸ਼ਾ ਬਾਰੇ ਦਿੱਤੀਆਂ ਜਾਣ ਵਾਲੀਆਂ ਦਲੀਲਾਂ ਵਿਚ ਮੌਜੂਦ ਹਨ। ਵੱਖੋ-ਵੱਖਰੀਆਂ ਵਿਧਾਨ ਸਭਾਵਾਂ ਵਿਚ ਹੋਣ ਵਾਲੀਆਂ ਬਹਿਸਾਂ ਦੌਰਾਨ ਪੱਛਮੀ ਭਾਰਤ (ਮੌਜੂਦਾ ਮਹਾਰਾਸ਼ਟਰ ਤੇ ਗੁਜਰਾਤ) ਦੇ ਨੁਮਾਇੰਦਿਆਂ ਦੀ ਹਮਾਇਤ ਨਾਲ ਹਿੰਦੀ ਭਾਸ਼ਾਈ ਉੱਤਰੀ ਖੇਤਰ ਦਾ ਗ਼ੈਰ-ਹਿੰਦੀ ਭਾਸ਼ਾਈ ਖੇਤਰਾਂ ਵਿਚ ਜ਼ੋਰਦਾਰ ਵਿਰੋਧ ਹੋਇਆ ਤੇ ਉੱਥੇ ਇਸ ਨੂੰ ਹਿੰਦੀ ਸਾਮਰਾਜਵਾਦ ਤੱਕ ਆਖਿਆ ਗਿਆ। 1960ਵਿਆਂ ਦੇ ਅੱਧ ਦੌਰਾਨ ਜਿਹੜੀਆਂ ਆਵਾਜ਼ਾਂ ਨੂੰ ਅਣਸੁਣਿਆ ਕੀਤਾ ਜਾਂਦਾ ਰਿਹਾ ਸੀ, ਪੂੰਜੀਵਾਦ ਦੇ ਵਿਕਾਸ ਨਾਲ ਅਤੇ ਵਿਚਾਰ-ਵਟਾਂਦਰਿਆਂ ਤੋਂ ਬਾਅਦ ਉਨ੍ਹਾਂ ਦਾ ਹੀ ਉਭਾਰ ਖੇਤਰੀ ਪਾਰਟੀਆਂ ਦੇ ਰੂਪ ਵਿਚ ਹੋਇਆ ਤੇ ਉਨ੍ਹਾਂ ਨੇ ਹੀ ਕਾਂਗਰਸ ਦੀ ਸਰਦਾਰੀ ਨੂੰ ਚੁਣੌਤੀ ਦਿੱਤੀ। ਸਾਲ 1967 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਬੰਗਾਲ ਤੋਂ ਪੰਜਾਬ ਤੱਕ ਖੇਤਰੀ ਪਾਰਟੀਆਂ ਨੇ ਖੱਬੀਆਂ ਪਾਰਟੀਆਂ ਦੇ ਤਾਲਮੇਲ ਨਾਲ ਗ਼ੈਰ-ਕਾਂਗਰਸੀ ਸਰਕਾਰਾਂ ਕਾਇਮ ਕੀਤੀਆਂ ਸਨ। ਇੱਕਜੁੱਟਤਾ ਤੇ ਕੇਂਦਰੀਕਰਨ ਦੇ ਵਿਚਾਰਧਾਰਕ ਏਜੰਡੇ ਖ਼ਿਲਾਫ਼ ਵਿਭਿੰਨਤਾਵਾਂ ਦੀਆਂ ਬੁਨਿਆਦੀ ਸੱਚਾਈਆਂ ਦੀ ਹਕੀਕਤ ਉੱਘੜ ਕੇ ਸਾਹਮਣੇ ਆਈ।



ਪ੍ਰੀਤਮ ਸਿੰਘ (ਪ੍ਰੋ.)

## ਸਾਹਿਤਕ ਪੈੜਾਂ- ਕੁਝ ਰਚਨਾਵਾਂ

# ਸ਼ਹੀਦ ਜਰਨੈਲ ਸਿੰਘ

ਇਕ ਯੋਧਾ ਜਰਨੈਲ ਦਿੱਤੀ ਸਿੱਖ ਮਰਿਆਦਾ ਨੂੰ ਸੀ ਪਹਿਲ
ਫਿਰ ਸਰਕਾਰ ਗਈ ਦਹਿਲ ਉਹਦਾ ਵੇਖ ਕੇ ਪਹਾੜ ਜਿੱਡਾ ਜੇਰਾ ਵੇ
ਸਾਰੇ ਦੁੱਖ ਭੁੱਲ ਜਾਣਗੇ ਨਹੀਂਓ ਭੁੱਲਣਾ ਵਿਛੋੜਾ ਸਾਨੂੰ ਤੇਰਾ ਵੇ।

ਸੁੱਤੀ ਕੌਮ ਤੂੰ ਜਗਾਈ ਜਿੰਦ ਸਾਡੇ ਲੇਖੇ ਲਾਈ
ਕੀਤੀ ਹੱਕਾਂ ਲਈ ਲੜਾਈ ਤਾਹੀਓ ਹਾਕਮਾਂ ਨੇ ਪਾਇਆ ਤੈਨੂੰ ਘੇਰਾ ਵੇ
ਸਾਰੇ ਦੁੱਖ ਭੁੱਲ ਜਾਣਗੇ ਨਹੀਂਓ ਭੁੱਲਣਾ.......

ਮਹੀਨਾ ਜੂਨ ਦਾ ਹੈ ਆਉਂਦਾ ਸਾਰਾ ਜਹਾਨ ਕੁਰਲਾਉਂਦਾ
ਨਾ ਕੋਈ ਭੁੱਲੇ ਨਾ ਭੁਲਾਉਂਦਾ ਕੀਤਾ ਜਾਲਮਾਂ ਨੇ ਜ਼ੁਲਮ ਬਥੇਰਾ ਵੇ
ਸਾਰੇ ਦੁੱਖ ਭੁੱਲ ਜਾਣਗੇ ਨਹੀਂਓ ਭੁੱਲਣਾ.......

ਤੇਰੀ ਡੂੰਘੀ ਲੰਮੀ ਸੋਚ ਤਾਹੀਓਂ ਲੱਭਦੇ ਨੇ ਲੋਕ
ਕੀਤੇ ਹੌਸਲੇ ਬੁਲੰਦ ਕੋਈ ਸਕਦਾ ਨਾ ਰੋਕ ਚੇਤੇ ਆਉਂਦਾ
ਤੂੰ ਪੰਜਾਬ ਦਿਆ ਸ਼ੇਰਾ ਵੇ
ਸਾਰੇ ਦੁੱਖ ਭੁੱਲ ਜਾਣਗੇ ਨਹੀਂਓ ਭੁੱਲਣਾ.......

ਕਿਵੇਂ ਹੋਈਆਂ ਸੀ ਚੜ੍ਹਾਈਆਂ ਸਭ ਮਿੱਟੀ 'ਚ ਮਿਲਾਈਆਂ
ਵੱਜੀ ਸਭਦੇ ਹੀ ਸੱਟ ਆਸਾਂ ਸਭ ਨੇ ਮੁਕਾਈਆਂ
ਤੇਰੇ ਹੁੰਦਿਆਂ ਹੀ ਹੋਣਾ ਸੀ ਨਿਬੇੜਾ ਵੇ
ਸਾਰੇ ਦੁੱਖ ਭੁੱਲ ਜਾਣਗੇ ਨਹੀਂਓ ਭੁੱਲਣਾ.......

ਬੈਠੇ ਚੁੱਪ ਚਾਪ ਸਾਰੇ ਕੋਈ ਗੱਲ ਲੱਗੀ ਨਾ ਕਿਨਾਰੇ
ਤੈਨੂੰ ਭਾਲ ਭਾਲ ਥੱਕੇ ਸਾਰੇ ਥਾਂ ਫੋਲ ਮਾਰੇ
'ਦੇਵ ਘੋਲੀਏ' ਦਾ ਕਹੇ ਪਾ ਤੂੰ ਫੇਰਾਵੇ
ਸਾਰੇ ਦੁੱਖ ਭੁੱਲ ਜਾਣਗੇ ਨਹੀਂਓਂ ਭੁੱਲਣਾ....



**– ਦੇਵ ਘੋਲੀਆ ਖੁਰਦ (ਫਰਿਜ਼ਨੋ)**
559-232-7764

# ਬਚਪਨ

ਬਚਪਨ ਦੇ ਦਿਨ ਬੜੇ ਸੀ ਖਾਸ,
ਆਉਂਦੇ ਨੇ ਹੁਣ ਤੱਕ ਵੀ ਯਾਦ।
ਛੇਤੀ ਉੱਠਣ ਦਾ ਨਾ ਕੋਈ ਡਰ,
ਦੇਰ ਸ਼ਾਮ ਨੂੰ ਵੜਦੇ ਸੀ ਘਰ।
ਖ਼ੂਬ ਖੇਡਦੇ ਸੀ ਬਾਲ ਤੇ ਬੈਟ,
ਘੱਟ ਪੜ੍ਹਦੇ ਸੀ ਦਿਸ ਤੇ ਦੈਟ।
ਪੀਚੋ, ਗੁੱਲੀ ਡੰਡਾ ਤੇ ਬੰਟੇ,
ਖੇਡਦੇ ਰਹਿੰਦੇ ਕਈ ਕਈ ਘੰਟੇ।
ਹੋਮਵਰਕ ਲਈ ਖਾਂਧੀਆਂ ਗਾਲਾਂ,
ਨਹਾਉਂਦੇ ਹੋਏ ਲਾਈਆਂ ਛਾਲਾਂ।
ਬੜੇ ਚੜ੍ਹਾਏ ਅਸਮਾਨੀ ਪਤੰਗ,
ਚਿੱਤਰਾਂ ਵਿੱਚ ਵੀ ਭਰੇ ਨੇ ਰੰਗ।
ਛੁੱਟੀਆਂ ਨਾਨਕੇ ਘਰ ਬਿਤਾਉਂਣਾ,
ਮਨਪਸੰਦ ਦੀਆਂ ਚੀਜ਼ਾਂ ਖਾਣਾ।
ਛੱਤ ਤੇ ਮੰਜੇ ਡਾਅ ਕੇ ਸੌਣਾ,
ਬਿਨ੍ਹਾ ਪੱਖੇ ਤੋਂ ਨੀਂਦ ਆਉਂਣਾ।
ਕੱਟੇ ਗਏ ਪਤੰਗਾਂ ਨੂੰ ਲੁੱਟਣਾ,
ਚੱਲਦਾ ਸੀ ਯਾਰਾਂ ਨਾਲ ਰੁੱਸਣਾ।
ਸਕੂਲੋਂ ਛੁੱਟੀ ਲਈ ਬਹਾਨੇ ਲਾਏ,
ਮਾਪੇ ਵੀ ਗੱਲਾਂ ਵਿੱਚ ਆਏ।
ਸਾਈਕਲ ਦੀ ਕੈਂਚੀ ਚਲਾਉਂਣਾ,
ਡਿੱਗਣ ਸਾਰ ਹੁੰਦਾ ਮੁਸਕੁਰਾਉਂਣਾ।
ਮਾਂ ਦਾ ਬੁਰਕੀਆਂ ਮੂੰਹ ਵਿੱਚ ਪਾਉਂਣਾ,
ਪਿਤਾ ਦਾ ਹਰ ਸਮੇਂ ਹੌਸਲਾ ਵਧਾਉਂਣਾ।
"ਚਮਨ" ਬਚਪਨਾ ਹਰ ਮਾਨਵ ਦੀ ਲੋੜ,
ਤਣਾਓ ਭਜਾਉਂਣ ਲਈ ਵਧੀਆ ਤੋੜ।



**ਚਮਨਦੀਪ ਸ਼ਰਮਾ**
91-95010 33005

# ਅੱਠਵਾਂ ਫੀਲਡ ਹਾਕੀ ਟੂਰਨਾਮੈਂਟ ਸਫਲਤਾ ਨਾਲ ਸੰਪੰਨ

(ਸਫਾ 1 ਦੀ ਬਾਕੀ)

ਟੂਰਨਾਮੈਂਟ ਦੇ ਉਦਘਾਟਨ ਵੇਲੇ ਵੱਡੀ ਗਿਣਤੀ ਵਿਚ ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀਆਂ ਦੀ ਗਿਣਤੀ ਅਮਰੀਕਾ ਵਿਚ ਹਾਕੀ ਪ੍ਰੇਮ ਦੀ ਇਕ ਜਿਉਂਦੀ ਜਾਗਦੀ ਵੱਡੀ ਮਿਸਾਲ ਸੀ। ਇਵੇਂ ਤਿੰਨੇ ਦਿਨ ਹਾਕੀ ਦੇ ਫਸਵੇਂ ਮੁਕਾਬਲੇ ਅਤੇ ਅੰਤਰਰਾਸ਼ਟਰੀ ਪੱਧਰ ਦੀ ਹਾਕੀ ਦਰਸ਼ਕਾਂ ਨੂੰ ਵੇਖਣ ਨੂੰ ਮਿਲੀ ਅਤੇ ਇਸ ਅੱਠਵੇਂ ਹਾਕੀ ਟੂਰਨਾਮੈਂਟ ਵਿਚ ਉਲੰਪੀਅਨ ਸੁਰਿੰਦਰ ਸਿੰਘ ਸੋਢੀ ਦਾ ਭਾਰਤ ਤੋਂ ਉਚੇਚੇ ਤੌਰ 'ਤੇ ਸ਼ਾਮਿਲ ਹੋਣਾ ਪ੍ਰਬੰਧਕਾਂ ਦੀ ਵੱਡੀ ਇਸ ਕਰਕੇ ਬਣਿਆ ਕਿਉਂਕਿ ਉਨ੍ਹਾਂ ਨੇ ਇਸ ਟੂਰਨਾਮੈਂਟ ਤੇ ਆਪਣੀ ਪ੍ਰਤੀਕਿਰਿਆ ਜ਼ਾਹਿਰ ਕਰਦਿਆਂ ਕਿਹਾ ਕਿ ਇਹ ਸਿਰਫ ਕੈਲੇਫੋਰਨੀਆਂ ਜਾ ਅਮਰੀਕਾ ਵਿਚ ਹੋਣ ਵਾਲਾ ਪੰਜਾਬੀ ਭਾਈਚਾਰੇ ਦਾ ਵੱਡਾ ਹਾਕੀ ਟੂਰਨਾਮੈਂਟ ਹੀ ਨਹੀਂ ਸਗੋਂ ਇਸ ਟੂਰਨਾਮੈਂਟ ਵਿਚ ਅੰਤਰਰਾਸ਼ਟਰੀ ਪੱਧਰ ਦੇ ਵੱਖ ਵੱਖ ਦੇਸ਼ਾਂ ਤੋਂ ਖਿਡਾਰੀਆਂ ਦਾ ਵਧੀਆ ਪ੍ਰਦਰਸ਼ਨ ਇਸ ਖੇਡ ਮੇਲੇ ਦੀ ਅਤੇ ਹਾਕੀ ਦੀ ਪ੍ਰਾਪਤੀ ਵੀ ਹੈ।

ਉਲੰਪੀਅਨ ਸੋਢੀ ਨੇ ਕਿਹਾ ਕਿ ਉਹ ਉਚੇਚੇ ਤੌਰ ਤੇ ਇੰਡੀਆ ਤੋਂ ਇਸੇ ਟੂਰਨਾਮੈਂਟ ਦਾ ਹਿੱਸਾ ਬਣਨ ਆਏ ਹਨ ਪਰ ਉਹ ਮੁੱਖ ਮਹਿਮਾਨ ਬਣ ਕੇ ਨਹੀਂ ਸਗੋਂ ਇਕ ਖਿਡਾਰੀ ਦੀ ਹੈਸੀਅਤ ਵਿਚ ਅਜਿਹੇ ਲਾਜਵਾਬ ਹਾਕੀ ਮੁਕਾਬਲਿਆਂ ਨੂੰ ਵੇਖ ਕੇ ਬਾਗੋ ਬਾਗ ਵੀ ਹਨ। ਟੂਰਨਾਮੈਂਟ ਦੇ ਪ੍ਰਬੰਧਕਾਂ ਸ੍ਰ. ਗੁਰਵਿੰਦਰ ਸਿੰਘ ਗਾਖਲ, ਨੇਕੀ ਅਟਵਾਲ, ਪਿੰਕੀ ਅਟਵਾਲ ਨੇ ਸਾਂਝੀ ਪ੍ਰਤੀਕਿਰਿਆ ਜ਼ਾਹਿਰ ਕਰਦਿਆਂ ਕਿਹਾ ਕਿ ਉਹ ਭਾਰਤ ਦੀ ਰਾਸ਼ਟਰੀ ਖੇਡ ਹਾਕੀ ਨੂੰ ਪਿਆਰ ਹੀ ਨਹੀਂ ਕਰਦੇ ਸਗੋਂ ਆਏ ਸਾਲ ਇਸ ਖੇਡ ਦੇ ਵਧੀਆ ਪ੍ਰਦਰਸ਼ਨ ਲਈ ਯਤਨਸ਼ੀਲ ਰਹਿੰਦੇ ਹਨ ਤੇ ਕੌਮਾਂਤਰੀ ਪੱਧਰ ਦੇ ਹਾਕੀ ਖਿਡਾਰੀਆਂ ਨੂੰ ਟੂਰਨਾਮੈਂਟ ਵਿਚ ਸ਼ਾਮਿਲ ਕਰਨਾ ਉਹਨਾਂ ਦੀ ਪਹਿਲੀ ਤਰਜ਼ੀਹ ਹੁੰਦੀ ਹੈ। ਉਹਨਾ ਮਾਣ ਨਾਲ ਕਿਹਾ ਕਿ ਇਹ ਅੱਠਵਾਂ ਹਾਕੀ ਟੂਰਨਾਮੈਂਟ ਅਮਰੀਕਾ 'ਚ ਹਾਕੀ ਦੇ ਸਾਬਕਾ ਖਿਡਾਰੀ ਸਵ. ਅਮਰਜੀਤ ਦੁਲਾਈ ਨੂੰ ਸਮਰਪਿਤ ਕਰਨਾ ਇਕ ਤਰ੍ਹਾਂ ਸਾਰੇ ਕਲੱਬ ਦਾ ਹੀ ਹਾਕੀ ਨੂੰ ਸਮਰਪਣ ਹੈ। ਟੂਰਨਾਮੈਂਟ ਦੇ ਫਾਈਨਲ ਮੁਕਾਬਲਿਆਂ ਵਿਚ ਟੌਪ ਡਵੀਜ਼ਨ ਵਿਚ ਪਹਿਲਾ ਸਥਾਨ ਵੈਸਟ ਕੋਸਟ ਕਿੰਗਜ਼ ਸਰ੍ਹੀ ਦੀ ਟੀਮ ਨੇ ਯੂਬਾ ਬ੍ਰਦਰਜ਼ ਸਪੋਰਟਸ ਕਲੱਬ ਨੂੰ ਸਿਫਰ ਦੇ ਮੁਕਾਬਲੇ ਇਕ ਗੋਲ ਨਾਲ ਹਰਾ ਕੇ ਜਿੱਤ ਲਿਆ। ਇਵੇਂ ਸਥਾਨਕ ਕਲੱਬਾਂ ਦੇ ਮੁਕਾਬਲਿਆਂ ਵਿਚ ਯੂਬਾ ਬ੍ਰਦਰਜ਼ ਸਪੋਰਟਸ ਕਲੱਬ ਦੀ ਟੀਮ ਨੇ ਸ਼ਹੀਦ ਬਾਬਾ ਦੀਪ ਸਿੰਘ ਕਲੱਬ ਨੂੰ ਇਕ ਦੇ ਮੁਕਾਬਲੇ ਚਾਰ ਗੋਲਾਂ ਨਾਲ ਹਰਾ ਕੇ ਪਹਿਲਾ ਸਥਾਨ ਹਾਸਲ ਕੀਤਾ। ਇਨ੍ਹਾਂ ਹਾਕੀ ਮੁਕਾਬਲਿਆਂ ਵਿਚ ਪਹਿਲਾ ਵੱਡਾ ਇਨਾਮ ਗਾਖਲ ਭਰਾਵਾਂ ਸ. ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ ਵਲੋਂ ਆਪਣੇ ਪਿਤਾ ਸ. ਨਸੀਬ ਸਿੰਘ ਦੀ ਯਾਦ ਵਿਚ ਦਿੱਤਾ ਗਿਆ। ਜਦੋਂ ਕਿ ਦੂਜਾ ਵੱਡਾ ਇਨਾਮ ਬੋਪਾਰਾਏ ਭਰਾਵਾਂ ਮਾਈਕ ਬੋਪਾਰਾਏ ਅਤੇ ਜਸਵਿੰਦਰ ਬੋਪਾਰਾਏ ਵਲੋਂ ਸਪਾਂਸਰ ਕੀਤਾ ਗਿਆ ਸੀ। ਇਸ ਮੌਕੇ ਤੇ ਬੋਲਦਿਆਂ ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਉਨਾਂ ਦੀ ਜ਼ਿੰਦਗੀ ਦਾ ਮੁੱਖ ਮਕਸਦ ਸਫਲ ਬਿਜ਼ਨਸ ਕਰਨ ਦੇ ਨਾਲ ਨਾਲ ਖੇਡਾਂ, ਚਾਹੇ ਉਹ ਹਾਕੀ ਹੋਵੇ, ਚਾਹੇ ਕਬੱਡੀ, ਖਿਡਾਰੀਆਂ ਨੂੰ ਉਤਸ਼ਾਹਿਤ ਕਰਨਾ ਹੀ ਰਿਹਾ ਹੈ, ਉਹ ਨਾ ਸਿਰਫ ਅਜਿਹੇ ਖੇਡ ਮੇਲਿਆਂ ਨੂੰ ਅੱਗੇ ਹੋ ਕੇ ਸਹਿਯੋਗ ਕਰਦੇ ਹਨ ਉਨ੍ਹਾਂ ਦੀ ਅਗਵਾਈ ਹੇਠ ਯੁਨਾਈਟਡ ਸਪੋਰਟਸ ਕਲੱਬ ਵਲੋਂ ਕਰਵਾਇਆ ਜਾਣਾ ਵਾਲਾ ਵਿਸ਼ਵ ਕਬੱਡੀ ਕੱਪ ਵੀ ਦੁਨੀਆਂ ਭਰ ਦੇ ਕਬੱਡੀ ਪ੍ਰੇਮੀਆਂ ਵਿਚ ਖਾਸ ਥਾਂ ਰੱਖਦਾ ਹੈ।

ਮਾਈਕ ਬੋਪਾਰਾਏ ਨੇ ਇਸ ਹਾਕੀ ਟੂਰਨਾਮੈਂਟ ਪ੍ਰਤੀ ਆਪਣੀ ਪ੍ਰਤੀਕ੍ਰਿਆ ਵਿਚ ਕਿਹਾ ਕਿ ਉਹ ਪਹਿਲੇ ਦਿਨ ਤੋਂ ਹੀ ਇਸ ਖੇਡ ਮੇਲੇ ਨਾਲ ਜੁੜੇ ਹੋਏ ਹਨ ਤੇ ਜਦੋਂ ਤੱਕ ਇਹ ਹਾਕੀ ਟੂਰਨਾਮੈਂਟ ਜਾਰੀ ਰਹੇਗਾ ਉਹ ਯਤਨ ਕਰਨਗੇ ਕਿ ਹਾਕੀ ਦੀ ਪ੍ਰਫੁੱਲਤਾ ਲਈ ਸਹਿਯੋਗ ਦਿੰਦੇ ਰਹਿਣ।

ਜਿਹੜੀ ਗੱਲ ਇਸ ਫੀਲਡ ਹਾਕੀ ਟੂਰਨਾਮੈਂਟ ਦੀ ਵੱਖਰੀ ਤੇ ਵਿਚਾਰਨਯੋਗ ਸੀ ਉਹ ਇਹ ਕਿ ਐਸਟੋਟਰਫ ਤੇ ਹੋਣ ਵਾਲੇ ਇਹਨਾਂ ਖੇਡ ਮੁਕਾਬਲਿਆਂ ਵਿਚ ਖਿਡਾਰੀਆਂ ਨੇ ਜਿਸ ਖੇਡ ਦਾ ਪ੍ਰਦਰਸ਼ਨ ਕੀਤਾ ਉਹ ਰੰਗ ਕਦੇ ਕਦੇ ਉਲੰਪਿਕ ਜਾਂ ਏਸ਼ੀਆਈ ਖੇਡਾਂ ਵਿਚ ਵੇਖਣ ਨੂੰ ਮਿਲਦਾ ਹੈ। ਇਸ ਟੂਰਨਾਮੈਂਟ ਵਿਚ ਉਚੇਚੇ ਤੌਰ ਤੇ ਲੈਥਰੌਪ ਦੇ ਪੰਜਾਬੀ ਮੇਅਰ ਸਨੀ ਧਾਲੀਵਾਲ ਨੇ ਇਸ ਹਾਕੀ ਖੇਡ ਮੇਲੇ ਦੀ ਪ੍ਰਸ਼ੰਸਾ ਕਰਦਿਆਂ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਵਾਅਦਾ ਵੀ ਕੀਤਾ। ਪੰਜਾਬ ਪੁਲਿਸ ਜਲੰਧਰ ਤੋਂ ਐੱਸ.ਪੀ. ਕੁਲਵੰਤ ਸਿੰਘ ਹੀਰ ਵੀ ਉਚੇਚੇ ਤੌਰ 'ਤੇ ਇਸ ਟੂਰਨਾਮੈਂਟ ਵਿਚ ਮਹਿਮਾਨ ਵਜੋਂ ਸ਼ਾਮਿਲ ਹੋਏ।

ਇਨਾਮ ਵੰਡ ਸਮਾਗਮ ਵਿਚ ਕੈਲੇਫੋਰਨੀਆਂ ਦੀਆਂ ਉੱਘੀਆਂ ਸਖਸ਼ੀਅਤਾਂ ਹਾਜ਼ਰ ਸਨ ਜਿਨ੍ਹਾਂ ਵਿਚ ਮੁੱਖ ਪ੍ਰਬੰਧਕ ਗੁਲਵਿੰਦਰ ਸਿੰਘ ਗਾਖਲ, ਨੇਕੀ ਅਟਵਾਲ, ਪਿੰਕੀ ਅਟਵਾਲ, ਜੀਤੂ ਧਾਲੀਵਾਲ ਤੇਜਾ ਛੋਕਰ, ਸੁਰਜੀਤ ਨਿੱਝਰ, ਅਮੋਲਕ ਸਿੰਘ ਗਾਖਲ, ਮੁੱਖ ਮਹਿਮਾਨ ਸੁਰਿੰਦਰ ਸਿੰਘ ਸੋਢੀ, ਕੈਲੇਫੋਰਨੀਆਂ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਅਟਵਾਲ, ਬਲੈਕ ਪ੍ਰਿੰਸ ਮੂਵੀ ਦੇ ਨਿਰਦੇਸ਼ਕ ਕਵੀਰਾਜ, ਜੁਗਰਾਜ ਸਿੰਘ ਸਹੋਤਾ, ਨਰਿੰਦਰ ਸਿੰਘ ਸਹੋਤਾ, ਕਸ਼ਮੀਰ ਸਿੰਘ ਧੁੱਗਾ, ਅਵਤਾਰ ਤਾਰੀ, ਰਘੁਬੀਰ ਸਿੰਘ ਕਬੱਡੀ ਦੀ ਜਿੰਦ ਜਾਨ ਰਹੇ ਤੀਰਥ ਗਾਖਲ, ਤੇਜਿੰਦਰ ਦੁਸਾਂਝ, ਜੌਹਨ ਸਿੰਘ ਗਿੱਲ, ਜਗਤਾਰ ਸਿੰਘ ਸਹੋਤਾ, ਅਮਰੀਕ ਸਿੰਘ ਦੋਸਾਂਝ, ਟੀ.ਜੇ. ਉੱਪਲ, ਕਮਲ ਸਿੰਘ ਨਿੱਝਰ, ਅਮਨ ਸੰਧੂ, ਪਾਲਾ ਸਿੰਘ, ਚੰਨੀ ਸਿੰਘ, ਗਾਗੋ ਪੰਨੂੰ, ਪੀਟਰ ਪੰਨੂ, ਜਗੀ ਸਿੰਘ, ਰੂਬੀ ਸਿੰਘ, ਸ਼ਿੰਦਾ ਸਿੰਘ, ਜੌਹਨ ਫੁਰਟਾਂਡੋ, ਜੱਸੀ ਸਿੰਘ, ਸ਼ੌਕਤ ਅਲੀ, ਕੁਲਵਿੰਦਰ ਸਿੰਘ ਲੱਲੀ, ਰਾਣਾ ਲਾਈਵ ਓਕ, ਅਵਤਾਰ ਸਿੰਘ ਸਹੋਤਾ, ਮਾਈਕ ਗਿੱਲ, ਅਮਰਜੀਤ ਸਿੰਘ ਦੁਲਾਈ, ਅਨੂਪ ਸਿੰਘ ਚੀਮਾ, ਜੋਗਿੰਦਰ ਸਿੰਘ ਪੁਰੇਵਾਲ, ਰਣਜੀਤ ਸਿੰਘ, ਕਾਕਾ ਸਿੰਘ, ਬੱਲੀ ਸਿੰਘ, ਗੱਬਰ ਸਿੰਘ ਕੈਨੇਡਾ, ਜਸਮੀਤ ਸਿੰਘ ਤਾਰਾ ਸਿੰਘ, ਅਨਿਲ ਸਿੰਘ ਅਤੇ ਹੋਰ ਅਨੇਕਾਂ ਸਖਸ਼ੀਅਤਾਂ ਹਾਜ਼ਰ ਸਨ। ਪ੍ਰਬੰਧਕਾਂ ਵਲੋਂ ਆਪਣੇ ਸਾਰੇ ਸਪਾਂਸਰਜ਼ ਨੂੰ ਸਨਮਾਨ ਚਿੰਨ੍ਹ ਪ੍ਰਦਾਨ ਕਰਕੇ ਇਸ ਟੂਰਨਾਮੈਂਟ ਵਿਚ ਸਹਿਯੋਗ ਦੇਣ ਲਈ ਰੱਜ ਕੇ ਸਤਿਕਾਰ ਦਿੱਤਾ ਗਿਆ। 'ਦੇਸ਼ ਦੁਆਬਾ' ਅਖਬਾਰ ਅਤੇ 'ਸਾਡੇ ਲੋਕ' ਅਖਬਾਰਾਂ ਦੇ ਮੁੱਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਅਤੇ ਸਤਨਾਮ ਸਿੰਘ ਖਾਲਸਾ ਦੀ ਮੌਜੂਦਗੀ ਅਤੇ ਗਰਵ ਪੰਜਾਬ ਟੀ.ਵੀ ਵਲੋਂ ਜਗਦੇਵ ਸਿੰਘ ਭੰਡਾਲ ਅਤੇ ਐੱਸ.ਅਸ਼ੋਕ ਭੌਰਾ ਦੀ ਟੀਮ ਵਲੋਂ ਇਸ ਹਾਕੀ ਟੂਰਨਾਮੈਂਟ ਦਾ ਪ੍ਰਸਾਰਣ ਗਰਵ ਟੀ.ਵੀ. ਅਤੇ ਫੇਸਬੁੱਕ 'ਤੇ ਕੀਤਾ ਗਿਆ। ਪ੍ਰਬੰਧਕਾਂ ਨੇ ਸਮੂਹਿਕ ਤੌਰ ਤੇ ਅਗਲੇ ਵਰ੍ਹੇ ਇਸ ਹਾਕੀ ਟੂਰਨਾਮੈਂਟ ਨੂੰ ਹੋਰ ਵੀ ਵੱਡੇ ਪੱਧਰ ਤੇ ਕਰਵਾਏ ਜਾਣ ਦਾ ਐਲਾਨ ਵੀ ਕੀਤਾ।

**– ਐੱਸ.ਅਸ਼ੋਕ.ਭੌਰਾ**

# ਪੰਜਾਬੀ ਲੇਖਕ ਸਭਾ (ਜਲੰਧਰ) ਵੱਲੋਂ ਲਾਲ ਸਿੰਘ ਦਸੂਹਾ ਦੇ ਕਹਾਣੀ ਸੰਗ੍ਰਹਿ 'ਸੰਸਾਰ' 'ਤੇ ਵਿਚਾਰ ਗੋਸ਼ਟੀ

**ਜਲੰਧਰ- ਲੰਘੇ** ਐਤਵਾਰ 13 ਮਈ ਨੂੰ ਪੰਜਾਬੀ ਲੇਖਕ ਸਭਾ (ਰਜਿ.) ਜਲੰਧਰ ਸਥਾਨਕ ਦੇਸ਼ ਭਗਤ ਯਾਦਗਾਰ ਵਿਖੇ ਉਘੇ ਕਹਾਣੀ ਕਾਰ ਲਾਲ ਸਿੰਘ ਦਸੂਹਾ ਦੇ ਕਹਾਣੀ ਸੰਗ੍ਰਹਿ 'ਸੰਸਾਰ' ਤੇ ਪਿਆਰਾ ਸਿੰਘ ਭੋਗਲ ਦੀ ਪ੍ਰਧਾਨਗੀ ਹੇਠ ਵਿਚਾਰ ਗੋਸ਼ਟੀ ਕਰਵਾਈ ਗਈ। ਪ੍ਰਧਾਨਗੀ ਮੰਡਲ ਵਿਚ ਸਭਾ ਦੇ ਪ੍ਰਧਾਨ ਪ੍ਰੋ. ਹਰਜਿੰਦਰ ਸਿੰਘ ਅਟਵਾਲ, ਜਨਰਲ ਸਕੱਤਰ ਗੁਰਮੀਤ, ਕਹਾਣੀਕਾਰ ਲਾਲ ਸਿੰਘ ਦਸੂਹਾ ਅਤੇ ਪਰਚਾਕਾਰ ਡਾ. ਜੇ.ਬੀ.ਸੇਖੋਂ ਸ਼ਸ਼ੋਭਿਤ ਸਨ। ਵਿਚਾਰ ਗੋਸ਼ਟੀ ਵਿਚ ਪੇਪਰ ਪੇਸ਼ ਕਰਦਿਆਂ ਡਾ. ਜੇ.ਬੀ. ਸੇਖੋਂ ਨੇ ਮੁੱਖ ਰੂਪ ਵਿਚ ਕਿਹਾ ਕਿ, ਲਾਲ ਸਿੰਘ ਸਮਕਾਲੀ ਪੰਜਾਬੀ ਕਹਾਣੀ ਦਾ ਵਿਸ਼ੇਸ਼ ਨਾਮ ਹੈ। ਉਹ ਚੌਥੇ ਪੜਾਅ ਦੀ ਪੰਜਾਬੀ ਕਹਾਣੀ ਦੇ ਵੱਖਰੇ ਰੁਝਾਨਾਂ ਵਿਚ ਪ੍ਰਤੀਨਿਧੀ ਭੂਮਿਕਾ ਨਿਭਾ ਰਿਹਾ ਹੈ।

ਲਾਲ ਸਿੰਘ ਪ੍ਰੌੜ ਉਮਰ ਦਾ ਕਥਾਕਾਰ ਹੈ ਪਰ ਉਸਦੀ ਕਥਾ ਚੇਤਨਾ ਵਿਚ ਉਹ ਸਭ ਕੁਝ ਹੈ ਜੋ ਕਿ ਚੌਥੇ ਪੜਾਅ ਦੇ ਨੌਜਵਾਨ ਕਹਾਣੀਕਾਰਾਂ ਦੀਆਂ ਰਚਨਾਵਾਂ ਵਿਚ ਮੌਜੂਦ ਹੈ। ਚੌਥੇ ਪੜਾਅ ਦੀ ਕਹਾਣੀ ਜਿਸ ਕਿਸਮ ਦੇ ਟਾਕਰਵੇਂ ਵਿਚਾਰਾਂ,ਪਾਤਰਾਂ ਦੇ ਵਿਸਫੋਟਕ ਉਚਾਰ ਅਤੇ ਲੁਕੇ ਸਮਾਜਿਕ ਯਥਾਰਥ ਨੂੰ ਆਪਣੇ ਨਿਵੇਕਲੇ ਸ਼ਿਲਪ ਵਿਧਾਨ ਵਿਚ ਪੇਸ਼ ਕਰ ਰਹੀ ਹੈ ਲਾਲ ਸਿੰਘ ਦੀ ਕਹਾਣੀ ਇਸਦਾ ਪ੍ਰਮਾਣ ਹੈ। ਉਸਦੀ ਦ੍ਰਿਸ਼ਟੀ ਮਾਰਕਸੀ ਵਿਚਾਰਧਾਰਾ ਵਾਲੀ ਹੈ।

ਉਹ ਮਾਰਕਸੀ ਪ੍ਰਗਤੀਵਾਦੀ ਸਿਧਾਂਤ ਦੀ ਮੌਖਿਕ ਅਤੇ ਕੱਟੜਤਾ ਵਾਲੀ ਗਲਪੀ ਦ੍ਰਿਸ਼ਟੀ ਦਾ ਪੂਜਕ ਨਹੀਂ ਸਗੋਂ ਕਾਰਪੋਰੇਟ ਸੈਕਟਰ ਦੀ ਸੱਤਾ ਨਾਲ ਸਾਂਝ ਭਿਆਲੀ ਦੇ ਯੁੱਗ ਵਿਚ ਲੋਕ ਹਿਤੂ ਸਿਧਾਂਤਾਂ ਦੀ ਪ੍ਰਸੰਗਿਕਤਾ ਨੂੰ ਸੰਵਾਦ ਦੇ ਨਜ਼ਰੀਏ ਤੋਂ ਪੇਸ਼ ਕਰਨ ਵਾਲਾ ਲੇਖਕ ਹੈ। ਉਨ੍ਹਾਂ ਕਿਹਾ ਕਿ ਲਾਲ ਸਿੰਘ ਪੂੰਜੀਵਾਦੀ ਵਿਸ਼ਵੀਕਰਣ ਦੀਆਂ ਤਿੱਖੀਆਂ ਅਲਾਮਤਾਂ ਦਾ ਜਾਣਕਾਰ ਹੀ ਨਹੀਂ ਸਗੋਂ ਭੇਤੀ ਵੀ ਹੈ। ਪੂੰਜੀਵਾਦੀ ਵਿਸ਼ਵੀਕਰਣ ਜਿਸ ਕਿਸਮ ਦੇ ਸੰਕਟ ਲੈ ਕੇ ਪੰਜਾਬੀ ਸਭਿਆਚਾਰ ਵਿਚ ਦਾਖ਼ਿਲ ਹੁੰਦਾ ਹੈ ਇਸ ਵਰਤਾਰੇ ਨੂੰ ਸਮਕਾਲੀ ਦੀ ਕਹਾਣੀ ਵਿਚ ਲਾਲ ਸਿੰਘ ਵਰਗੇ ਕਥਾਕਾਰ ਚਿੰਤਨ ਦੀ ਪੱਧਰ 'ਤੇ ਜਾ ਕੇ ਪੇਸ਼ ਕਰਦੇ ਹਨ। ਵਰਤਮਾਨ ਦੀ ਕਹਾਣੀ ਪੰਜਾਬ ਦੇ ਇਸੇ ਸਮਾਜੀ ਯਥਾਰਥ ਦੇ ਰੂ ਬ ਰੂ ਹੈ ਜਿਸ ਵਿਚ ਕਾਰੋਪਰੇਟ ਸੈਕਟਰ ਦੇ ਖਪਤਵਾਦੀ ਰੁਝਾਨਾਂ ਨੇ ਪੰਜਾਬੀ ਲੋਕਾਂ ਨੂੰ ਸਭਿਆਚਾਰ ਦੇ ਉਸਾਰੂ ਜੀਵਨ ਮੁੱਲਾਂ ਤੋਂ ਵਿਛੁੰਨ ਕੇ ਪਦਾਰਥਵਾਦੀ, ਉਪਭੋਗੀ ਅਤੇ ਵਿਅਕਤੀਵਾਦੀ ਅਲਾਮਤਾਂ ਨਾਲ ਜੋੜ ਦਿੱਤਾ ਹੈ।



ਵਿਚਾਰ ਗੋਸ਼ਟੀ ਦੌਰਾਨ ਡਾ. ਭੁਪਿੰਦਰ ਕੌਰ, ਪ੍ਰਿੰਸੀਪਲ ਜਨਮੀਤ, ਡਾ. ਕਰਮਜੀਤ ਸਿੰਘ, ਡਾ. ਸੁਖਵਿੰਦਰ ਸਿੰਘ ਰੰਧਾਵਾ, ਮਦਨ ਵੀਰਾ ਅਤੇ ਬਲਦੇਵ ਬੱਲੀ ਹੋਰਾਂ ਬਹਿਸ ਵਿਚ ਹਿੱਸਾ ਲਿਆ।

ਸਮਾਗਮ ਦੀ ਪ੍ਰਧਾਨਗੀ ਕਰ ਰਹੇ ਪ੍ਰੋ. ਪਿਆਰਾ ਸਿੰਘ ਭੋਗਲ ਨੇ ਕਿਹਾ ਕਿ ਅਜਿਹੀਆਂ ਚਰਚਾਵਾਂ ਹੀ ਪੰਜਾਬੀ ਕਹਾਣੀ ਨੂੰ ਸਹੀ ਦਿਸ਼ਾ ਪ੍ਰਦਾਨ ਕਰ ਸਕਦੀਆਂ ਹਨ। ਉਪਰੰਤ ਡਾ. ਕੀਰਤੀ ਕੇਸਰ ਦੀ 'ਪਾਸ਼ ਕਾ ਸਾਹਿਤ', ਕੰਵਲ ਭੱਲਾ ਦੀ 'ਸਾਹਿਤ ਅਧਿਐਨ ਤੇ ਆਲੋਚਨਾ' ਅਤੇ ਪਰਗਟ ਸਿੰਘ ਰੰਧਾਵਾ ਦੀ 'ਸਧਰਾਂ ਦਾ ਗੁਲਦਸਤਾ' ਪੁਸਤਕਾਂ ਵੀ ਰਿਲੀਜ਼ ਕੀਤੀਆਂ ਗਈਆਂ। ਇਨ੍ਹਾਂ ਪੁਸਤਕਾਂ ਦੀ ਜਾਣ ਪਛਾਣ ਕਰਮਵਾਰ ਡਾ. ਲਖਵਿੰਦਰ ਜੌਹਲ, ਡਾ. ਸੁਖਵਿੰਦਰ ਸੰਘਾ ਅਤੇ ਪ੍ਰੋ. ਗੋਪਾਲ ਬੁੱਟਰ ਨੇ ਹੋਰਾਂ ਕਰਵਾਈ।

ਸਟੇਜ ਸੰਚਾਲਕ ਦੀ ਭੂਮਿਕਾ ਡਾ. ਓਮਿੰਦਰ ਜੌਹਲ ਹੋਰਾਂ ਸੁਚਾਰੂ ਢੰਗ ਨਾਲ ਨਿਭਾਈ।

**ਜਾਰੀ ਕਰਤਾ- ਕੇਸਰ, ਪ੍ਰੈਸ ਸਕੱਤਰ**

# ਪੰਜਾਬੀ ਲੇਖਕ ਸਭਾ (ਰਜਿ.) ਜਲੰਧਰ ਦੀ ਨਵ ਗਠਿਤ ਟੀਮ- ਡਾ.ਹਰਜਿੰਦਰ ਸਿੰਘ ਅਟਵਾਲ ਪ੍ਰਧਾਨ ਤੇ ਡਾ.ਓਮਿੰਦਰ ਜੌਹਲ ਜਨਰਲ ਸਕੱਤਰ ਬਣੇ

**ਜਲੰਧਰ:-** ਬੀਤੇ ਦਿਨੀਂ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਪੰਜਾਬੀ ਲੇਖਕ ਸਭਾ (ਰਜਿ.) ਜਲੰਧਰ ਦੀ ਸਾਲਾਨਾ ਮੀ-ਟਿੰਗ ਸਭਾ ਦੇ ਪ੍ਰਧਾਨ ਹਰਜਿੰਦਰ ਸਿੰਘ ਅਟਵਾਲ ਦੀ ਪ੍ਰਧਾਨਗੀ ਹੇਠ ਹੋਈ। ਸਾਲ ਭਰ ਦੀਆਂ ਸਰਗਰਮੀਆਂ ਦੀ ਰਿਪੋਰਟ ਸਭਾ ਦੇ ਜਨਰਲ ਸਕੱਤਰ ਗੁਰਮੀਤ ਨੇ ਪੇਸ਼ ਕੀਤੀ।

ਹਿੰਦੋਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ ਵੱਲੋਂ ਪ੍ਰਕਾਸ਼ਤ ਕੀਤੀ ਪੁਸਤਕ 'ਗ਼ਦਰੀਆਂ ਦੀ ਪੁਕਾਰ' ਰਿਲੀਜ਼ ਸਮਾਰੋਹ ਤੋਂ ਇਲਾਵਾ ਅਮੋਲਕ ਸਿੰਘ ਵੱਲੋਂ ਸੰਪਾਦਤ 'ਕਿਰਤੀ ਕਾਵਿ' ਡਾ. ਲਖਵਿੰਦਰ ਸਿੰਘ ਜੌਹਲ ਦੀ ਕਾਵਿ ਪੁਸਤਕ 'ਬਹਿਸ ਤੋਂ ਬੇਖ਼ਬਰ' ਬਲਬੀਰ ਪਰਵਾਨਾ ਦੇ ਨਾਵਲ 'ਸਿਮਟਦਾ ਆਕਾਸ਼' ਅਤੇ ਲਾਲ ਸਿੰਘ ਦਸੂਹਾ ਦੇ ਕਹਾਣੀ ਸੰਗ੍ਰਹਿ 'ਸੰਸਾਰ' 'ਤੇ ਕਰਵਾਈਆਂ ਗਈਆਂ ਵਿਚਾਰ ਗੋਸ਼ਟੀਆਂ 'ਤੇ ਤਸੱਲੀ ਪ੍ਰਗਟ ਕੀਤੀ ਗਈ। ਸਮਾਗਮਾਂ ਦੌਰਾਨ ਰਹਿ ਗਈਆਂ ਤਰੁੱਟੀਆਂ ਨੂੰ ਦੂਰ ਕਰਨ ਦਾ ਫੈਸਲਾ ਕੀਤਾ ਗਿਆ।

ਉਪਰੰਤ ਅਗਲੇ ਸਾਲ ਲਈ ਨਵੀਂ ਕਾਰਜਕਾਰੀ ਟੀਮ ਦਾ ਗਠਨ ਕੀਤਾ ਗਿਆ, ਜਿਸ ਵਿਚ ਹਰਜਿੰਦਰ ਸਿੰਘ ਅਟਵਾਲ ਪ੍ਰਧਾਨ, ਬਲਬੀਰ ਪਰਵਾਨਾ ਸੀਨੀਅਰ ਮੀਤ ਪ੍ਰਧਾਨ, ਗੁਰਮੀਤ ਮੀਤ ਪ੍ਰਧਾਨ, ਡਾ. ਓਮਿੰਦਰ ਜੌਹਲ ਜਨਰਲ ਸਕੱਤਰ, ਡਾ. ਓਮਿੰਦਰ ਜੌਹਲ ਜਨਰਲ ਸਕੱਤਰ, ਨਰਾਇਣ ਸਿੰਘ ਵਿੱਤ ਸਕੱਤਰ, ਕੇਸਰ ਪ੍ਰੈਸ ਸਕੱਤਰ ਅਤੇ ਡਾ. ਨਿਰਮਲਜੀਤ ਕੌਰ ਨੂੰ ਸਕੱਤਰ ਨਿਯੁਕਤ ਕੀਤਾ ਗਿਆ।

ਇਹ ਜਾਣਕਾਰੀ ਪ੍ਰੈਸ ਨਾਲ ਸਾਂਝੀ ਕਰਦਿਆਂ ਸਭਾ ਦੇ ਪ੍ਰਧਾਨ ਡਾ. ਹਰਜਿੰਦਰ ਸਿੰਘ ਅਟਵਾਲ, ਜਨਰਲ ਸਕੱਤਰ ਡਾ. ਓਮਿੰਦਰ ਜੌਹਲ ਅਤੇ ਪ੍ਰੈਸ ਸਕੱਤਰ ਕੇਸਰ ਨੇ ਕਿਹਾ ਸਭਾ ਪ੍ਰੋ. ਪਿਆਰਾ ਸਿੰਘ ਭੋਗਲ ਅਤੇ ਡਾ. ਵਰਿਆਮ ਸਿੰਘ ਸੰਧੂ ਦੀ ਸਰਪ੍ਰਸਤੀ ਹੇਠ ਕਾਰਜਸ਼ੀਲ ਰਹੇਗੀ।

ਸਭਾ ਦੀ ਕਾਰਜਕਾਰੀ ਟੀਮ ਵਿਚ ਸ਼੍ਰੀ ਸਤਨਾਮ ਮਾਣਕ, ਡਾ. ਜਸਪਾਲ ਸਿੰਘ ਰੰਧਾਵਾ, ਡਾ. ਲਖਵਿੰਦਰ ਜੌਹਲ, ਡਾ. ਨਵਜੋਤ, ਬਲਬੀਰ ਮਾਧੋਪੁਰੀ, ਕੰਵਲ ਭੱਲਾ, ਡਾ. ਸੁਰਿੰਦਰ ਸਿੰਘ ਸਿੱਧੂ ਅਤੇ ਸਵਰਨ ਸਿੰਘ ਟਹਿਣਾ ਸ਼ਾਮਲ ਕੀਤੇ ਗਏ ਹਨ।

**ਜਾਰੀ ਕਰਤਾ- ਕੇਸਰ, ਪ੍ਰੈਸ ਸਕੱਤਰ**

# Vaisakhi Mela 2018

## ਵਿਸਾਖੀ ਮੇਲਾ 2018



ਪੰਜਾਬੀ ਅਮੈਰਿਕਨ ਸਿੱਖ ਸੁਸਾਇਟੀ (ਪੀ. ਏ. ਐਸ. ਐਸ.) ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਵਿਸਾਖੀ ਮੇਲਾ 2 ਜੂਨ 2018 ਨੂੰ ਸ਼ਾਮੀ 5 ਵਜੇ ਤੋਂ 10 ਵਜੇ ਰਾਤ ਤੱਕ ਬੜੀ ਧੂੰਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਸਮੂਹ, ਪੰਜਾਬੀਆਂ, ਬੀਬੀਆਂ, ਭੈਣਾਂ, ਬੱਚਿਆਂ ਨੂੰ ਬੇਨਤੀ ਹੈ ਕਿ ਉਹ ਪੂਰੇ ਉਤਸ਼ਾਹ ਨਾਲ ਇਸ ਸਭਿਆਚਾਰਕ ਅਤੇ ਵਿਰਾਸਤੀ ਤਿਉਹਾਰ ਨੂੰ ਮਨਾਉਣ ਲਈ ਹੁੰਮ-ਹੁੰਮਾ ਕੇ ਵਿਸਾਖੀ ਮੇਲੇ ਦਾ ਆਨੰਦ ਮਾਨਣ ਲਈ ਪਹੁੰਚੋ।

**Presented by Punjabi American Sikh Society (P.A.S.S.)**




**Music, Food, Culture, Dance Performances, Raffle, Entertainment**

**Location: 1500 South Jachson St., Red Bluff, CA 96080**

**Date: June 2nd, 2018**
**Time: 5 P.M.- 10 P.M.**

**For particapation or more information call:**

Jatinder Thiara (530-936-4185), Davinder Badwal (916-662-4943), Major Singh (530-514-2485), Balwinder Johal (530-646-7369), Tarsem Singh (530-227-0436)



# SUNSHINE AUTO CARE INC.

DBA

# PHILLIPS AUTO CARE

## Auto Services:

* Oil Change Services
* Factory Scheduled Maintenance
* Transmission Repair / Replacement
* 4WD Repairs Clutch Replacement
* Power Door Lock & Windows Repairs
* Electrical / Battery Service & Repair
* Engine Diagnostic Service
* Air Conditioning Service & Repair
* Cooling System Service & Repair
* Major Engine Repair
* Brake Repairs
* And Much More...

## Trucks & Trailers Services:

* DPF Filter Cleaning
* Clutch
* Computer Check
* Transmission
* Differential
* New / Use Tires
* Inspections
* Oil changes
* Van/Reefer Work
* Wheel Balancing
* Truck & Trailer Repair
* All Major & Minor Repairs
* We Do Aluminium Welding



ਅਸੀਂ ਕਸਟਮਰ ਨੂੰ ਪਿਕ ਅਪ ਅਤੇ ਡਰੋਪ ਵੀ ਕਰਦੇ ਹਾਂ

hablamos español

We Speak English, Spanish & Punjabi

ਅਸੀਂ ਪੰਜਾਬੀ ਤੇ ਸਪੈਨਿਸ਼ ਵੀ ਬੋਲਦੇ ਹਾਂ

We Provide Towing & 24/7 Mobile Road Services For All Autos, Trucks & Trailers

Open Monday to Saturday

**ACCEPTED HERE**

Com-Check
T-Check
EFS Check
VISA, MasterCard, American Express, Discover

**We Provide All Autos, Trucks & Trailers Repair**





**Contact: Deep Suman: (408) 561-1846, (209) 239-1551 (24/7 Available)**

**Address: 1003 Moffat Blvd, Manteca CA 95336**